**ਬੀ. ਏ. ਭਾਗ ਪਹਿਲਾ** **ਰਾਜਨੀਤੀ ਵਿਗਿਆਨ**

**(ਸਮੈਸਟਰ ਪਹਿਲਾ)**

**ਯੂਨਿਟ ਨੰ. 2** **ਸੈਕਸਨ-ਬੀ**

**ਪਾਠ ਨੰ.:**


2.1 : ਰਾਜ : ਉਦਾਰਵਾਦੀ ਅਤੇ ਮਾਰਕਸਵਾਦੀ ਦ੍ਰਿਸ਼ਟੀਕੋਣ

2.2 : ਰਾਜ ਦੇ ਕਾਰਜਾਂ ਦਾ ਉਦਾਰਵਾਦੀ ਸਿਧਾਂਤ

2.3 : ਰਾਜ ਦੇ ਕਾਰਜਾਂ ਦਾ ਸਮਾਜਵਾਦੀ ਸਿਧਾਂਤ

2.4 : ਪ੍ਰਭੂੱਸਤਾ – ਅਰਥ, ਪਰਿਭਾਸ਼ਾ, ਮੁੱਖ ਲੱਛਣ ਅਤੇ ਕਿਸਮਾਂ

2.5 : ਪ੍ਰਭੂਸੱਤਾ ਦਾ ਇਕਵਾਦੀ ਅਤੇ ਬਹੁਵਾਦੀ ਸਿਧਾਂਤ



ਡਿਸਟੈਂਸ ਐਜੂਕੇਸ਼ਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ



(ਸਭ ਹੱਕ ਰਾਖਵੇਂ ਹਨ)

**ਪਾਠ ਨੰਬਰ : 2.1** **ਲੇਖਿਕਾ : ਡਾ. ਰਵਿੰਦਰ ਕੌਰ**

# ਰਾਜ : ਉਦਾਰਵਾਦੀ ਅਤੇ ਮਾਰਕਸਵਾਦੀ ਦ੍ਰਿਸ਼ਟੀਕੋਣ
## (State : Liberal and Marxian Views)

2.1.1 ਪਾਠ ਦਾ ਉਦੇਸ਼
2.1.2 ਭੂਮਿਕਾ
2.1.3 ਰਾਜ ਦਾ ਉਦਾਰਵਾਦੀ ਦ੍ਰਿਸ਼ਟੀਕੋਣ
2.1.4 ਰਾਜ ਦਾ ਮਾਰਕਸਵਾਦੀ ਦ੍ਰਿਸ਼ਟੀਕੋਣ
2.1.5 ਸਾਰੰਸ਼
2.1.6 ਸਵੈ ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ
2.1.7 ਸੁਝਾਈਆਂ ਪੁਸਤਕਾਂ

### 2.1.1 ਪਾਠ ਦਾ ਉਦੇਸ਼ (Objectives of the Lesson) :

ਇਸ ਪਾਠ ਦਾ ਮੰਤਵ ਤੁਹਾਨੂੰ ਰਾਜ ਦੇ ਉਦਾਰਵਾਦੀ ਅਤੇ ਮਾਰਕਸਵਾਦੀ ਦ੍ਰਿਸ਼ਟੀਕੋਣ ਦੀ ਜਾਣਕਾਰੀ ਕਰਵਾਉਣਾ ਹੈ। ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਤੁਸੀਂ ਦੱਸ ਸਕੋਗੇ ਕਿ :

* ਉਦਾਰਵਾਦੀ ਅਤੇ ਮਾਰਕਸਵਾਦੀ ਦ੍ਰਿਸ਼ਟੀਕੋਣ ਅਧੀਨ ਰਾਜ ਦੀ ਕੀ ਧਾਰਨਾ ਹੈ?
* ਤੁਸੀਂ ਇਹਨਾਂ ਦੋਹਾਂ ਦ੍ਰਿਸ਼ਟੀਕੋਣਾਂ ਦਾ ਆਲੋਚਨਾਤਮਕ ਮੁਲਾਂਕਣ ਵੀ ਕਰ ਸਕੋਗੇ।

### 2.1.2 ਭੂਮਿਕਾ (Introduction) :

ਰਾਜ ਕਿਵੇਂ ਹੋਂਦ ਵਿਚ ਆਇਆ ਤੇ ਇਸ ਦਾ ਉਦੇਸ਼ ਕੀ ਹੈ? ਇਸ ਬਾਰੇ ਦੋ ਉੱਘੇ ਤੇ ਬਹੁਚਰਚਿਤ ਦ੍ਰਿਸ਼ਟੀਕੋਣ ਹਨ : **ਉਦਾਰਵਾਦੀ** ਅਤੇ **ਮਾਰਕਸਵਾਦੀ ਦ੍ਰਿਸ਼ਟੀਕੋਣ**। ਇਹਨਾਂ ਦੋਹਾਂ ਦ੍ਰਿਸ਼ਟੀਕੋਣਾਂ ਦੇ ਸਮਰਥਕ ਆਪਣੀਆਂ-ਆਪਣੀਆਂ ਦਲੀਲਾਂ ਦੇ ਕੇ ਇਹ ਸਿੱਧ ਕਰਨਾ ਚਾਹੁੰਦੇ ਹਨ ਕਿ ਰਾਜ ਦੀ ਹੋਂਦ ਜ਼ਰੂਰੀ ਹੈ ਵੀ ਕਿ ਨਹੀਂ। ਇਸ ਪਾਠ ਵਿਚ ਅਸੀਂ ਇਹਨਾਂ ਵਿਚਾਰਾਂ ਤੇ ਹੀ ਵਿਸਥਾਰ ਸਹਿਤ ਚਰਚਾ ਕਰਾਂਗੇ। ਸਭ ਤੋਂ ਪਹਿਲਾਂ ਅਸੀਂ ਉਦਾਰਵਾਦ ਬਾਰੇ ਚਰਚਾ ਕਰਾਂਗੇ।

### 2.1.3 ਰਾਜ ਦਾ ਉਦਾਰਵਾਦੀ ਦ੍ਰਿਸ਼ਟੀਕੋਣ (Liberal View of the State):

ਉਦਾਰਵਾਦ ਮੱਧਕਾਲ ਦੇ ਰਾਜਨੀਤਿਕ, ਆਰਥਿਕ ਅਤੇ ਧਾਰਮਿਕ ਨਿਰੰਕੁਸ਼ਵਾਦ ਦੇ ਪ੍ਰਤੀਕਰਮ ਵਜੋਂ ਹੋਂਦ ਵਿਚ ਆਈ ਉਹ ਧਾਰਨਾ ਹੈ, ਜੋ ਜੀਵਨ ਦੇ ਸਾਰੇ ਹੀ ਖੇਤਰਾਂ ਵਿਚ ਉਦਾਰ (Liberal) ਰਵਈਆ ਅਪਨਾਉਣ ਦੀ ਅਤੇ *ਵਿਅਕਤੀ ਨੂੰ ਵੱਧ ਤੋਂ ਵੱਧ ਸੁਤੰਤਰਤਾ* ਦੇਣ ਦਾ ਸਮਰਥਨ ਕਰਦੀ ਹੈ ਤਾਂ ਕਿ ਉਸ ਦਾ ਸਰਬਪੱਖੀ ਵਿਕਾਸ ਸੰਭਵ ਹੋ ਸਕੇ। ਉਦਾਰਵਾਦੀ ਰਾਜ ਨੂੰ ਮਨੁੱਖ ਦੁਆਰਾ ਬਣਾਈ ਗਈ ਸੰਸਥਾ ਮੰਨਦੇ ਹਨ। ਉਹਨਾਂ ਦਾ ਮੱਤ ਹੈ ਕਿ ਰਾਜ ਇਕ ਅਜਿਹੀ ਬਣਾਵਟੀ ਸੰਸਥਾ ਹੈ, ਜਿਸ ਨੂੰ ਮਨੁੱਖ ਨੇ ਕੁਝ ਖਾਸ ਮੰਤਵਾਂ ਜਿਵੇਂ ਕਿ ਸਮਾਜ ਵਿਚ ਕਾਨੂੰਨ ਤੇ ਵਿਵਸਥਾ ਕਾਇਮ ਕਰਨ ਲਈ ਅਤੇ ਵਿਅਕਤੀਗਤ ਅਧਿਕਾਰਾਂ ਤੇ ਸੁਤੰਤਰਤਾਵਾਂ ਦੀ ਸੁਰਖਿਆ ਕਰਨ ਲਈ ਸਥਾਪਿਤ ਕੀਤਾ। ਉਦਾਰਵਾਦ ਦੇ ਸਾਰੇ ਦਰਸ਼ਨ ਦਾ ਆਧਾਰਭੂਤ ਸਿਧਾਂਤ ਹੈ, **ਵਿਅਕਤੀਵਾਦ (Individualism)** ਭਾਵ ਵਿਅਕਤੀ ਦੇ ਹਿੱਤਾਂ, ਅਧਿਕਾਰਾਂ ਤੇ ਸੁਤੰਤਰਤਾਵਾਂ ਦੀ ਸੁਰੱਖਿਆ ਦਾ ਵਿਚਾਰ ਹੈ।

ਉਦਾਰਵਾਦ ਇਕ ਬਹੁਤ ਹੀ ਪੁਰਾਣੀ ਧਾਰਨਾ ਹੈ ਜਿਸ ਦੇ ਆਰੰਭ ਦਾ ਸੰਕੇਤ 17ਵੀਂ ਸਦੀ ਦੇ ਵਿਚਾਰਕਾਂ ਦੀਆਂ ਰਚਨਾਵਾਂ ਵਿਚ ਮਿਲਦਾ ਹੈ। ਇਹ ਇਕ ਵਿਕਾਸਸ਼ੀਲ (Dynamic) ਸਿਧਾਂਤ ਹੈ ਜਿਸ ਨੇ ਪਿਛਲੀਆਂ ਚਾਰ ਸਦੀਆਂ ਵਿਚ ਬਦਲਦੇ

ਹਾਲਤਾਂ ਅਤੇ ਸਮਾਜ ਦੀਆਂ ਲੋੜਾਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਅਨੇਕਾਂ ਵਾਰ ਆਪਣਾ ਸਰੂਪ ਬਦਲਿਆ ਹੈ। ਉਦਾਰਵਾਦ ਨੂੰ ਪ੍ਰਚਲਿਤ ਕਰਨ ਲਈ ਵੱਖ-ਵੱਖ ਸੋਮਿਆਂ ਤੇ ਅਨੇਕਾਂ ਰਾਜਨੀਤਿਕ ਵਿਚਾਰਕਾਂ ਨੇ ਆਪਣਾ ਬਹੁਮੁੱਲਾ ਸਹਿਯੋਗ ਦਿੱਤਾ ਹੈ, ਇਸੇ ਕਰਕੇ ਉਦਾਰਵਾਦ ਦੇ ਸਿਧਾਂਤ ਨੂੰ ਸਥਾਈ ਤੌਰ ਤੇ ਨਿਸ਼ਚਿਤ ਕਰ ਸਕਣਾ ਸੰਭਵ ਨਹੀਂ। ਰਾਜ ਦੇ ਕਾਰਜਾਂ ਸੰਬੰਧੀ ਇਸ ਵਿਚਾਰਧਾਰਾ ਦੇ ਸਿਧਾਂਤਾਂ ਵਿਚ ਵੀ ਸਮੇਂ ਦੇ ਨਾਲ-ਨਾਲ ਮਹੱਤਵਪੂਰਣ ਪਰਿਵਰਤਨ ਆਏ ਹਨ। ਆਪਣੇ ਮੁੱਢਲੇ ਸਰੂਪ ਵਿਚ ਉਦਾਰਵਾਦ ਇਕ ਨਾਕਾਰਾਤਮਕ (Negative) ਸਿਧਾਂਤ ਸੀ ਕਿਉਂਕਿ ਇਹ ਰਾਜ ਨੂੰ ਘੱਟ ਤੋਂ ਘੱਟ ਕੰਮ ਸੌਂਪਣ ਦਾ ਸਮਰਥਕ ਸੀ। ਪਰ 19ਵੀਂ ਸਦੀ ਦੇ ਪਿਛਲੇ ਅੱਧ ਅਤੇ 20ਵੀਂ ਸਦੀ ਵਿਚ ਉਦਾਰਵਾਦ ਦਾ ਸਰੂਪ ਸਾਕਾਰਾਤਮਕ ਹੋ ਗਿਆ ਅਤੇ ਇਸ ਅਧੀਨ ਰਾਜ ਨੂੰ ਵੱਧ ਤੋਂ ਵੱਧ ਕਾਰਜ ਸੌਂਪਣ ਦਾ ਸਮਰਥਨ ਕੀਤਾ ਜਾਣ ਲਗ ਪਿਆ ਅਤੇ ਇਸੇ ਕਾਰਨ ਹੀ ਰਾਜ ਦੇ ਕਲਿਆਣਕਾਰੀ ਸਿਧਾਂਤ (Welfare Theory of the State) ਵਜੋਂ ਵਿਕਸਿਤ ਹੋਇਆ। ਪੁਰਾਤਨ ਜਾਂ ਨਾਕਾਰਾਤਮਕ ਅਤੇ ਆਧੁਨਿਕ ਜਾਂ ਸਾਕਾਰਾਤਮਕ ਉਦਾਰਵਾਦ ਵਿਚ ਅੰਤਰ ਦਾ ਮੁੱਖ ਆਧਾਰ ਇਹ ਧਾਰਨਾ ਹੈ ਕਿ ਵਿਅਕਤੀ ਦੀ ਆਜ਼ਾਦੀ ਉੱਤੇ ਕਿੰਨੇ ਬੰਧਨ ਹੋਣੇ ਚਾਹੀਦੇ ਹਨ? 'ਨਾਕਾਰਾਤਮਕ ਸਿਧਾਂਤ' ਦੇ ਸਮਰਥਕ ਉਦਾਰਵਾਦੀ 'ਬੰਧਨਾਂ ਦੀ ਅਣਹੋਂਦ' (Absence of Restraints) ਨੂੰ ਆਪਣੇ ਸਿਧਾਂਤ ਦਾ ਆਧਾਰ ਬਣਾਉਂਦੇ ਹਨ, ਜਦ ਕਿ ਸਾਕਾਰਾਤਮਕ ਉਦਾਰਵਾਦੀ 'ਯੋਗ ਬੰਧਨਾਂ ਦੀ ਹੋਂਦ' ਨੂੰ ਵਿਅਕਤੀਗਤ ਸੁਤੰਤਰਤਾ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਲਾਜ਼ਮੀ ਮੰਨਦੇ ਹਨ। ਹੁਣ ਅਸੀਂ ਇਹਨਾਂ ਦੋਹਾਂ ਧਾਰਨਾਵਾਂ ਦੇ ਸਮਰਥਕਾਂ ਦੇ ਰਾਜ ਦੇ ਕਾਰਜਾਂ ਸੰਬੰਧੀ ਵਿਚਾਰਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਪ੍ਰਾਪਤ ਕਰਾਂਗੇ।

**2.1.3.1 ਨਾਕਾਰਾਤਮਕ ਜਾਂ ਪੁਰਾਤਨ ਉਦਾਰਵਾਦ (Negative or Classical Liberalism)**

ਜਿਵੇਂ ਕਿ ਅਸੀਂ ਹੁਣੇ ਪਹਿਲਾਂ ਵੀ ਦੱਸਿਆ ਹੈ, ਉਦਾਰਵਾਦ ਦਾ ਪਹਿਲਾ ਪੜਾਅ ਨਾਕਾਰਾਤਮਕ ਜਾਂ ਨਿਖੇਧਾਤਮਕ ਉਦਾਰਵਾਦ ਦਾ ਸੀ ਜੋ ਕਿ ਮੁੱਖ ਤੌਰ ਤੇ ਵਿਅਕਤੀਵਾਦੀ (Individualist) ਸੀ। ਉਦਾਰਵਾਦ ਦੇ ਇਸ ਦੌਰ ਦੇ ਵਿਚਾਰਕ ਵਿਅਕਤੀਗਤ ਸੁਤੰਤਰਤਾ ਤੇ ਰਾਜ ਦੇ ਕਾਨੂੰਨਾਂ ਨੂੰ ਇਕ ਦੂਜੇ ਦਾ ਵਿਰੋਧੀ ਮੰਨਦੇ ਸਨ ਤੇ ਇਹ ਵੀ ਕਿ ਜਿੰਨੇ ਘੱਟ ਬੰਧਨ (Restraints) ਹੋਣਗੇ ਓਨੀ ਜ਼ਿਆਦਾ ਸੁਤੰਤਰਤਾ ਹੋਵੇਗੀ। ਉਹਨਾਂ ਦਾ ਮੱਤ ਸੀ ਕਿ ਹਰ ਪ੍ਰਕਾਰ ਦੀ ਸਮਾਜਿਕ ਉੱਨਤੀ ਤਾਂ ਹੀ ਸੰਭਵ ਹੈ ਜੇਕਰ ਵਿਅਕਤੀ ਨੂੰ ਬਿਨਾਂ ਰੋਕ ਟੋਕ ਕੁਝ ਵੀ ਕਰਨ ਦਿੱਤਾ ਜਾਵੇ। ਵਿਅਕਤੀ ਲਈ ਕੀ ਯੋਗ ਹੈ ਜਾਂ ਨਹੀਂ ਹੈ ਇਹ ਵਿਅਕਤੀ ਖੁਦ ਹੀ ਸਭ ਤੋਂ ਭਲੀ ਪ੍ਰਕਾਰ ਜਾਣਦਾ ਹੈ, ਦੂਜੇ ਨਹੀਂ। ਪੁਰਾਤਨ ਉਦਾਰਵਾਦੀ ਵਿਅਕਤੀ ਦੇ ਸਵੈ-ਹਿੱਤ ਅਤੇ ਸਮਾਜ ਦੇ ਹਿੱਤ ਵਿਚ ਕੋਈ ਵਿਰੋਧ ਨਹੀਂ ਸਨ ਮੰਨਦੇ। ਉਹਨਾਂ ਦਾ ਇਹ ਵੀ ਵਿਸ਼ਵਾਸ ਸੀ ਕਿ ਕੁਝ ਅਜਿਹੇ ਅਧਿਕਾਰ ਹਨ ਅਤੇ ਜਿਹਨਾਂ ਨੂੰ ਕਿਸੇ ਵੀ ਹਾਲ ਵਿਚ ਖੋਹਿਆ ਨਹੀਂ ਜਾ ਸਕਦਾ। ਇਹ ਸਿਧਾਂਤ ਵਿਅਕਤੀ ਦੇ ਕੁਝ ਕਾਲਪਨਿਕ ਜਾਂ ਮਨਘੜਤ ਦਾਅਵਿਆਂ ਦੇ ਆਧਾਰ ਤੇ ਰਾਜ ਦੇ ਕਾਰਜਾਂ ਦਾ ਸਿਧਾਂਤ ਵਿਕਸਿਤ ਕਰਨ ਦਾ ਯਤਨ ਹੈ ਜਿਸ ਦੇ ਸਿੱਟੇ ਵਜੋਂ ਰਾਜ ਦੇ ਕਾਰਜ ਖੇਤਰ ਨੂੰ ਸੀਮਿਤ ਕਰਨ ਦੀ ਪ੍ਰੋੜ੍ਹਤਾ ਕੀਤੀ ਗਈ ਹੈ। 'ਵੱਧ ਤੋਂ ਵੱਧ ਵਿਅਕਤੀਗਤ ਸੁਤੰਤਰਤਾ ਤੇ ਘੱਟ ਤੋਂ ਘੱਟ ਰਾਜ ਦੇ ਕਾਰਜ' ਉਦਾਰਵਾਦ ਦੇ ਇਸ ਦੌਰ ਦਾ ਆਧਾਰ ਭੂਤ ਸਿਧਾਂਤ ਸਨ।

ਪੁਰਾਤਨ ਜਾਂ ਨਾਕਾਰਾਤਮਕ ਉਦਾਰਵਾਦੀ **ਰਾਜ ਨੂੰ ਇਕ 'ਜ਼ਰੂਰੀ ਬੁਰਾਈ' (Necessary Evil)** ਮੰਨਦੇ ਸਨ। 'ਜ਼ਰੂਰੀ ਇਸ ਲਈ ਕਿਉਂਕਿ ਸਮਾਜ ਵਿਚ ਅਜਿਹੀ ਹੋਰ ਕੋਈ ਏਜੰਸੀ ਜਾਂ ਸੰਸਥਾ ਨਹੀਂ ਜੋ ਕਿ ਜੀਵਨ ਤੇ ਸੰਪਤੀ ਦੀ ਸੁਰੱਖਿਆ ਪ੍ਰਦਾਨ ਕਰ ਸਕੇ ਅਤੇ 'ਬੁਰਾਈ' (evil) ਇਸ ਲਈ ਕਿਉਂਕਿ ਰਾਜ ਦੀ ਦਖਲ-ਅੰਦਾਜ਼ੀ ਤੇ ਰਾਜ ਦੇ ਹੁਕਮਾਂ ਦੀ ਪਾਲਣਾ ਵਿਅਕਤੀਗਤ ਸੁਤੰਤਰਤਾ ਦੇ ਰਾਹ ਵਿਚ ਰੁਕਾਵਟ ਸਾਬਿਤ ਹੁੰਦੀ ਹੈ, ਇਸ ਲਈ ਇਸ ਸੁਤੰਤਰਤਾ ਨੂੰ ਸੁਰੱਖਿਅਤ ਕਰਨ ਲਈ ਰਾਜ ਦੇ ਕਾਰਜ ਖੇਤਰ ਨੂੰ ਸੀਮਿਤ ਕਰਨਾ ਲਾਜ਼ਮੀ ਹੈ। ਮਨੁੱਖ ਨੂੰ ਹਰ ਪ੍ਰਕਾਰ ਦੀ ਆਪਹੁਦਰੀ ਤੇ ਨਿਰੰਕੁਸ਼ ਸੱਤਾ ਤੋਂ ਸੁਰੱਖਿਅਤ ਕਰਨਾ ਪੁਰਾਤਨ ਉਦਾਰਵਾਦੀਆਂ ਦਾ ਮੁੱਖ ਮੰਤਵ ਸੀ। ਇਸ ਲਈ ਉਹਨਾਂ ਦਾ ਮੁੱਖ ਨਾਹਰਾ ਸੀ, '**ਉਹ ਸਰਕਾਰ ਸਭ ਤੋਂ ਚੰਗੀ ਹੈ ਜੋ ਘੱਟ ਤੋਂ ਘੱਟ ਸ਼ਾਸਨ ਕਰਦੀ ਹੈ (That Government is the best, which governs the least)** ਪੁਰਾਤਨ ਉਦਾਰਵਾਦੀਆਂ, ਅਨੁਸਾਰ ਰਾਜ ਦਾ ਕਾਰਜ-ਖੇਤਰ ਨਿਖੇਧਾਤਮਕ (Negative) ਸੀ ਅਤੇ ਇਸ ਦੇ ਮੁੱਖ ਕਾਰਜ ਸਨ ਵਿਅਕਤੀ ਦੀ ਅਤੇ ਉਸ ਦੇ ਅਧਿਕਾਰਾਂ ਅਤੇ ਸੁਤੰਤਰਤਾ ਦੀ ਰੱਖਿਆ ਕਰਨਾ। **ਰਾਜ ਦੀ ਨਾ-ਦਖਲਅੰਦਾਜ਼ੀ (Laissez Faire)** ਜਾਂ **'ਵਿਅਕਤੀ ਨੂੰ ਇਕੱਲਾ ਛੱਡ ਦਿਓ'** ਵੀ ਨਾਕਾਰਾਤਮਕ ਉਦਾਰਵਾਦ ਦਾ ਇਕ ਆਧਾਰ-ਭੂਤ ਸਿਧਾਂਤ ਸੀ। ਇਸ ਦਾ ਭਾਵ ਹੈ ਕਿ ਰਾਜ ਨੂੰ ਵਿਅਕਤੀ ਦੇ ਜੀਵਨ ਵਿਚ

ਘੱਟ ਤੋਂ ਘੱਟ ਦਖ਼ਲ ਦੇਣਾ ਚਾਹੀਦਾ ਹੈ ਤਾਂ ਕਿ ਉਹ ਵੱਧ ਤੋਂ ਵੱਧ ਸੁਤੰਤਰਤਾ ਮਾਣ ਸਕੇ।

ਸਰਕਾਰ ਦੇ ਘੱਟ ਤੋਂ ਘੱਟ ਕਾਰਜਾਂ ਅਤੇ ਦਖ਼ਲ-ਅੰਦਾਜ਼ੀ ਦੀ ਮਨਾਹੀ ਦੇ ਸਿਧਾਂਤ ਨੂੰ ਉਦਾਰਵਾਦੀਆਂ ਨੇ ਨੈਤਿਕ, ਆਰਥਿਕ ਅਤੇ ਵਿਗਿਆਨਿਕ ਦਲੀਲਾਂ ਦੇ ਅਧਾਰ 'ਤੇ ਉੱਚਿਤ ਠਹਿਰਾਉਣ ਦਾ ਯਤਨ ਕੀਤਾ।

**ਨੈਤਿਕ (Moral) :–** ਨੈਤਿਕ ਤੌਰ ਤੇ ਇਹ ਉਦਾਰਵਾਦੀ ਵਿਅਕਤੀਗਤ ਸੁਤੰਤਰਤਾ ਨੂੰ ਸਭ ਤੋਂ ਉੱਚੀ ਵਸਤੂ ਮੰਨਦੇ ਸਨ। ਉਹਨਾਂ ਦਾ ਵਿਚਾਰ ਸੀ ਕਿ ਮਨੁੱਖ ਦਾ ਵਿਅਕਤੀਤਵ ਤੇ ਚਰਿੱਤਰ ਤਾਂ ਹੀ ਪੂਰੀ ਤਰ੍ਹਾਂ ਵਿਕਸਤ ਹੋ ਸਕਦਾ ਹੈ ਜੇਕਰ ਉਸ ਨੂੰ ਆਤਮ ਨਿਰਭਰ ਹੋਣ ਦੀ ਅਤੇ ਕੁਝ ਕਰਨ ਦੀ ਪੂਰੀ ਆਜ਼ਾਦੀ ਦਿੱਤੀ ਜਾਵੇ। ਉਹਨਾਂ ਦਾ ਮੱਤ ਸੀ ਕਿ ਸੁਤੰਤਰਤਾ ਅਧੀਨ ਹੀ ਅਜਿਹਾ ਮਾਹੌਲ ਸੰਭਵ ਹੈ ਜਿਸ ਵਿਚ ਵਿਅਕਤੀ ਦੇ ਪਹਿਲ, ਉੱਦਮ, ਮੌਲਿਕਤਾ ਤੇ ਰਚਨਾਤਮਕਤਾ ਜਿਹੇ ਗੁਣਾਂ ਦਾ ਵਿਕਾਸ ਹੋ ਸਕਦਾ ਹੈ। ਰਾਜ ਦੀ ਬੇਲੋੜੀ ਦਖ਼ਲ-ਅੰਦਾਜ਼ੀ ਉਸ ਨੂੰ ਮੁਥਾਜ ਬਣਾ ਕੇ ਰੱਖ ਦਿੰਦੀ ਹੈ ਜਿਸ ਕਾਰਣ ਉਸ ਦਾ ਆਪਣੇ ਗੁਣਾਂ ਦਾ ਵਿਕਾਸ ਕਰਨ ਪ੍ਰਤੀ ਕੋਈ ਉਤਸ਼ਾਹ ਨਹੀਂ ਰਹਿ ਜਾਂਦਾ। ਨਤੀਜੇ ਵਜੋਂ ਸਮਾਜ ਤੇ ਵਿਅਕਤੀ ਦੋਹਾਂ ਦਾ ਹੀ ਨੁਕਸਾਨ ਹੁੰਦਾ ਹੈ।

**ਆਰਥਿਕ (Economic) :–** ਆਰਥਿਕ ਪੱਖ ਤੋਂ ਦਲੀਲ ਦਿੰਦੇ ਹੋਏ ਇਹ ਪਰੰਪਰਾਗਤ ਉਦਾਰਵਾਦੀ ਕਹਿੰਦੇ ਸਨ ਕਿ ਹਰ ਵਿਅਕਤੀ ਇਹ ਭਲੀਭਾਂਤ ਜਾਣਦਾ ਹੈ ਕਿ ਉਸ ਲਈ ਕੀ ਬਿਹਤਰ ਹੈ ਤੇ ਉਸ ਨੂੰ ਕਿਵੇਂ ਪ੍ਰਾਪਤ ਕੀਤਾ ਜਾਵੇ ? ਉਹਨਾਂ ਦਾ ਇਹ ਵੀ ਵਿਚਾਰ ਸੀ ਕਿ ਸੰਸਾਰ ਨੂੰ ਕੁਝ ਅਜਿਹੇ ਆਧਾਰਭੂਤ (Basic) ਆਰਥਿਕ ਸਿਧਾਂਤ ਨਿਯੰਤ੍ਰਿਤ ਕਰਦੇ ਹਨ ਜਿਹਨਾਂ ਨੂੰ ਕੋਈ ਵੀ ਕਾਨੂੰਨ ਪ੍ਰਭਾਵਿਤ ਨਹੀਂ ਕਰ ਸਕਦਾ। ਇਸੇ ਤਰ੍ਹਾਂ ਸਮਾਜਿਕ ਵਿਵਸਥਾ ਅਧੀਨ ਅਜਿਹੀਆਂ ਦੁੱਖ ਤਕਲੀਫਾਂ (miseries) ਨਿਹਿਤ ਹਨ ਜਿਹਨਾਂ ਨੂੰ ਰਾਜ ਦੇ ਕਾਨੂੰਨ ਦੂਰ ਨਹੀਂ ਕਰ ਸਕਦੇ। ਇਸ ਲਈ ਗਰੀਬਾਂ ਨੂੰ ਸਹਾਇਤਾ ਜਾਂ ਰਾਹਤ (Relief) ਦੇਣ ਦੇ ਯਤਨ ਕਰਨਾ ਜਾਂ ਕਾਮਿਆਂ ਦੀਆਂ ਤਨਖਾਹਾਂ ਵਧਾਉਣਾ ਫਜ਼ੂਲ ਹੈ। ਸੁਤੰਤਰ ਤੇ ਬੇਰੋਕ ਆਰਥਿਕਤਾ ਰਾਹੀਂ ਹੀ ਵਿਅਕਤੀ ਤੇ ਸਮਾਜ ਦਾ ਸਹੀ ਤੇ ਪੂਰਨ ਵਿਕਾਸ ਸੰਭਵ ਹੈ।

**ਵਿਗਿਆਨਿਕ (Scientific) :–** ਹੋਂਦ ਕਾਇਮ ਰੱਖਣ ਲਈ ਸੰਘਰਸ਼ (Struggle for existence) ਅਤੇ ਯੋਗਤਮ ਹੀ ਜੀਵਤ ਰਹਿਣ (Survival of the fittest) ਜਿਹੇ ਜੀਵ ਵਿਗਿਆਨਿਕ ਸਿਧਾਂਤਾਂ ਨੂੰ ਵੀ ਕੁਝ ਪੁਰਾਤਨ ਉਦਾਰਵਾਦੀਆਂ ਦੁਆਰਾ ਰਾਜ ਦੀ ਦਖ਼ਲ-ਅੰਦਾਜ਼ੀ ਦਾ ਵਿਰੋਧ ਤੇ ਨਿਖੇਧੀ ਕਰਨ ਲਈ ਵਰਤਿਆ ਗਿਆ। ਇਸ ਧਾਰਨਾ ਦੇ ਸਮਰਥਕਾਂ ਦਾ ਇਹ ਮੱਤ ਹੈ ਕਿ ਸੰਸਾਰ ਵਿਚ ਵੱਖ-ਵੱਖ ਪ੍ਰਾਣੀ ਆਪਣੀਆਂ ਲੋੜਾਂ ਦੀ ਪੂਰਤੀ ਲਈ ਸਫਲ ਹੁੰਦਾ ਹੈ। ਪ੍ਰਕ੍ਰਿਤੀ ਦਾ ਇਹ ਕਾਨੂੰਨ ਮਨੁੱਖੀ ਸਮਾਜ ਤੇ ਵੀ ਲਾਗੂ ਹੁੰਦਾ ਹੈ, ਇਥੇ ਵੀ ਕੇਵਲ ਯੋਗਤਮ ਵਿਅਕਤੀਆਂ ਨੂੰ ਹੀ ਜੀਵਿਤ ਰਹਿਣ ਦਾ ਅਧਿਕਾਰ ਹੈ। ਚੰਗੇ ਸਮਾਜ ਦੀ ਸਥਾਪਨਾ ਲਈ ਵੀ ਇਹ ਜ਼ਰੂਰੀ ਹੈ ਕਿ ਕੇਵਲ ਯੋਗਤਮ ਵਿਅਕਤੀ ਹੀ ਜੀਵਿਤ ਰਹਿਣ। ਦੁਰਬਲ, ਕਮਜ਼ੋਰ ਤੇ ਨਿਕੰਮੇ ਲੋਕਾਂ ਦਾ ਜੇਕਰ ਖਾਤਮਾ ਹੋ ਜਾਵੇ ਤਾਂ ਇਹ ਸਮਾਜ ਦੇ ਹਿੱਤ ਵਿਚ ਹੀ ਹੋਵੇਗਾ। ਰਾਜ ਰਾਹੀਂ ਅਜਿਹੇ ਲੋਕਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਸਹਾਇਤਾ ਨਹੀਂ ਦਿੱਤੀ ਜਾਣੀ ਚਾਹੀਦੀ ਕਿਉਂਕਿ ਅਜਿਹੇ ਵਿਅਕਤੀਆਂ ਨੂੰ ਜੀਣ ਦਾ ਕੋਈ ਅਧਿਕਾਰ ਨਹੀਂ, ਇਹ ਤਾਂ ਸਮਾਜ ਤੇ ਬੋਝ ਮਾਤਰ ਹੀ ਹਨ।

**ਐਡਮ ਸਮਿਥ, ਰਿਕਾਰਡੋ, ਬੈਂਥਮ, ਹਰਬਰਟ ਸਪੈਂਸਰ, ਜੇਮਜ਼ ਮਿਲ, ਗਰੋਸ਼ੇ ਅਤੇ ਹਿਊਮ** ਆਦਿ ਪੁਰਾਤਨ ਜਾਂ ਨਾਕਾਰਾਤਮਕ ਉਦਾਰਵਾਦ ਦੇ ਕੁਝ ਉੱਘੇ ਸਮਰਥਕ ਹਨ। ਰਾਜ ਦੇ ਕੰਮਾਂ ਸੰਬੰਧੀ ਪੁਰਾਤਨ ਉਦਾਰਵਾਦ ਦੇ ਮੁੱਖ ਸਮਰਥਕ **ਐਡਮ ਸਮਿਥ** (Adam Smith), **ਜਰਮੀ ਬੈਂਥਮ** (Jeremy Bentham) ਅਤੇ **ਹਰਬਰਟ ਸਪੈਂਸਰ** (Herbert Spencer) ਆਦਿ ਦੇ ਵਿਚਾਰ ਸੰਖੇਪ ਵਿਚ ਇਸ ਤਰ੍ਹਾਂ ਹਨ :-

**ਐਡਮ ਸਮਿਥ (1723–1790)** ਨੇ ਆਪਣੀ ਪ੍ਰਸਿੱਧ ਰਚਨਾ "The Wealth of Nations" ਵਿਚ ਸਮਾਜ ਦੇ ਆਰਥਿਕ ਕੰਮਾਂ ਵਿਚ ਰਾਜ ਦੀ ਦਖ਼ਲ-ਅੰਦਾਜ਼ੀ ਦੀ ਸਖਤ ਵਿਰੋਧਤਾ ਕੀਤੀ ਸੀ। ਉਸ ਅਨੁਸਾਰ, ਰਾਜ ਨਾ ਤਾਂ ਆਰਥਿਕ ਕਾਰਜਾਂ ਨੂੰ ਨਿਯੰਤਰਿਤ ਕਰ ਸਕਦਾ ਹੈ ਅਤੇ ਨਾ ਹੀ ਉਸ ਨੂੰ ਅਜਿਹਾ ਕਰਨਾ ਚਾਹੀਦਾ ਹੈ। ਆਰਥਿਕ ਖੇਤਰ ਵਿਚ Laissez Faire ਜਾਂ ਖੁਲ੍ਹੇ ਮੁਕਾਬਲੇ ਦੀ ਨੀਤੀ ਅਪਣਾਈ ਜਾਣੀ ਚਾਹੀਦੀ ਹੈ। ਰਿਕਾਰਡੋ (Ricardo) ਅਤੇ ਮਾਲਥਸ (Malthus) ਨੇ ਵੀ Adam Smith ਦੇ ਵਿਚਾਰਾਂ ਦਾ ਸਮਰਥਨ ਕੀਤਾ।

**ਜਰਮੀ ਬੈਂਥਮ (1749–1932)** ਨੂੰ ਉਪਯੋਗਿਤਾਵਾਦ (Utilitarianism) ਦਾ ਜਨਮ ਦਾਤਾ ਮੰਨਿਆ ਜਾਂਦਾ ਹੈ। ਇਸ ਅਨੁਸਾਰ ਹਰ ਵਿਅਕਤੀ ਵੱਧ ਤੋਂ ਵੱਧ ਆਨੰਦ ਪ੍ਰਾਪਤ ਕਰਨਾ ਚਾਹੁੰਦਾ ਹੈ। ਬੈਂਥਮ ਅਨੁਸਾਰ, ਹਰ ਕੰਮ ਦੀ ਉਪਯੋਗਤਾ

ਇਸ ਆਧਾਰ ਉੱਤੇ ਦੇਖੀ ਜਾ ਸਕਦੀ ਹੈ ਕਿ ਉਹ ਵਿਅਕਤੀ ਨੂੰ ਕਿੰਨਾ ਕੁ ਆਨੰਦ ਦਿੰਦਾ ਹੈ। ਬੈਂਥਮ ਨੇ ਕਿਹਾ ਕਿ ਰਾਜ ਦੇ ਕੰਮਾਂ ਦਾ ਮੂਲ ਉਦੇਸ਼, ਵੱਧ ਤੋਂ ਵੱਧ ਲੋਕਾਂ ਨੂੰ ਵੱਧ ਤੋਂ ਵੱਧ ਪ੍ਰਸੰਨਤਾ ਦੇਣਾ ਹੋਣਾ ਚਾਹੀਦਾ ਹੈ। ਇਸ ਨੂੰ Maximum Happiness of the Maximum Numbers ਦਾ ਸਿਧਾਂਤ ਵੀ ਕਿਹਾ ਜਾਂਦਾ ਹੈ। ਬੈਂਥਮ ਵੀ ਰਾਜ ਨੂੰ ਘੱਟ ਤੋਂ ਘੱਟ ਕੰਮ ਦੇਣ ਅਤੇ ਆਰਥਿਕ ਖੇਤਰ ਵਿਚ ਵੱਧ ਤੋਂ ਵੱਧ ਆਜ਼ਾਦੀ ਦੇਣ ਦੀ ਦਲੀਲ ਦਿੰਦਾ ਹੈ।

ਪੁਰਾਤਨ ਉਦਾਰਵਾਦ ਦੇ ਸਮਰਥਕਾਂ ਵਿਚੋਂ **ਹਰਬਰਟ ਸਪੈਂਸਰ** ਦੇ ਵਿਚਾਰ ਵੀ ਮਹੱਤਵਪੂਰਣ ਹਨ। ਉਸ ਨੇ 19ਵੀਂ ਸਦੀ ਵਿਚ Principles of Sociology ਨਾਂ ਦੀ ਪੁਸਤਕ ਲਿਖੀ ਅਤੇ ਜੀਵ ਵਿਗਿਆਨ ਵਿਚ Darwin ਦੇ ਸਿਧਾਂਤ ਤੋਂ ਪ੍ਰਭਾਵਿਤ ਹੋ ਕੇ 'ਜੀਉਣ ਲਈ ਸੰਘਰਸ਼ ਅਤੇ ਯੋਗਤਮ ਨੂੰ ਜੀਉਣ ਦਾ ਅਧਿਕਾਰ' (Struggle for Existence and Survival of the Fittest) ਸਿਧਾਂਤ ਦੀ ਪ੍ਰੋੜ੍ਹਤਾ ਕੀਤੀ। ਉਹ ਵੀ ਸਮਾਜ ਦੇ ਮੈਂਬਰਾਂ ਵਿਚ ਖੁੱਲੇ ਮੁਕਾਬਲੇ ਅਤੇ ਰਾਜ ਵੱਲੋਂ ਗੈਰ-ਦਖ਼ਲ-ਅੰਦਾਜ਼ੀ ਦੀ ਸਿਫਾਰਸ਼ ਕਰਦਾ ਹੈ। ਰਾਜ ਨੂੰ ਕੇਵਲ ਤਿੰਨ ਜ਼ਰੂਰੀ ਕਾਰਜ ਭਾਵ ਬਾਹਰਲੇ ਦੁਸ਼ਮਣਾਂ ਤੋਂ ਰਖਿਆ, ਅੰਦਰੂਨੀ ਸੁਰੱਖਿਆ ਅਤੇ ਕਾਨੂੰਨ ਅਨੁਸਾਰ ਇਕਰਾਰਨਾਮੇ (Contracts) ਲਾਗੂ ਕਰਨੇ ਚਾਹੀਦੇ ਹਨ।

## ਸਵੈ-ਅਭਿਆਸ ਲਈ ਪ੍ਰਸ਼ਨ -1

ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਉ :-

ਆਪਣੇ ਉੱਤਰਾਂ ਨੂੰ ਪਾਠ ਦੇ ਅੰਤ ਤੇ ਦਿੱਤੇ ਉੱਤਰਾਂ ਨਾਲ ਮਿਲਾਉ।

1. ਉਦਾਰਵਾਦ ਦਾ ਅਰਥ ਸੰਖੇਪ ਵਿਚ ਲਿਖੋ।

   .................................

2. ਨਾਕਾਰਾਤਮਕ ਉਦਾਰਵਾਦ ਤੋਂ ਕੀ ਭਾਵ ਹੈ?

   .................................

3. ਨਾਕਾਰਾਤਮਕ ਉਦਾਰਵਾਦ ਦੇ ਤਿੰਨ ਮੁੱਖ ਲੱਛਣਾਂ ਦਾ ਵਰਣਨ ਕਰੋ।

   .................................

### 2.1.3.2 ਸਾਕਾਰਾਤਮਕ ਜਾਂ ਆਧੁਨਿਕ ਉਦਾਰਵਾਦ (Positive or Modern Liberalism)

ਰਾਜ ਦੀ ਗੈਰ-ਦਖਲਅੰਦਾਜ਼ੀ (Non-interference) ਤੇ ਜੋ ਚਾਹੋ ਸੋ ਕਰੋ (Laissez Faire) ਦਾ ਉਪਰੋਕਤ ਸਿਧਾਂਤ 19ਵੀਂ ਸਦੀ ਦੇ ਪਹਿਲੇ ਅੱਧ ਤਕ ਬਹੁਤ ਹੀ ਲੋਕ ਪ੍ਰਿਯ ਸਿਧਾਂਤ ਰਿਹਾ। ਬਹੁਤ ਸਾਰੇ ਦੇਸ਼ਾਂ ਵਿਚ ਖੁਲੀ ਆਰਥਿਕਤਾ ਅਤੇ ਰਾਜ ਦੀ ਗੈਰ-ਦਖਲੀ ਦੀ ਨੀਤੀ ਕਾਰਨ ਸਾਰੇ ਖੇਤਰਾਂ ਵਿਚ ਹੀ ਤੇ ਖਾਸ ਤੌਰ ਤੇ ਆਰਥਿਕ ਖੇਤਰ ਵਿਚ ਬਹੁਤ ਉੱਨਤੀ ਹੋਈ ਤੇ ਇਸ ਸਿਧਾਂਤ ਦਾ ਬੋਲਬਾਲਾ ਹੋ ਗਿਆ। ਪਰ ਜਲਦੀ ਹੀ ਇਸ ਦੇ ਭਿਆਨਕ ਸਿੱਟੇ ਵੀ ਸਾਹਮਣੇ ਆਣ ਲਗ ਪਏ।ਉਤਪਾਦਨ ਦੇ ਸਾਧਨ ਤੇ ਪੂੰਜੀ ਕੁਝ ਕੁ ਹੱਥਾਂ ਵਿਚ ਕੇਂਦਰਿਤ ਹੋ ਗਈ। ਨਤੀਜੇ ਵਜੋਂ ਅਮੀਰ ਹੋਰ ਅਮੀਰ ਹੁੰਦੇ ਗਏ ਤੇ ਗਰੀਬ ਹੋਰ ਗਰੀਬ। ਅਮੀਰਾਂ ਤੇ ਗਰੀਬਾਂ ਵਿਚ ਪਾੜਾ ਵਧਣ ਲਗਾ। ਆਮ ਲੋਕਾਂ ਦੀ ਹਾਲਤ ਬਹੁਤ ਤਰਸਯੋਗ ਹੋ ਗਈ ਕਿਉਂਕਿ ਪੂੰਜੀਪਤੀਆਂ ਨੇ ਆਪਣੇ ਲਾਭਾਂ ਲਈ ਉਹਨਾਂ ਦਾ ਖੂਬ ਸੋਸ਼ਣ ਕੀਤਾ। ਕਾਰਖਾਨਿਆਂ ਤੇ ਕੰਮ ਦਾ ਅਮਾਨਵੀ ਮਾਹੌਲ, ਘੱਟ ਤਨਖਾਹਾਂ, ਸੋਸ਼ਣ, ਬੇਰੁਜ਼ਗਾਰੀ, ਗਰੀਬੀ ਅਤੇ ਅਨਪੜ੍ਹਤਾ ਆਦਿ ਨਾਕਾਰਾਤਮਕ ਉਦਾਰਵਾਦ ਦੇ ਕੁਝ ਅਜਿਹੇ ਦੁਖਦਾਈ ਸਿੱਟੇ ਸਨ ਜਿਹਨਾਂ ਨੇ ਉਦਾਰਵਾਦੀਆਂ ਦੀ ਇਸ ਧਾਰਨਾ ਨੂੰ ਗਲਤ ਸਿੱਧ ਕਰ ਦਿੱਤਾ ਕਿ ਹਰ ਤਰ੍ਹਾਂ ਦੀ ਅਸਮਾਨਤਾ, ਵਿਤਕਰਾ ਅਤੇ ਅਸੰਤੁਸ਼ਟਤਾ ਰਾਜ ਦੁਆਰਾ ਦਖਲ ਦਿੱਤੇ ਬਗੈਰ ਹੀ ਖਤਮ ਕੀਤੀ ਜਾ ਸਕਦੀ ਹੈ। ਸਗੋਂ ਇਹ ਮਹਿਸੂਸ ਕੀਤਾ ਜਾਣ ਲਗਾ ਕਿ ਰਾਜ ਦੀ ਗੈਰ ਦਖ਼ਲ-ਅੰਦਾਜ਼ੀ ਕਾਰਨ ਹੀ ਅਜਿਹੇ ਹਾਲਾਤ ਪੈਦਾ ਹੋਏ ਹਨ ਜਿਹਨਾਂ ਵਿਚ ਕੁਝ ਕੁ ਪੂੰਜੀਪਤੀ ਸਮਾਜ ਦੇ ਇਕ ਵੱਡੇ ਭਾਗ ਦਾ ਸੋਸ਼ਣ ਕਰ ਰਹੇ ਹਨ।

ਅਜਿਹੇ ਮਾੜੇ ਹਾਲਤਾਂ ਦੇ ਪ੍ਰਤੀਕਰਮ ਵਜੋਂ ਲੇਖਕਾਂ ਨੇ ਰਾਜ ਦੀ ਬੇਦਖਲੀ ਦੀ ਨੀਤੀ ਨੂੰ ਅਨੈਤਿਕ ਅਤੇ ਬੇਰਹਿਮ ਮੰਨਿਆ ਅਤੇ ਮਜ਼ਦੂਰਾਂ ਤੇ ਕਾਮਿਆਂ ਦੀ ਹਾਲਤ ਸੁਧਾਰਨ ਲਈ ਰਾਜ ਦੇ ਸਾਕਾਰਾਤਮਕ ਰੋਲ ਦਾ ਸਮਰਥਨ ਕੀਤਾ। ਇਕ ਨਵੀਂ ਚੇਤਨਾ ਦਾ ਸੰਚਾਰ ਹੋਇਆ ਜਿਸ ਦੁਆਰਾ ਸਮਾਜਿਕ ਜਾਂ ਜਨਤਕ ਭਲਾਈ ਲਈ ਵਿਅਕਤੀਗਤ ਸੁਤੰਤਰਤਾ ਨੂੰ ਸੀਮਿਤ ਕਰਨ ਦੀ ਮੰਗ ਕੀਤੀ ਗਈ। ਉਦਾਰਵਾਦ ਨੂੰ ਆਪਣੇ ਮੂਲ ਸਿਧਾਂਤਾਂ ਵਿਚ ਸਮੇਂ ਦੀ ਲੋੜ ਅਨੁਸਾਰ ਪਰਿਵਰਤਨ ਕਰਨੇ ਪਏ। ਫਲਸਰੂਪ ਰਾਜ ਦੀ ਪ੍ਰਾਕ੍ਰਿਤੀ ਤੇ ਕਾਰਜਾਂ, ਸੁਤੰਤਰਤਾ ਦੇ ਸਰੂਪ ਤੇ ਪ੍ਰਕ੍ਰਿਤੀ, ਸੁਤੰਤਰਤਾ ਅਤੇ ਕਾਨੂੰਨ ਅਤੇ ਵਿਅਕਤੀ ਅਤੇ ਰਾਜ ਦੇ ਪਰਸਪਰ

ਸੰਬੰਧਾਂ ਉੱਤੇ ਪੁਨਰ ਵਿਚਾਰ ਕਰਕੇ ਇਹਨਾਂ ਧਾਰਨਾਵਾਂ ਨੂੰ ਨਵੇਂ ਅਰਥ ਦਿੱਤੇ ਗਏ। ਰਾਜ ਨੂੰ ਅੱਗੇ ਵਾਂਗ ਹੁਣ 'ਆਵਸ਼ਕ ਬੁਰਾਈ' (necessary evil) ਨਹੀਂ, ਸਗੋਂ ਇਕ 'ਸਾਕਾਰਾਤਮਕ ਅਛਾਈ' (Positive good) ਅਤੇ ਵਿਅਕਤੀਗਤ ਭਲਾਈ ਤੇ ਸਮਾਜ ਕਲਿਆਣ ਦਾ ਇਕ ਸਾਧਨ ਅਤੇ ਸਮਾਜ ਦੇ ਸਾਂਝੇ ਹਿੱਤਾਂ ਦਾ ਰਖਵਾਲਾ ਮੰਨਿਆ ਜਾਣ ਲਗ ਪਿਆ। **ਜੇ.ਐਸ.ਮਿਲ, ਟੀ.ਐਚ. ਗਰੀਨ, ਬਾਰਕਰ, ਲਾਸਕੀ, ਹਾਬਹਾਊਸ ਅਤੇ ਮੈਕਾਈਵਰ** ਉਹਨਾਂ ਉੱਘੇ ਵਿਦਵਾਨਾਂ ਵਿਚੋਂ ਕੁਝ ਹਨ ਜਿਹਨਾਂ ਨੇ ਉਦਾਰਵਾਦ ਦੀ ਇਸ ਸਾਕਾਰਾਤਮਕ ਧਾਰਨਾ ਦਾ ਸਮਰਥਨ ਕੀਤਾ। ਇਸ ਤਰ੍ਹਾਂ ਮਿਲ (Mill) ਨੇ ਰਾਜ ਦੁਆਰਾ ਨਿੱਜੀ ਸੰਪਤੀ ਦਾ ਨਿਯੰਤਰਣ ਕਰਨ ਦੀ ਅਤੇ ਦੇਸ਼ ਦੇ ਕੁਦਰਤੀ ਸਾਧਨਾਂ ਉੱਤੇ ਰਾਜ ਦੇ ਨਿਯੰਤਰਣ ਦੀ ਪ੍ਰੋੜ੍ਹਤਾ ਕੀਤੀ। ਗ੍ਰੀਨ (Green) ਨੇ ਤਿੰਨ ਮੁੱਖ ਸਮਾਜਿਕ ਬੁਰਾਈਆਂ ਭਾਵ ਗਰੀਬੀ, ਜਹਾਲਤ ਅਤੇ ਅਸੰਜਮ (intemperence) ਤੇ ਕਾਬੂ ਪਾਉਣ ਲਈ ਰਾਜ ਦੁਆਰਾ ਸਾਕਾਰਾਤਮਕ ਕਾਰਵਾਈ ਉੱਤੇ ਜ਼ੋਰ ਦਿੱਤਾ। ਰਾਜ ਦੁਆਰਾ ਸਾਕਾਰਾਤਮਕ ਕਾਰਵਾਈ ਦਾ ਸਮਰਥਨ ਅਜੋਕੀ ਸਦੀ ਦੇ ਲੇਖਕਾਂ ਦੀਆਂ ਰਚਨਾਵਾਂ ਵਿਚ ਹੋਰ ਵੀ ਵਧੇਰੇ ਸਪੱਸ਼ਟ ਰੂਪ ਵਿਚ ਦੇਖਣ ਨੂੰ ਮਿਲਦਾ ਹੈ – ਇੰਗਲੈਂਡ ਵਿਚ ਲਾਸਕੀ ਨੇ ਤੇ ਅਮਰੀਕਾ ਵਿਚ ਮੈਕਾਈਵਰ ਨੇ ਰਾਜ ਦੁਆਰਾ ਵੱਧ ਤੋਂ ਵੱਧ ਸਮਾਜਿਕ ਭਲਾਈ ਦੇ ਕਾਰਜ ਨਿਭਾਉਣ ਦੀ ਪ੍ਰੋੜ੍ਹਤਾ ਕੀਤੀ। ਇਸੇ ਤਰ੍ਹਾਂ ਹਾਬਹਾਊਸ ਅਤੇ ਬਾਰਕਰ ਨੇ ਸਮਾਜਿਕ ਬੁਰਾਈਆਂ ਦੂਰ ਕਰਨ ਲਈ ਰਾਜ ਦੁਆਰਾ ਕਾਨੂੰਨ ਬਣਾਏ ਜਾਣ ਦਾ ਸਮਰਥਨ ਕੀਤਾ। ਕਾਨੂੰਨ ਦੁਆਰਾ ਪਹਿਲੀ ਵਾਰ ਲੋਕਭਲਾਈ ਦੀਆਂ ਸੇਵਾਵਾਂ ਪ੍ਰਦਾਨ ਕਰਕੇ ਇੰਗਲੈਂਡ ਨੇ ਪਹਿਲੇ ਲੋਕ ਕਲਿਆਣਕਾਰੀ ਰਾਜ ਹੋਣ ਦਾ ਗੌਰਵ ਪ੍ਰਾਪਤ ਕੀਤਾ। ਸੋ ਅਸੀਂ ਕਹਿ ਸਕਦੇ ਹਾਂ ਕਿ ਸਮਕਾਲੀ ਜਾਂ ਆਧੁਨਿਕ ਉਦਾਰਵਾਦ ਅਧੀਨ **'ਸਾਕਾਰਾਤਮਕ ਰਾਜ' (Positive state)** ਦੀ ਧਾਰਨਾ ਦਿੱਤੀ ਗਈ ਅਤੇ ਰਾਜ ਦੀ ਦਖ਼ਲ-ਅੰਦਾਜ਼ੀ ਦੀ ਨੀਤੀ ਅਤੇ ਇਸ ਦੁਆਰਾ ਸਮਾਜ ਭਲਾਈ ਦੇ ਕੰਮ ਕਰਨ ਤੇ ਜ਼ੋਰ ਦਿੱਤਾ ਗਿਆ। ਇਸ ਮੱਤ ਦੇ ਸਮਰਥਕਾਂ ਦੇ ਅਨੁਸਾਰ, ਰਾਜ ਲਈ ਦੇਸ਼ ਦੀ ਰੱਖਿਆ, ਲੋਕਾਂ ਦੇ ਜੀਵਨ ਤੇ ਸੰਪਤੀ ਦੀ ਸੁਰੱਖਿਆ, ਕਾਨੂੰਨ ਅਤੇ ਵਿਵਸਥਾ ਦੀ ਸਥਾਪਨਾ, ਨਿਆਂ ਪ੍ਰਬੰਧ ਦੀ ਵਿਵਸਥਾ ਅਤੇ ਕਰ ਲਗਾਉਣ ਆਦਿ ਕਾਰਜਾਂ ਦੇ ਨਾਲ-ਨਾਲ ਹੋਰ ਅਨੇਕਾਂ ਅਜਿਹੇ ਕਾਰਜ ਕਰਨੇ ਵੀ ਜ਼ਰੂਰੀ ਹਨ ਜਿਹਨਾਂ ਦੁਆਰਾ ਮਨੁੱਖ ਦਾ ਸਰਬਪੱਖੀ ਵਿਕਾਸ ਸੰਭਵ ਹੋ ਸਕੇ।

### 2.1.3.3 ਨਵ ਉਦਾਰਵਾਦ (Neo Liberalism)

ਜਿਵੇਂ ਕਿ ਤੁਸੀਂ ਜਾਣ ਹੀ ਗਏ ਹੋਵੋਗੇ ਉਦਾਰਵਾਦੀ ਵਿਚਾਰਧਾਰਾ ਚਾਰ ਸੌ ਸਾਲਾਂ ਤੋਂ ਵੀ ਵੱਧ ਪੁਰਾਣੀ ਹੈ, ਪਰ ਸਮੇਂ ਦੇ ਨਾਲ-ਨਾਲ ਇਸ ਵਿਚ ਪਰਿਵਰਤਨ ਹੁੰਦੇ ਰਹੇ ਹਨ। ਇਸ ਦਾ ਜਿਹੜਾ ਸਰੂਪ ਅਜੋਕੇ ਸਮੇਂ ਵਿਚ ਸਾਡੇ ਸਾਹਮਣੇ ਹੈ ਉਸ ਨੂੰ ਨਵ ਉਦਾਰਵਾਦ (Neo Liberalism) ਦਾ ਨਾਂ ਦਿੱਤਾ ਜਾ ਸਕਦਾ ਹੈ। ਅੱਜ ਉਦਾਰੀਕਰਣ (Liberalisation) ਨਿਜੀਕਰਣ (Privatisation) ਤੇ ਵਿਸ਼ਵੀਕਰਣ (Globalisation) (LPG) ਦੀਆਂ ਧਾਰਨਾਵਾਂ ਵਿਸ਼ਵ ਵਿੱਚ ਪ੍ਰਚਲਿਤ ਹਨ ਅਤੇ ਇਹਨਾਂ ਪਿਛੇ ਨਵ ਵਿਵਹਾਰਵਾਦ ਦੀ ਫਿਲਾਸਫ਼ੀ ਹੈ। ਮੋਟੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਉਦਾਰਵਾਦੀ ਲੋਕਤੰਤਰੀ ਵਿਵਸਥਾ ਵਿਚ ਹੁਣ 'ਵਿਅਕਤੀ' ਅਤੇ 'ਕਾਰਪੋਰੇਸ਼ਨਾਂ' ਦੀ ਵਧਦੀ ਭੂਮਿਕਾ ਤੇ ਸੁਤੰਤਰਤਾ ਉਤੇ ਅਤੇ 'ਰਾਜ ਦਾ ਵੱਖ-ਵੱਖ ਖੇਤਰਾਂ ਵਿਚ ਕੰਟਰੋਲ ਘੱਟ ਕਰਨ' ਉਤੇ ਜ਼ੋਰ ਦਿੱਤਾ ਜਾ ਰਿਹਾ ਹੈ। ਅੱਜ ਇਹ ਮੰਨਿਆ ਜਾ ਰਿਹਾ ਹੈ ਕਿ ਰਾਜ ਦਾ ਕੰਮ ਉਦਯੋਗ ਚਲਾਉਣਾ ਜਾਂ ਹੋਰ ਕਲਿਆਣਕਾਰੀ ਕਾਰਜ ਕਰਨਾ ਨਹੀਂ, ਕਿਉਂਕਿ ਇਹ ਕੰਮ ਪ੍ਰਾਈਵੇਟ ਕੰਪਨੀਆਂ ਜਾਂ ਗੈਰ ਸਰਕਾਰੀ ਸੰਸਥਾਵਾਂ ਦੁਆਰਾ ਵਧੀਆ ਢੰਗ ਨਾਲ ਕੀਤੇ ਜਾ ਸਕਦੇ ਹਨ। ਰਾਜ ਦੀ ਭੂਮਿਕਾ ਮੁੱਖ ਤੌਰ ਤੇ ਨਿਯਮਿਤ ਕਰਨ ਵਾਲੀ (Regulatory) ਹੋਣੀ ਚਾਹੀਦੀ ਹੈ। ਇਹੀ ਕਾਰਨ ਹੈ ਕਿ ਵੱਖ-ਵੱਖ ਖੇਤਰਾਂ ਵਿਚ ਅੱਜ ਰਾਜ ਦੀ ਭੂਮਿਕਾ ਘਟ ਰਹੀ ਹੈ ਤੇ ਇਸ ਦੀ ਥਾਂ ਪ੍ਰਾਈਵੇਟ ਕਾਰਪੋਰੇਸ਼ਨਾਂ ਤੇ ਗੈਰ ਸਰਕਾਰੀ ਅਦਾਰਿਆਂ (Non Governmental Organisations) ਦੁਆਰਾ ਲਈ ਜਾ ਰਹੀ ਹੈ।

### 2.1.3.4 ਉਦਾਰਵਾਦ-ਆਲੋਚਨਾਤਮਕ ਮੁਲਾਂਕਣ (Liberalism-a Critical Evaluation)

ਰਾਜ ਦੇ ਉਦਾਰਵਾਦੀ-ਵਿਅਕਤੀਵਾਦੀ ਸਿਧਾਂਤ ਦੀ ਬਹੁਤ ਕਰੜੀ ਆਲੋਚਨਾ ਹੋਈ ਹੈ। ਸਭ ਤੋਂ ਪਹਿਲਾਂ ਤਾਂ ਆਲੋਚਕ 'ਰਾਜ ਨੂੰ ਇਕ ਆਵਸ਼ਕ ਬੁਰਾਈ' ਮੰਨਣ ਤੋਂ ਹੀ ਇਨਕਾਰੀ ਹਨ। ਉਹਨਾਂ ਦਾ ਮੱਤ ਹੈ ਕਿ ਰਾਜ ਜੀਵਨ ਦੀ ਸਭ ਤੋਂ ਪਹਿਲੀ ਅਤੇ ਜ਼ਰੂਰੀ ਲੋੜੀਂਦੀ ਸ਼ਰਤ ਹੈ। ਰਾਜ ਨਾ ਸਿਰਫ਼ ਸ਼ਾਂਤੀ ਤੇ ਵਿਵਸਥਾ ਦੇ ਹਾਲਾਤ ਹੀ ਸੰਭਵ ਬਣਾਉਂਦਾ ਹੈ ਸਗੋਂ ਸਮਾਜ ਵਿਚ ਮੌਜੂਦ ਵਿਰੋਧੀ ਹਿਤਾਂ ਦਾ ਸਮਾਯੋਜਨ (Reconciliation) ਕਰਦਾ ਹੈ ਅਤੇ ਗਰੀਬਾਂ ਅਤੇ ਦਬੇ ਕੁਚਲਿਆਂ ਦਾ ਤਾਕਤਵਰਾਂ ਤੋਂ ਬਚਾ ਕਰਦਾ ਹੈ, ਚੰਗੀ ਨਾਗਰਿਕਤਾ ਦੀ ਟਰੇਨਿੰਗ ਅੱਜ ਵੀ ਰਾਜ ਦੀ ਜ਼ਿੰਮੇਵਾਰੀ ਹੈ ਅਤੇ ਰਾਜ ਨੂੰ ਇਸ ਜ਼ਿੰਮੇਵਾਰੀ ਨੂੰ ਭਲੀਭਾਂਤ ਨਿਭਾਉਣਾ ਚਾਹੀਦਾ ਹੈ।

ਗਾਰਨਰ ਨੇ ਠੀਕ ਹੀ ਕਿਹਾ ਹੈ, ਰਾਜ ਸੁਤੰਤਰਤਾ ਦਿਵਾਉਂਦਾ ਹੈ ਅਤੇ ਉਤਸ਼ਾਹਿਤ ਕਰਦਾ ਹੈ ਤੇ ਨਾਲ ਹੀ ਪ੍ਰਤੀਬੰਧ ਵੀ ਲਗਾਉਂਦਾ ਹੈ (The state emancipates and promates as well as restraints)

ਦੂਜਾ, ਉਦਾਰਵਾਦ ਦਾ 'ਜੋ ਚਾਹੋ ਸੋ ਕਰੋ' (Policy of Laissez Faire) ਦਾ ਆਰਥਿਕ ਸਿਧਾਂਤ ਵੀ ਇਤਿਹਾਸਿਕ ਤੌਰ ਤੇ ਗਲਤ ਸਾਬਿਤ ਹੋ ਚੁਕਾ ਹੈ। ਇਸ ਸਿਧਾਂਤ ਦਾ ਨਤੀਜਾ ਮਨੁੱਖ ਦੁਆਰਾ ਮਨੁੱਖ ਦੇ ਸੋਸ਼ਣ ਦੇ ਰੂਪ ਵਿਚ ਨਿਕਲਿਆ ਹੈ। ਗਿਲਕ੍ਰਾਈਸਟ ਦਾ ਮੱਤ ਹੈ ਕਿ ਉਦਾਰਵਾਦ ਵਿਰੁੱਧ ਹੋਰ ਕੋਈ ਦਲੀਲ ਏਨੀ ਮਹੱਤਵਪੂਰਣ ਨਹੀਂ, ਜਿੰਨੇ ਕਿ ਇਸ ਸਿਧਾਂਤ ਨੂੰ ਅਪਨਾਉਣ ਦੇ ਫਲਸਰੂਪ ਇੰਗਲੈਂਡ ਦੇ ਰਾਜਨੀਤਿਕ ਅਤੇ ਆਰਥਿਕ ਜੀਵਨ ਵਿਚ ਪੇਸ਼ ਆਏ ਹਾਲਾਤ ਹਨ। 19ਵੀਂ ਸਦੀ ਦੇ ਸ਼ੁਰੂ ਵਿਚ ਮਹਿਸੂਸ ਕੀਤਾ ਗਿਆ ਕਿ ਰਾਜ ਦੀ ਦਖ਼ਲ-ਅੰਦਾਜ਼ੀ ਨਾ ਕਰਨ ਦੀ ਨੀਤੀ ਕਾਰਨ ਉਥੇ ਮਜ਼ਦੂਰਾਂ, ਬੱਚਿਆਂ ਤੇ ਔਰਤਾਂ ਨੂੰ ਅਨੇਕਾਂ ਮੁਸੀਬਤਾਂ ਤੇ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਖੁਲ੍ਹੀ ਪ੍ਰਤੀਯੋਗਤਾ (Open competetion) ਦਾ ਨਤੀਜਾ ਉਥੇ ਵਪਾਰ ਤੇ ਉਦਯੋਗ ਵਿਚ ਅਜ਼ਾਰੇਦਾਰੀ (Monopoly) ਦੇ ਰੂਪ ਵਿਚ ਨਿਕਲਿਆ।

ਇਸੇ ਤਰ੍ਹਾਂ (Survival of the fittest) 'ਯੋਗਤਮ ਹੀ ਜੀਵਿਤ ਰਹੇਗਾ' ਦਾ ਸਿਧਾਂਤ ਨਾ ਸਿਰਫ਼ ਅਸਭਯ (brutal) ਹੀ ਹੈ ਸਗੋਂ ਅਨੈਤਿਕ ਵੀ ਹੈ। ਕਮਜ਼ੋਰਾਂ ਤੇ ਲਾਚਾਰਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਰਾਜ ਦਾ ਕਰਤੱਵ ਹੈ।

ਅਜੋਕਾ ਯੁਗ ਕਲਿਆਣਕਾਰੀ ਰਾਜ ਦਾ ਯੁਗ ਹੈ, ਜਿਸ ਅਧੀਨ ਰਾਜ ਮਨੁੱਖ ਦੇ ਪੂਰੇ ਵਿਅਕਤੀਤਵ ਦੇ ਵਿਕਾਸ ਦੀ ਜ਼ਿੰਮੇਵਾਰੀ ਲੈਂਦਾ ਹੈ। ਜਾਪਾਨ ਤੇ ਭਾਰਤ ਦੇ ਤਜਰਬੇ ਤੋਂ ਇਹ ਸਾਬਿਤ ਹੋ ਗਿਆ ਹੈ ਕਿ ਰਾਜ ਦੁਆਰਾ ਆਰਥਿਕ ਗਤੀਵਿਧੀ ਨੂੰ ਵਿਨਿਯਮਿਤ ਕਰਨ ਨਾਲ ਵਿਅਕਤੀ ਦੀ ਜ਼ਿੰਦਗੀ ਵਧੇਰੇ ਖੁਸ਼ਹਾਲ ਹੋਈ ਹੈ। ਨਵ ਉਦਾਰਵਾਦ ਜਿਸ ਅਧੀਨ ਆਰਥਿਕ ਤੇ ਕਲਿਆਣਕਾਰੀ ਕਾਰਜ ਰਾਜ ਕੋਲੋਂ ਲੈ ਕੇ ਪ੍ਰਾਈਵੇਟ ਅਦਾਰਿਆਂ ਨੂੰ ਸੌਂਪਣ ਦੀ ਅਤੇ ਰਾਜ ਨੂੰ ਕੇਵਲ ਨਿਯੰਤਰਣ ਨਾਲ ਸੰਬੰਧਿਤ (regulatory) ਕਾਰਜ ਸੌਂਪਣ ਦੀ ਤਜ਼ਵੀਜ ਹੈ – ਦੇ ਸਿੱਟੇ ਅਜੇ ਸਾਹਮਣੇ ਨਹੀਂ ਆਏ, ਸੋ ਇਸ ਬਾਰੇ ਦਾਅਵੇ ਨਾਲ ਕੁਝ ਕਹਿ ਸਕਣਾ ਸੰਭਵ ਨਹੀਂ।

ਇਸ ਦੇ ਨਾਲ ਹੀ **ਮਾਰਕਸਵਾਦੀਆਂ** ਨੇ ਇਸ ਸਿਧਾਂਤ ਦੀ ਕਰੜੀ ਆਲੋਚਨਾ ਕੀਤੀ ਹੈ, ਉਹ ਉਦਾਰਵਾਦੀ ਰਾਜ ਨੂੰ ਇਕ ਸ਼੍ਰੇਣੀ ਸੰਸਥਾ (class organisation) ਮੰਨਦੇ ਹਨ, ਜਿਸ ਅਧੀਨ ਰਾਜ ਦੀ ਵਰਤੋਂ ਪੂੰਜੀਵਾਦੀ ਸ਼੍ਰੇਣੀ ਦੇ ਹਿੱਤਾਂ ਦੀ ਰਖਿਆ ਕਰਨ ਅਤੇ ਮਜ਼ਦੂਰਾਂ ਤੇ ਕਾਮਿਆਂ ਦੇ ਸੋਸ਼ਣ ਕਰਨ ਲਈ ਕੀਤੀ ਜਾਂਦੀ ਹੈ।

ਉਦਾਰਵਾਦੀਆਂ ਨੂੰ ਖੁਦ ਹੀ ਆਪਣੀਆਂ ਦਲੀਲਾਂ ਦੀਆਂ ਕਮੀਆਂ ਦੀ ਸਮਝ ਆ ਗਈਆਂ ਸਨ, ਇਸੇ ਲਈ, ਉਹਨਾਂ ਨੇ ਆਪਣੇ ਸਿਧਾਂਤ ਵਿਚ ਕਈ ਲੋੜੀਂਦੇ ਸੁਧਾਰ ਕਰ ਲਏ। ਸਾਕਾਰਾਤਮਕ ਉਦਾਰਵਾਦ (Positive Liberalism) ਅਤੇ ਰਾਜ ਦਾ ਸਾਕਾਰਾਤਮਕ ਦ੍ਰਿਸ਼ਟੀਕੋਣ ਇਹਨਾਂ ਸੁਧਾਰਾਂ ਦਾ ਹੀ ਨਤੀਜਾ ਹਨ।

## ਸਵੈ-ਅਭਿਆਸ ਲਈ ਪ੍ਰਸ਼ਨ-2

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਆਪਣੇ ਉੱਤਰ ਪਾਠ ਦੇ ਅੰਤ ਵਿਚ ਦਿੱਤੇ ਉੱਤਰਾਂ ਨਾਲ ਮਿਲਾਓ :

(i) ਉਦਾਰਵਾਦ ਦਾ ਅਰਥ ਲਿਖੋ।

(ii) ਉਦਾਰਵਾਦ ਨੇ..................ਰਾਜ ਦੀ ਧਾਰਨਾ ਦਿੱਤੀ।

(iii) ਸਾਕਾਰਾਤਮਕ ਉਦਾਰਵਾਦ ਅਧੀਨ ਰਾਜ ਨੂੰ ਸਮਾਜ ਕਲਿਆਣ ਦਾ ਸਾਧਨ ਅਤੇ ਸਮਾਜ ਦੇ ਸਾਂਝੇ ਹਿੱਤਾਂ ਦਾ ਰਖਵਾਲਾ ਮੰਨਿਆ ਜਾਣ ਲੱਗਾ। ਠੀਕ/ਗਲਤ

(iv) ਨਵ ਵਿਵਹਾਰਵਾਦ ਦੇ ਸਮਰਥਕਾਂ ਅਧੀਨ ਰਾਜ ਦੀ ਭੂਮਿਕਾ 'ਨਿਯਮਿਤ ਕਰਨ ਵਾਲੀ ਸੰਸਥਾ' (Regulatory) ਦੀ ਹੋਣੀ ਚਾਹੀਦੀ ਹੈ। ਹਾਂ/ਨਹੀਂ

(v) ਨਵ ਵਿਵਹਾਰਵਾਦ.........ਅਤੇ..........ਦੀ ਵਧਦੀ ਭੂਮਿਕਾ ਅਤੇ ਸੁਤੰਤਰਤਾ ਤੇ ਜ਼ੋਰ ਦਿੰਦਾ ਹੈ।

**2.1.4 ਰਾਜ ਦਾ ਮਾਰਕਸਵਾਦੀ ਦ੍ਰਿਸ਼ਟੀਕੋਣ (Marxist View of the State) :–** ਮਾਰਕਸਵਾਦੀ ਤੇ ਸਮਾਜਵਾਦੀ ਸਿਧਾਂਤ ਉਦਾਰਵਾਦੀ ਸਿਧਾਂਤ ਤੋਂ ਬਿਲਕੁਲ ਉਲਟ ਹੈ ਅਤੇ ਇਸ ਦਾ ਕਾਰਨ ਇਹ ਹੈ ਕਿ ਸਮਾਜਵਾਦੀ ਸਿਧਾਂਤ ਦੇ ਸਮਰਥਕਾਂ ਦੇ ਰਾਜਨੀਤੀ ਸੰਬੰਧੀ ਵਿਚਾਰਾਂ ਦਾ ਆਰੰਭ ਹੀ ਉਦਾਰਵਾਦੀਆਂ ਦੇ ਇਸ ਵਿਚਾਰ ਦੇ ਖੰਡਨ ਨਾਲ ਹੁੰਦਾ ਹੈ ਕਿ ਰਾਜ ਸਮਾਜ

ਦੀ ਭਲਾਈ ਦਾ ਸਾਧਨ ਹੈ। ਵਿਗਿਆਨਕ ਸਮਾਜਵਾਦ (ਜਿਸ ਨੂੰ ਬਹੁਤ ਵਾਰੀ ਮਾਰਕਸਵਾਦ ਵੀ ਕਹਿ ਦਿੱਤਾ ਜਾਂਦਾ ਹੈ ਕਿਉਂਕਿ ਇਸ ਦਾ ਆਧਾਰ **ਮਾਰਕਸ ਦੇ ਵਿਚਾਰ** ਹਨ) ਅਨੁਸਾਰ, ਸਮਾਜ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਅਜਿਹਾ ਸ਼੍ਰੇਣੀ ਸਮਾਜ (Class Society) ਹੈ ਜਿਸ ਵਿਚ ਮੌਜੂਦਾ ਸ਼੍ਰੇਣੀਆਂ ਦੇ ਹਿੱਤ ਇਕ ਦੂਜੇ ਨਾਲ ਟਕਰਾਉਂਦੇ ਹਨ ਅਤੇ ਮੌਲਿਕ ਤੌਰ ਤੇ ਇਕ ਦੂਜੇ ਨਾਲੋਂ ਬਿਲਕੁਲ ਵੱਖਰੇ ਹਨ। ਇਹੋ ਜਿਹੇ ਵਿਰੋਧੀ ਧਿਰਾਂ ਵਿਚ ਵੰਡੇ ਹੋਏ ਸਮਾਜ ਵਿਚ ਸਮੁੱਚੇ ਸਮਾਜ ਦੀ ਗੱਲ ਕਰਨਾ ਇਕ ਭਰਮ ਮਾਤਰ ਹੈ। ਮਾਰਕਸਵਾਦੀ ਇਸ ਵਿਚਾਰ ਨਾਲ ਵੀ ਸਹਿਮਤ ਨਹੀਂ ਕਿ ਰਾਜ ਲੋਕ ਕਲਿਆਣ ਦੀ ਏਜੰਸੀ ਅਤੇ ਸਮਾਜ ਦੀ ਇਕ ਸਥਾਈ ਸੰਸਥਾ ਹੈ। ਉਹ ਰਾਜ ਨੂੰ ਅਮੀਰਾਂ (Haves) ਦੁਆਰਾ ਬਣਾਈ ਹੋਈ ਸੰਸਥਾ ਮੰਨਦੇ ਹਨ ਅਤੇ ਇਸ ਦਾ ਮੰਤਵ ਹੈ ਸੱਤਾਧਾਰੀ ਸ਼੍ਰੇਣੀ ਦੇ ਹਿੱਤਾਂ ਲਈ ਮੌਜੂਦਾ (Existing) ਢਾਂਚੇ ਨੂੰ ਕਾਇਮ ਰੱਖਣ ਲਈ ਕਾਰਜ ਕਰਨਾ ਅਤੇ ਹੋਰ ਸ਼੍ਰੇਣੀਆਂ ਨੂੰ ਦਬਾ ਕੇ ਰੱਖਣਾ ਤਾਂ ਕਿ ਉਹ ਸੱਤਾਧਾਰੀ ਸ਼੍ਰੇਣੀ ਦਾ ਵਿਰੋਧ ਨਾ ਕਰ ਸਕਣ। ਏਥੇ ਇਹ ਸਪੱਸ਼ਟ ਕਰ ਦੇਣਾ ਵੀ ਲਾਜ਼ਮੀ ਹੈ ਕਿ ਮਾਰਕਸਵਾਦੀਆਂ ਦੇ ਰਾਜ ਦੇ ਕਾਰਜਾਂ ਬਾਰੇ ਇਸ ਸਿਧਾਂਤ ਨੂੰ ਰਾਜ ਦੇ ਕਾਰਜਾਂ ਦਾ ਸਮਾਜਵਾਦੀ ਸਿਧਾਂਤ ਇਸ ਲਈ ਵੀ ਕਿਹਾ ਜਾਂਦਾ ਹੈ ਕਿਉਂਕਿ ਮਾਰਕਸਵਾਦ ਦਾ ਅੰਤਿਮ ਟੀਚਾ ਰਾਜ ਰਹਿਤ ਤੇ ਸ਼੍ਰੇਣੀ ਰਹਿਤ ਸਮਾਜ ਹੈ। ਇਸ ਸਿਧਾਂਤ ਦੇ ਸਮਰਥਕਾਂ ਅਨੁਸਾਰ ਰਾਜ ਦੀ ਹੋਂਦ ਸਿਰਫ ਪਰਿਵਰਤਨਸ਼ੀਲ ਅਵਸਥਾ (Transitional Stage) ਵਿਚ ਵੀ ਹੋਵੇਗੀ ਜਿਸ ਨੂੰ ਮਾਰਕਸਵਾਦੀ 'ਸਮਾਜਵਾਦ' ਦਾ ਨਾਂ ਦਿੰਦੇ ਹਨ।

ਜਿਵੇਂ ਕਿ ਉਪਰੋਕਤ ਵਰਨਣ ਤੋਂ ਸਪੱਸ਼ਟ ਹੈ, ਸਮਾਜਵਾਦੀ ਰਾਜ ਦੇ ਕਾਰਜਾਂ ਬਾਰੇ ਮਾਰਕਸਵਾਦੀਆਂ ਦੇ ਇਹਨਾਂ ਵਿਲੱਖਣ ਵਿਚਾਰਾਂ ਦਾ ਆਧਾਰ ਉਹਨਾਂ ਦੇ ਰਾਜ ਦੀ ਉਤਪੱਤੀ ਬਾਰੇ ਵਿਚਾਰ ਹਨ। ਸੋ ਰਾਜ ਦੇ ਕਾਰਜਾਂ ਬਾਰੇ ਸਮਝਣ ਲਈ ਸਭ ਤੋਂ ਪਹਿਲਾਂ ਉਹਨਾਂ ਦੇ ਰਾਜ ਦੀ ਉਤਪੱਤੀ ਸੰਬੰਧੀ ਵਿਚਾਰ ਜਾਣਨਾ ਜ਼ਰੂਰੀ ਹੈ।

### 2.1.4.1 ਰਾਜ ਦੀ ਉਤਪੱਤੀ ਸੰਬੰਧੀ ਮਾਰਕਸਵਾਦੀ ਵਿਚਾਰ

ਜੇ.ਸੀ. ਜੌਹਰੀ ਦੇ ਸ਼ਬਦਾਂ ਵਿਚ : ਮਾਰਕਸਵਾਦੀ ਸਿਧਾਂਤ ਅਨੁਸਾਰ, ਰਾਜ ਨਾ ਤਾਂ ਮਨੁੱਖੀ ਚੇਤਨਾ ਦਾ ਨਤੀਜਾ ਹੈ, ਨਾ ਹੀ ਲੋਕਾਂ ਦੀ ਸਹਿਮਤੀ ਤੇ ਆਧਾਰਿਤ ਇਕ ਬਣਾਵਟੀ ਸੰਸਥਾ, ਨਾ ਹੀ ਇਹ ਸਿਰਫ ਸਦੀਆਂ ਦੇ ਅਜਿਹੇ ਵਿਕਾਸ ਦਾ ਸਿੱਟਾ ਮਾਤਰ ਹੈ ਜਿਸ ਵਿਚ ਜਾਤੀ, ਧਰਮ, ਸਹਿਮਤੀ ਅਤੇ ਸ਼ਕਤੀ ਵਰਗੇ ਤੱਤਾਂ ਦਾ ਯੋਗਦਾਨ ਹੈ ਅਤੇ ਨਾ ਹੀ ਇਹ ਲੋਕ ਭਲਾਈ ਦਾ ਇਕ ਸਾਧਨ ਹੀ ਹੈ। ਇਹ ਇਕ ਸ਼੍ਰੇਣੀ ਦੁਆਰਾ ਦੂਜੀ ਸ਼੍ਰੇਣੀ ਉੱਤੇ ਜ਼ਬਰ ਅਤੇ ਸੋਸ਼ਣ ਦਾ ਇਕ ਸਾਧਨ ਮਾਤਰ ਹੈ, ਹੋਰ ਕੁਝ ਨਹੀਂ, ਇਹ ਸ਼੍ਰੇਣੀ ਵਿਰੋਧ ਤੇ ਸੰਘਰਸ਼ ਦੇ ਨਤੀਜੇ ਵਜੋਂ ਹੋਂਦ ਵਿਚ ਆਈ ਇਕ ਅਜਿਹੀ ਸੰਸਥਾ ਹੈ ਜੋ ਉਦੋਂ ਤਕ ਹੋਂਦ ਵਿਚ ਰਹੇਗੀ ਜਦੋਂ ਤਕ ਇਹ ਸੰਘਰਸ਼ ਖ਼ਤਮ ਨਹੀਂ ਹੋ ਜਾਂਦਾ। ਜਿਵੇਂ **ਲੈਨਿਨ (Lenin)** ਨੇ ਵੀ ਕਿਹਾ ਹੈ, ਸ਼੍ਰੇਣੀਆਂ ਵਿਚ ਵੰਡੇ ਅਤੇ ਵਿਰੋਧੀ ਵਿਚਾਰਾਂ ਵਾਲੇ ਇਕ ਸਮਾਜ ਵਿਚ ਰਾਜ ਇਕ ਅਜਿਹਾ ਰਾਜਨੀਤਿਕ ਜੰਤਰ (Political Mechanism) ਹੈ ਜਿਸ ਦੀ ਵਰਤੋਂ ਇਕ ਸ਼੍ਰੇਣੀ ਦੂਜੀ ਸ਼੍ਰੇਣੀ ਉੱਤੇ ਆਪਣਾ ਗਲਬਾ ਜਾਂ ਅਧਿਕਾਰ ਜਮਾਉਣ ਲਈ ਕਰਦੀ ਹੈ।

ਮਾਰਕਸਵਾਦੀਆਂ ਦੇ ਮੱਤ ਅਨੁਸਾਰ, ਮਾਨਵ ਜੀਵਨ ਲਈ ਲੋੜੀਂਦੀਆਂ ਚੀਜ਼ਾਂ ਦੇ ਉਤਪਾਦਨ ਦੇ ਸਾਧਨ ਹੀ ਜੀਵਨ ਦੀਆਂ ਸਮਾਜਿਕ, ਰਾਜਨੀਤਿਕ ਅਤੇ ਬੌਧਿਕ (Intellectual) ਪ੍ਰਕ੍ਰਿਆਵਾਂ ਨਿਰਧਾਰਿਤ ਕਰਦੇ ਹਨ। ਉਤਪਾਦਨ ਦੇ ਸਾਧਨਾਂ ਦੇ ਨਤੀਜੇ ਵਜੋਂ ਵਿਅਕਤੀਆਂ ਦੇ ਆਪਸ ਵਿਚ ਕੁਝ ਜ਼ਰੂਰੀ ਤੇ ਨਿਸ਼ਚਿਤ ਉਤਪਾਦਨ ਸੰਬੰਧ ਸਥਾਪਿਤ ਹੁੰਦੇ ਹਨ ਜਿਹਨਾਂ ਦਾ ਆਧਾਰ ਉਸ ਖਾਸ ਸਮੇਂ ਤੇ ਮੌਜੂਦ ਉਤਪਾਦਨ ਦੀਆਂ ਸ਼ਕਤੀਆਂ ਹੁੰਦੀਆਂ ਹਨ। ਮਾਰਕਸਵਾਦੀਆਂ ਦਾ ਮੱਤ ਹੈ ਕਿ ਰਾਜ ਹਮੇਸ਼ਾਂ ਹੀ ਹੋਂਦ ਵਿਚ ਨਹੀਂ ਸੀ ਸਗੋਂ ਇਹ ਤਾਂ ਉਤਪਾਦਨ ਸੰਬੰਧਾਂ ਦੇ ਸਿੱਟੇ ਵਜੋਂ ਹੋਂਦ ਵਿਚ ਆਈ ਸੰਸਥਾ ਹੈ। ਮੁਢਲੇ ਸਮਾਜ ਵਿਚ ਰਾਜ ਨਾਂ ਦੀ ਕੋਈ ਸੰਸਥਾ ਨਹੀਂ ਸੀ ਕਿਉਂਕਿ ਉਸ ਵੇਲੇ ਸਮਾਜ ਵਿਚ ਦੋ ਆਪਸ ਵਿਰੋਧੀ ਸ਼੍ਰੇਣੀਆਂ ਜਾਂ ਸ਼੍ਰੇਣੀ ਸੰਘਰਸ਼ ਮੌਜੂਦ ਨਹੀਂ ਸੀ। ਖੇਤੀਬਾੜੀ ਤੇ ਧਾਤਾਂ ਦੇ ਪਿਘਲਾਉਣ ਵਰਗੇ ਨਵੇਂ ਉਤਪਾਦਨ ਸਾਧਨਾਂ ਦੇ ਹੋਂਦ ਵਿਚ ਆਉਣ ਨਾਲ ਸਮਾਜ ਵਿਚ ਮਹੱਤਵਪੂਰਣ ਪਰਿਵਰਤਨ ਆਏ ਜਿਨ੍ਹਾਂ ਕਾਰਣ ਸਮਾਜ ਵਿਚ ਸ਼੍ਰੇਣੀ ਵੰਡ ਦਾ ਆਰੰਭ ਹੋ ਗਿਆ ਅਤੇ ਸ਼੍ਰੇਣੀ ਰਹਿਤ ਮੁਢਲਾ ਸਮਾਜ ਸਮਾਪਤ ਹੋ ਗਿਆ। ਇਹਨਾਂ ਨਵੇਂ ਉਤਪਾਦਨ ਸੰਬੰਧਾਂ ਦੇ ਫਲਸਰੂਪ ਨਿੱਜੀ ਸੰਪਤੀ ਹੋਂਦ ਵਿਚ ਆਈ ਜਿਸ ਕਾਰਨ ਅਮੀਰਾਂ (Haves) ਦੁਆਰਾ ਗਰੀਬਾਂ (Have Nots) ਦਾ ਸੋਸ਼ਣ ਸ਼ੁਰੂ ਹੋ ਗਿਆ। ਸਭ ਤੋਂ ਪਹਿਲਾਂ ਰਾਜ ਦਾਸ ਪ੍ਰਥਾ ਵਾਲਾ ਰਾਜ ਸੀ ਅਤੇ ਇਸ ਵਿਚਲੀਆਂ ਦੋ ਸ਼੍ਰੇਣੀਆਂ ਸਨ - ਦਾਸ (Slaves) ਤੇ ਉਹਨਾਂ ਦੇ ਮਾਲਕ (Masters)। ਇਸ ਤੋਂ ਬਾਅਦ ਜਾਗੀਰਦਾਰੀ ਰਾਜ ਦੀ ਪ੍ਰਥਾ ਹੋਂਦ ਵਿਚ ਆਈ ਜਿਸ ਵਿਚ ਸ਼੍ਰੇਣੀ ਸੰਘਰਸ਼ ਜਾਗੀਰਦਾਰਾਂ (Feudal Lords) ਤੇ ਮੁਜ਼ਾਰਿਆਂ (Tenents) ਵਿਚ ਸੀ। ਅਗਲੀ ਵਿਵਸਥਾ ਪੂੰਜੀਵਾਦੀ ਰਾਜ ਸੀ ਜਿਸ ਵਿਚ ਸ਼ੋਸ਼ਿਤ ਸ਼੍ਰੇਣੀ ਕਾਮੇ (Workers) ਅਤੇ ਸੋਸ਼ਣ ਕਰਨ ਵਾਲੇ ਪੂੰਜੀਪਤੀ (Capitalists) ਸਨ। ਮਾਰਕਸ ਦਾ ਮੱਤ

ਹੈ ਕਿ ਕੁਝ ਕੁ ਅੰਤਰਾਂ ਜਾਂ ਫਰਕਾਂ ਦੇ ਬਾਵਜੂਦ ਵੀ ਇਹਨਾਂ ਤਿੰਨਾਂ ਪ੍ਰਕਾਰ ਦੇ ਰਾਜਾਂ ਵਿਚ ਇਕ ਚੀਜ਼ ਜੋ ਸਾਂਝੀ ਸੀ, ਉਹ ਸੀ ਆਮ ਲੋਕਾਂ ਤੇ ਨਿਯੰਤਰਣ ਰੱਖਣਾ ਅਤੇ ਕਾਮਿਆਂ ਵਾਲੀ ਸ਼੍ਰੇਣੀ ਦੁਆਰਾ ਆਪਣੇ ਸੋਸ਼ਣ ਤੋਂ ਮੁਕਤੀ ਲਈ ਕੀਤੇ ਗਏ ਕਿਸੇ ਵੀ ਯਤਨ ਨੂੰ ਪੂਰੀ ਤਰ੍ਹਾਂ ਦਬਾ ਦੇਣਾ।

wkoe; t kdhn K dk wZ j ?fe oki nkofEe nkXko (Economic Superstructure) ਉੱਤੇ ਉਸਾਰਿਆ ਗਿਆ ਇਕ ਢਾਂਚਾ ਹੈ। ਇਹ ਆਰਥਿਕ ਤੌਰ ਤੇ ਸ਼ਕਤੀਸ਼ਾਲੀ ਸ਼੍ਰੇਣੀ ਦੁਆਰਾ ਬਣਾਇਆ ਗਿਆ ਸੰਗਠਨ ਹੈ ਜੋ ਕਿ ਰਾਜ ਦੀ ਮਿਹਰਬਾਨੀ ਨਾਲ ਰਾਜਨੀਤਿਕ ਤੌਰ ਤੇ ਵੀ ਸ਼ਕਤੀਸ਼ਾਲੀ ਹੋ ਜਾਂਦਾ ਹੈ। ਰਾਜ ਦੀ ਮੂਲ ਪ੍ਰਕ੍ਰਿਤੀ ਦਾ ਨਿਰਣਾਇਕ ਤੱਤ, ਸ਼ਾਸਕ ਵਰਗ ਦੇ ਸਮਾਜ ਦੀਆਂ ਹੋਰ ਸ਼੍ਰੇਣੀਆਂ ਨਾਲ ਸੰਬੰਧ ਹਨ। ਰਾਜ, ਸੱਤਾਧਾਰੀ ਸ਼੍ਰੇਣੀ ਦੁਆਰਾ ਆਪਣੇ ਹੀ ਹਿੱਤਾਂ ਦੀ ਅਤੇ ਇਸ ਤੋਂ ਵੀ ਵੱਧ, ਉਸ ਸੰਪਤੀ ਦੀ ਰੱਖਿਆ ਕਰਨ ਲਈ ਬਣਾਈ ਗਈ ਸੰਸਥਾ ਹੈ ਜੋ ਕਿ ਇਸ ਵਰਗ ਦੀ ਮਲਕੀਅਤ ਹੈ।ਸੋਸ਼ਣ ਵਾਲੇ ਸਮਾਜਿਕ ਢਾਂਚੇ ਵਿਚ ਰਾਜ ਦਾ ਮੁੱਖ ਕਾਰਜ ਸ਼ੋਸ਼ਿਤ ਵਰਗ ਨੂੰ ਪੂਰੀ ਤਰ੍ਹਾਂ ਦਬਾ ਕੇ ਰੱਖਣਾ ਹੈ। ਇਸ ਮੰਤਵ ਲਈ ਰਾਜ ਸ਼ਕਤੀ ਦੀ ਅਤੇ ਜਬਰ ਦੇ ਹੋਰ ਢੰਗਾਂ ਦੀ ਵਰਤੋਂ ਕਰਦਾ ਹੈ। ਇਸ ਤਰ੍ਹਾਂ ਮਾਰਕਸਵਾਦੀਆਂ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਰਾਜ ਨਾਂ ਦੀ ਸੰਸਥਾ ਸੰਪਤੀ ਵਾਲੀ ਸ਼੍ਰੇਣੀ ਦੇ ਹਿੱਤਾਂ ਦੀ ਰਖਿਆ ਲਈ ਅਤੇ ਸੰਪਤੀ ਕਾਰਨ ਹੋਣ ਵਾਲੇ ਸੰਘਰਸ਼ ਨੂੰ ਨਿਯੰਤਰਣ ਵਿਚ ਰੱਖਣ ਲਈ ਹੋਂਦ ਵਿਚ ਆਈ ਹੈ। ਇਸ ਦਾ ਭਾਵ ਇਹ ਵੀ ਹੈ ਕਿ ਜੇਕਰ ਸਮਾਜਵਾਦੀ ਉਤਪਾਦਨ ਸਾਧਨਾਂ ਦੇ ਹੋਂਦ ਵਿਚ ਆਉਣ ਨਾਲ ਸਮਾਜ ਇਕ ਵਾਰੀ ਫੇਰ ਸ਼੍ਰੇਣੀ ਰਹਿਤ (Classless) ਹੋ ਜਾਂਦਾ ਹੈ, ਜਿਸ ਦਾ ਸਮਰਥਨ ਮਾਰਕਸਵਾਦੀ ਕਰਦੇ ਹਨ, ਤਾਂ ਫਿਰ ਰਾਜ ਦੀ ਲੋੜ ਨਹੀਂ ਰਹਿ ਜਾਏਗੀ।

## ਸਵੈ-ਅਭਿਆਸ ਲਈ ਪ੍ਰਸ਼ਨ-3

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :-

ਆਪਣੇ ਉੱਤਰਾਂ ਨੂੰ ਪਾਠ ਦੇ ਅੰਤ ਤੇ ਦਿੱਤੇ ਉੱਤਰਾਂ ਨਾਲ ਮਿਲਾਉ।

i. ਮਾਰਕਸਵਾਦੀਆਂ ਅਨੁਸਾਰ ਰਾਜ ਇਕ............ਸੰਸਥਾ ਹੈ। (ਬਨਾਵਟੀ/ਕੁਦਰਤੀ)

ii. ਮਾਰਕਸਵਾਦੀ ਰਾਜ ਨੂੰ ਜਬਰ, ਸ਼੍ਰੇਣੀ ਵਿਰੋਧ ਤੇ ਸੰਘਰਸ਼ ਵਜੋਂ ਹੋਂਦ ਵਿਚ ਆਈ ਸੰਸਥਾ ਮੰਨਦੇ ਹਨ। (ਠੀਕ/ਗਲਤ)

iii. ਮਾਰਕਸਵਾਦੀ ਰਾਜ ਨੂੰ..........ਤੇ ਉਸਾਰਿਆ ਹੋਇਆ ਢਾਂਚਾ ਮੰਨਦੇ ਹਨ।
(ਆਰਥਿਕ ਆਧਾਰ/ਸਮਾਜਿਕ ਆਧਾਰ)

iv. ਮਾਰਕਸਵਾਦੀ ਵਿਚਾਰਕਾਂ ਅਨੁਸਾਰ ਉਤਪਾਦਨ ਦੇ ਸਾਧਨ ਹੀ ਜੀਵਨ ਦੀਆਂ ਸਮਾਜਿਕ ਰਾਜਨੀਤਿਕ ਅਤੇ ਬੌਧਿਕ ਪ੍ਰਕ੍ਰਿਆਵਾਂ ਨਿਸ਼ਚਿਤ ਕਰਦੇ ਹਨ।
(ਠੀਕ/ਗਲਤ)

v. ਮਾਰਕਸਵਾਦ ਦੀ ਆਲੋਚਨਾ ਦੇ ਕੋਈ ਦੋ ਨੁਕਤੇ।

### 2.1.4.2 ਮਾਰਕਸਵਾਦ-ਆਲੋਚਨਾਤਮਕ ਮੁਲਾਂਕਣ (Marxism—A Critical Evaluation)

ਇਤਿਹਾਸਕ ਭੌਤਿਕਵਾਦ (Historical materialism) ਜੋ ਕਿ ਮਾਰਕਸਵਾਦੀ ਦ੍ਰਿਸ਼ਟੀਕੋਣ ਦਾ ਆਧਾਰਭੂਤ ਸਿਧਾਂਤ ਹੈ, ਇਤਿਹਾਸ ਦਾ ਸਹੀ ਵਿਸ਼ਲੇਸ਼ਣ ਨਹੀਂ ਹੈ। ਇਤਿਹਾਸ ਇਸ ਤੱਥ ਦਾ ਗਵਾਹ ਹੈ ਕਿ ਪਰਿਵਰਤਨ (change) ਕੇਵਲ ਆਰਥਿਕ ਤੱਤਾਂ ਜਾਂ ਕਾਰਣਾਂ ਕਰਕੇ ਨਹੀਂ ਹੁੰਦਾ ਸਗੋਂ ਲੋਕਾਂ ਦੀਆਂ ਭਾਵਨਾਵਾਂ, ਮਨੋਵਿਰਤੀਆਂ, ਜਜ਼ਬੇ, ਧਰਮ ਅਤੇ ਵਿਅਕਤੀਤਵ ਆਦਿ ਅਨੇਕਾਂ ਤੱਤ ਇਤਿਹਾਸ ਨੂੰ ਪ੍ਰਭਾਵਿਤ ਕਰਦੇ ਹਨ।

ਇਸੇ ਤਰ੍ਹਾਂ ਸ਼੍ਰੇਣੀ ਯੁੱਧ (Class war) ਦਾ ਮਾਰਕਸਵਾਦੀ ਸਿਧਾਂਤ ਵੀ ਠੀਕ ਨਹੀਂ, ਕਿਉਂਕਿ ਇਸ ਵਿਚ ਸਚਾਈ ਘਟ ਹੈ ਅਤੇ ਪ੍ਰਾਪੇਗੰਡਾ ਜਾਂ ਪ੍ਰਚਾਰ ਜ਼ਿਆਦਾ।

ਤੀਜਾ, ਇਹ ਕਹਿਣਾ ਵੀ ਗਲਤ ਹੈ ਕਿ ਰਾਜ ਇਕ ਸ਼੍ਰੇਣੀ ਨਾਲ ਸੰਬੰਧਿਤ ਸੰਸਥਾ ਹੈ, ਤੇ ਇਹ ਸ਼੍ਰੇਣੀ ਹਿਤਾਂ ਦੀ ਰਖਿਆ ਕਰਨ ਲਈ ਕਾਰਜ ਕਰਦੀ ਹੈ। ਰਾਜ ਤਾਂ ਸਭ ਦੀ ਸੰਸਥਾ ਹੈ, ਅਤੇ ਇਹ ਰਾਜ ਵਿਚ ਅਜਿਹੇ ਹਾਲਾਤ ਸੰਭਵ ਬਣਾਉਂਦਾ ਹੈ, ਜਿਹਨਾਂ ਅਧੀਨ ਵਿਅਕਤੀ ਆਪਣੇ ਵਿਅਕਤੀਤਵ ਦਾ ਸਰਬਪੱਖੀ ਵਿਕਾਸ ਕਰ ਸਕੇ।

ਅਜੋਕੇ ਰਾਜ ਦਾ ਉਦੇਸ਼ ਆਮ ਭਲਾਈ ਜਾਂ ਸਭ ਦੀ ਭਲਾਈ ਸੰਭਵ ਬਣਾਉਣਾ ਹੈ। ਇਹ ਵਿਭਿੰਨ ਅਤੇ ਆਪਸ

ਵਿਰੋਧੀ ਹਿੱਤਾਂ ਵਿਚ ਸੁਮੇਲ ਪੈਦਾ ਕਰਕੇ ਸਮਾਜ ਵਿਚ ਇਕਸੁਰਤਾ (harmony) ਸੰਭਵ ਬਣਾਉਂਦਾ ਹੈ।

ਸੋਵੀਅਤ ਯੂਨੀਅਨ ਤੇ ਦੁਨੀਆਂ ਦੇ ਕਈ ਹੋਰ ਦੇਸ਼ਾਂ ਵਿਚ ਸਮਾਜਵਾਦੀ ਰਾਜ ਦਾ ਅਸਫਲ ਹੋ ਜਾਣਾ ਇਸ ਤੱਥ ਦੀ ਪੁਰਜ਼ੋਰ ਪੁਸ਼ਟੀ ਕਰਦਾ ਹੈ ਕਿ ਮਾਰਕਸਵਾਦੀ ਸਿਧਾਂਤ ਗਲਤ ਹੈ। ਰਾਜਹੀਨ ਸਾਮਵਾਦੀ ਸਮਾਜ ਦੀ ਧਾਰਨਾ ਕੇਵਲ ਇਕ ਕਲਪਨਾ ਮਾਤਰ ਹੈ, ਜੋ ਦੁਨੀਆਂ ਵਿਚ ਹੋ ਰਹੀ ਪ੍ਰਗਤੀ ਦੀ ਯਥਾਰਕਤਾ ਨਾਲ ਮੇਲ ਨਹੀਂ ਖਾਂਦੀ।

### 2.1.5 ਸਾਰੰਸ਼ (Conclusion) :

ਇਸ ਪਾਠ ਵਿਚ ਅਸੀਂ ਰਾਜ ਬਾਰੇ ਉਦਾਰਵਾਦੀ ਅਤੇ ਮਾਰਕਸਵਾਦੀ ਦ੍ਰਿਸ਼ਟੀਕੋਣ ਦੀ ਚਰਚਾ ਕੀਤੀ ਹੈ। ਉਦਾਰਵਾਦ ਉਹ ਧਾਰਨਾ ਹੈ ਜਿਸ ਅਨੁਸਾਰ ਵਿਅਕਤੀ ਨੂੰ ਵੱਧ ਤੋਂ ਵੱਧ ਸੁਤੰਤਰਤਾ ਮਿਲਣੀ ਚਾਹੀਦੀ ਹੈ ਤਾਂ ਕਿ ਉਸ ਦਾ ਸਰਬਪੱਖੀ ਵਿਕਾਸ ਸੰਭਵ ਹੋ ਸਕੇ। ਇਸ ਮੰਤਵ ਲਈ ਜਿਥੇ ਨਾਕਾਰਾਤਮਕ ਉਦਾਰਵਾਦੀਆਂ ਨੇ ਰਾਜ ਨੂੰ ਘੱਟ ਤੋਂ ਘੱਟ ਕਾਰਜ ਸੌਂਪਣ ਦੀ ਪ੍ਰੋੜ੍ਹਤਾ ਕੀਤੀ ਹੈ, ਉਥੇ ਸਾਕਾਰਾਤਮਕ ਉਦਾਰਵਾਦੀਆਂ ਦਾ ਮੱਤ ਹੈ ਕਿ ਰਾਜ ਨੂੰ ਮਨੁੱਖ ਦੇ ਸਰਬਪੱਖੀ ਵਿਕਾਸ ਲਈ ਵੱਧ ਤੋਂ ਵੱਧ ਕਾਰਜ ਕਰਨੇ ਚਾਹੀਦੇ ਹਨ ਤਾਂ ਕਿ ਉਸ ਨੂੰ ਆਪਣੇ ਵਿਕਾਸ ਲਈ ਲੋੜੀਂਦਾ ਮਾਹੌਲ ਤੇ ਅਵਸਰ ਮਿਲ ਸਕਣ। ਨਵ ਵਿਵਹਾਰਵਾਦ ਰਾਜ ਦੀ ਥਾਂ ਕਾਰਪੋਰੇਸ਼ਨਾਂ ਤੇ ਗੈਰ ਸਰਕਾਰੀ ਅਦਾਰਿਆਂ ਨੂੰ ਕਲਿਆਣਕਾਰੀ ਕਾਰਜ ਸੌਂਪਣਾ ਚਾਹੁੰਦਾ ਹੈ ਤੇ ਰਾਜ ਨੂੰ ਸਿਰਫ਼ ਵਿਨਿਯਮਿਤ ਕਰਨ ਦੀ ਭੂਮਿਕਾ ਕਿਉਂਕਿ ਇਸ ਦੇ ਸਮਰਥਕਾਂ ਦਾ ਮੱਤ ਹੈ ਕਿ ਰਾਜ ਦੁਆਰਾ ਏਨੇ ਸਾਰੇ ਕਾਰਜ ਕਰਨ ਦਾ ਯਤਨ ਕਰਨ ਦਾ ਨਤੀਜਾ ਅਵਿਵਸਥਾ ਵਿਚ ਨਿਕਲਦਾ ਹੈ, ਜਿਸ ਕਰਕੇ ਵਿਅਕਤੀ ਦੀ ਭਲਾਈ ਦਾ ਮੰਤਵ ਪ੍ਰਾਪਤ ਨਹੀਂ ਹੋ ਸਕਦਾ। ਮਾਰਕਸਵਾਦੀ ਦ੍ਰਿਸ਼ਟੀਕੋਣ ਦੇ ਸਮਰਥਕ ਰਾਜ ਨੂੰ ਇਕ ਸ਼੍ਰੇਣੀ ਭਾਵ ਅਮੀਰਾਂ ਨਾਲ ਸੰਬੰਧਿਤ ਸੰਸਥਾ ਮੰਨਦੇ ਹਨ, ਜੋ ਕਿ ਗਰੀਬਾਂ ਦਾ ਸੋਸ਼ਣ ਕਰਦੀ ਹੈ। ਉਹ ਇਕ ਰਾਜ ਹੀਨ ਤੇ ਸ਼੍ਰੇਣੀ ਹੀਨ ਸਮਾਜ ਦੇ ਸਮਰਥਕ ਹਨ। ਅਸਲ ਵਿਚ ਉਹ ਕ੍ਰਾਂਤੀ ਰਾਹੀਂ ਸ਼੍ਰੇਣੀਆਂ ਵਾਲੇ ਸਮਾਜ ਨੂੰ ਖਤਮ ਕਰਨ ਦਾ ਸਮਰਥਨ ਕਰਦੇ ਹਨ ਤੇ ਉਹਨਾਂ ਦਾ ਮੱਤ ਹੈ ਕਿ ਸ਼੍ਰੇਣੀ ਹੀਨ ਸਮਾਜ ਵਿਚ ਰਾਜ, ਜੋ ਕਿ ਸੋਸ਼ਣ ਤੇ ਆਧਾਰਿਤ ਸੰਸਥਾ ਹੈ, ਦੀ ਲੋੜ ਹੀ ਨਹੀਂ ਰਹੇਗੀ।

## 2.1.6 ਸਵੈ ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ

**ਸਵੈ–ਅਭਿਆਸ 1**

(i) ਉਦਾਰਵਾਦ ਉਹ ਧਾਰਨਾ ਹੈ, ਜੋ ਜੀਵਨ ਦੇ ਸਾਰੇ ਖੇਤਰਾਂ ਵਿਚ ਉਦਾਰ ਰਵਈਆ ਅਪਨਾਉਣ ਦਾ ਤੇ ਵਿਅਕਤੀ ਨੂੰ ਵਧ ਤੋਂ ਵਧ ਸੁਤੰਤਰਤਾ ਪ੍ਰਦਾਨ ਕਰਨ ਦਾ ਸਮਰਥਨ ਕਰਦੀ ਹੈ, ਤਾਂ ਕਿ ਉਸ ਦਾ ਸਰਬਪੱਖੀ ਵਿਕਾਸ ਸੰਭਵ ਹੋ ਸਕੇ।

(ii) ਨਾਕਾਰਾਤਮਕ ਉਦਾਰਵਾਦੀ ਰਾਜ ਨੂੰ ਇਕ ਜ਼ਰੂਰੀ ਬੁਰਾਈ (necessary evil) ਮੰਨਦੇ ਹਨ। 'ਜ਼ਰੂਰੀ' ਇਸ ਲਈ ਕਿਉਂਕਿ ਇਸ ਬਗੈਰ ਸੰਗਠਿਤ ਤੇ ਸਭਯ ਜੀਵਨ ਸੰਭਵ ਨਹੀਂ ਤੇ 'ਬੁਰਾਈ' ਇਸ ਲਈ ਕਿ ਜਿੰਨੇ ਜ਼ਿਆਦਾ ਰਾਜ ਦੇ ਕਾਨੂੰਨ ਹੋਣਗੇ, ਓਨੇ ਜ਼ਿਆਦਾ ਵਿਅਕਤੀ ਦੀ ਸੁਤੰਤਰਤਾ ਦੇ ਬੰਧਨ ਹੋਣਗੇ। ਇਸ ਲਈ ਉਹ ਰਾਜ ਨੂੰ ਘੱਟ ਤੋਂ ਘੱਟ ਕੰਮ ਸੌਂਪਣ ਦਾ ਸਮਰਥਨ ਕਰਦੇ ਹਨ ਤਾਂ ਕਿ ਵਿਅਕਤੀ ਵੱਧ ਤੋਂ ਵੱਧ ਸੁਤੰਤਰਤਾ ਮਾਣ ਸਕੇ।

(iii) ਕੰਮ ਦਾ ਅਮਾਨਵੀ ਮਾਹੌਲ (ਅ) ਘੱਟ ਤਨਖਾਹਾਂ (ੲ) ਗਰੀਬੀ ਤੇ ਅਨਪੜ੍ਹਤਾ

**ਸਵੈ–ਅਭਿਆਸ– 2**

(i) ਸਾਕਾਰਾਤਮਕ ਉਦਾਰਵਾਦੀ ਰਾਜ ਨੂੰ ਇਕ ਸਾਕਾਰਾਤਮਕ ਅਛਾਈ (positive good) ਮੰਨਦੇ ਹਨ। ਉਹਨਾਂ ਅਨੁਸਾਰ ਰਾਜ ਹੀ ਆਪਣੇ ਕਾਨੂੰਨ ਰਾਹੀਂ ਉਹ ਮਾਹੌਲ ਪ੍ਰਦਾਨ ਕਰ ਸਕਦਾ ਹੈ ਜਿਸ ਵਿਚ ਵਿਅਕਤੀ ਦਾ ਸਰਬ ਪੱਖੀ ਵਿਕਾਸ ਸੰਭਵ ਹੈ। ਸੋ ਰਾਜ ਨੂੰ ਮਨੁਖ ਦੇ ਜੀਵਨ ਦੇ ਹਰ ਖੇਤਰ ਨੂੰ ਵਿਨਿਯਮਿਤ ਕਰਨ ਲਈ ਕਾਨੂੰਨ ਬਣਾਉਣੇ ਚਾਹੀਦੇ ਹਨ।

(ii) ਸਾਕਾਰਾਤਮਕ

(iii) ਠੀਕ

(iv) ਹਾਂ

(v) ਕਾਰਪੋਰੇਸ਼ਨਾਂ ਤੇ ਗੈਰ ਸਰਕਾਰੀ ਸੰਸਥਾਵਾਂ।

**ਸਵੈ-ਅਭਿਆਸ 3**

(i) ਬਨਾਵਟੀ

(ii) ਠੀਕ

(iii) ਆਰਥਿਕ ਆਧਾਰ

(iv) ਠੀਕ

(v) (a) ਰਾਜ ਬਨਾਵਟੀ ਨਹੀਂ ਸਗੋਂ ਕੁਦਰਤੀ ਸੰਸਥਾ ਹੈ।
(b) ਰਾਜਹੀਨ ਸਮਾਜ ਦੀ ਸਥਾਪਨਾ ਸੰਭਵ ਨਹੀਂ।

**ਸਵੈ-ਅਭਿਆਸ 4**

(i) ਰਾਜ ਰੂਪੀ

(ii) ਠੀਕ

(iii) (ੳ) ਰਾਜ ਹਿੰਸਾ ਤੇ ਆਧਾਰਿਤ ਸੰਸਥਾ ਹੈ। (ਅ) ਰਾਜ ਦੁਆਰਾ ਥੋਪੇ ਕਾਨੂੰਨ ਮਨੁਖ ਨੂੰ ਨੈਤਿਕ ਨਹੀਂ ਬਣਾ ਸਕਦੇ। (ੲ) ਰਾਜ ਆਤਮਾ ਰਹਿਤ ਮਸ਼ੀਨ ਹੈ

(iv) (ੳ) ਸ਼ਕਤੀ ਦਾ ਵਿਕੇਂਦਰੀਕਰਣ

(ਅ) ਸੱਤਾ ਦਾ ਉਦੇਸ਼ ਸਵਾਰਥ ਨਹੀਂ ਸਗੋਂ ਲੋਕਾਂ ਦੇ ਜੀਵਨ ਨੂੰ ਹਰ ਪਖੋਂ ਬਿਹਤਰ ਬਣਾਉਣਾ ਹੋਣਾ ਚਾਹੀਦਾ ਹੈ।

(ੲ) ਸੱਤਾ ਉਪਰ ਲੋਕਾਂ ਦਾ ਨਿਯੰਤਰਣ ਰਹਿਣਾ ਚਾਹੀਦਾ ਹੈ, ਗਾਂਧੀ ਜੀ ਲੋਕਤੰਤਰੀ ਪ੍ਰਣਾਲੀ ਦੇ ਸਮਰਥਕ ਸਨ।

## 2.1.8 ਸੁਝਾਈਆਂ ਪੁਸਤਕਾਂ


1. Eddy Asirvatham : Political Theroy
2. J.S. Badyal : Political Theory (Pbi)
3. O.P. Gauba : An Introduction to Political Theory
4. Sushila Ramaswamy: Political Theory
5. Andrew Heywood : Political Idelogies
6. www.wikipedia.org
7. www.routledge.com/books

**ਪਾਠ ਨੰਬਰ : 2.2**

# ਰਾਜ ਦੇ ਕਾਰਜਾਂ ਦਾ ਉਦਾਰਵਾਦੀ ਸਿਧਾਂਤ

**(Liberal Theory about the Functions of the State)**

## ਪਾਠ ਦੀ ਰੂਪ-ਰੇਖਾ

2.2.1 ਪਾਠ ਦਾ ਉਦੇਸ਼
2.2.2 ਭੂਮਿਕਾ
2.2.3 ਨਾਕਾਰਾਤਮਕ ਉਦਾਰਵਾਦ ਅਨੁਸਾਰ ਰਾਜ ਦੇ ਕਾਰਜ
2.2.4 ਸਾਕਾਰਾਤਮਕ ਉਦਾਰਵਾਦ ਅਨੁਸਾਰ ਰਾਜ ਦੇ ਮੁੱਖ ਕਾਰਜ
2.2.5 ਸਾਰੰਸ਼
2.2.6 ਪਾਠ ਵਿਚ ਵਰਤੇ ਗਏ ਕੁਝ ਮਹੱਤਵਪੂਰਣ ਸ਼ਬਦ
2.2.7 ਸਵੈ-ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ
2.2 .8 ਸੁਝਾਈਆਂ ਪੁਸਤਕਾਂ

**2.2.1 ਪਾਠ ਦਾ ਉਦੇਸ਼ (Objectives of the Lesson) :** ਇਸ ਪਾਠ ਦਾ ਮੰਤਵ ਤੁਹਾਨੂੰ ਰਾਜ ਦੇ ਕਾਰਜਾਂ ਸੰਬੰਧੀ ਉਦਾਰਵਾਦੀ ਸਿਧਾਂਤ ਦੀ ਜਾਣਕਾਰੀ ਦੇਣਾ ਹੈ। ਇਹ ਪਾਠ ਪੜ੍ਹਕੇ ਤੁਸੀਂ ਹੇਠ ਲਿਖੀਆਂ ਗੱਲਾਂ ਜਾਨਣ ਦੇ ਯੋਗ ਹੋ ਸਕੋਗੇ:

- ਨਾਕਾਰਾਤਮਕ ਜਾਂ ਪੁਰਾਤਨ ਉਦਾਰਵਾਦ ਦੇ ਅਨੁਸਾਰ ਰਾਜ ਦੇ ਮੁੱਖ ਕਾਰਜ
- ਨਾਕਾਰਾਤਮਕ ਉਦਾਰਵਾਦ ਦੇ ਸਿੱਟੇ ਜਿਹਨਾਂ ਕਾਰਨ ਸਾਕਾਰਾਤਮਕ ਉਦਾਰਵਾਦ ਦੀ ਧਾਰਨਾ ਹੋਂਦ ਵਿਚ ਆਈ
- ਸਾਕਾਰਾਤਮਕ ਆਧੁਨਿਕ ਉਦਾਰਵਾਦ ਦਾ ਅਰਥ
- ਸਾਕਾਰਾਤਮਕ ਉਦਾਰਵਾਦ ਅਨੁਸਾਰ ਰਾਜ ਦੇ ਕਾਰਜ

**2.2.2 ਭੂਮਿਕਾ (Introduction) :** ਇਸ ਪਾਠ ਵਿਚ ਅਸੀਂ ਰਾਜ ਦੇ ਕਾਰਜਾਂ ਨਾਲ ਸੰਬੰਧਿਤ ਇਕ ਮੁੱਖ ਸਿਧਾਂਤ ਭਾਵ ਉਦਾਰਵਾਦੀ ਸਿਧਾਂਤ ਦੀ ਚਰਚਾ ਕਰਾਂਗੇ। ਰਾਜ ਦਾ ਕਾਰਜ ਖੇਤਰ ਕੀ ਹੋਵੇ? ਇਹ ਸਦੀਆਂ ਤੋਂ ਹੀ ਵਾਦ ਵਿਵਾਦ ਦਾ ਵਿਸ਼ਾ ਰਿਹਾ ਹੈ। ਕੁਝ ਵਿਚਾਰਕ ਰਾਜ ਨੂੰ ਘੱਟ ਤੋਂ ਘੱਟ ਕਾਰਜ ਸੌਂਪਣ ਦਾ ਸਮਰਥਨ ਕਰਦੇ ਹਨ, ਜਦ ਕਿ ਕੁਝ ਹੋਰ ਰਾਜ ਨੂੰ ਵੱਧ ਤੋਂ ਵੱਧ ਕੰਮ ਸੌਂਪਣ ਦੇ ਹਾਮੀ ਹਨ, ਦਾਅਵਾ ਦੋਹਾਂ ਪੱਖਾਂ ਦਾ ਇਹੋ ਹੈ ਕਿ ਅਜਿਹਾ ਕਰਨ ਨਾਲ ਵਿਅਕਤੀ ਦਾ ਸਰਬ-ਪੱਖੀ ਵਿਕਾਸ ਤੇ ਵੱਧ ਤੋਂ ਵੱਧ ਭਲਾਈ ਹੋਵੇਗੀ।

ਉਦਾਰਵਾਦ, ਮੱਧਕਾਲ ਦੇ ਰਾਜਨੀਤਿਕ, ਆਰਥਿਕ ਅਤੇ ਧਾਰਮਿਕ ਨਿਰੰਕੁਸ਼ਵਾਦ ਦੇ ਪ੍ਰਤੀਕਰਮ ਵਜੋਂ ਹੋਂਦ ਵਿਚ ਆਈ ਉਹ ਧਾਰਨਾ ਹੈ, ਜੋ ਜੀਵਨ ਦੇ ਸਾਰੇ ਹੀ ਖੇਤਰਾਂ ਵਿਚ ਉਦਾਰ (Liberal) ਰਵਈਆ ਅਪਨਾਉਣ ਦੀ ਅਤੇ ਵਿਅਕਤੀ ਨੂੰ ਵੱਧ ਤੋਂ ਵੱਧ ਸੁਤੰਤਰਤਾ ਦੇਣ ਦਾ ਸਮਰਥਨ ਕਰਦੀ ਹੈ ਤਾਂ ਕਿ ਉਸ ਦਾ ਸਰਬਪੱਖੀ ਵਿਕਾਸ ਸੰਭਵ ਹੋ ਸਕੇ। ਉਦਾਰਵਾਦੀ ਰਾਜ ਨੂੰ ਮਨੁੱਖ ਦੁਆਰਾ ਬਣਾਈ ਗਈ ਸੰਸਥਾ ਮੰਨਦੇ ਹਨ। ਉਹਨਾਂ ਦਾ ਮੱਤ ਹੈ ਕਿ ਰਾਜ ਇਕ ਅਜਿਹੀ ਬਣਾਵਟੀ ਸੰਸਥਾ ਹੈ, ਜਿਸ ਨੂੰ ਮਨੁੱਖ ਨੇ ਕੁਝ ਖਾਸ ਮੰਤਵਾਂ ਜਿਹਾ ਕਿ ਸਮਾਜ ਵਿਚ ਕਾਨੂੰਨ ਤੇ ਵਿਵਸਥਾ ਕਾਇਮ ਕਰਨ ਲਈ ਅਤੇ ਵਿਅਕਤੀਗਤ ਅਧਿਕਾਰਾਂ ਤੇ ਸੁਤੰਤਰਤਾਵਾਂ

ਦੀ ਸੁਰੱਖਿਆ ਕਰਨ ਲਈ ਸਥਾਪਿਤ ਕੀਤਾ। ਉਦਾਰਵਾਦ ਦੇ ਸਾਰੇ ਦਰਸ਼ਨ ਦਾ ਆਧਾਰਭੂਤ ਸਿਧਾਂਤ ਹੈ *ਵਿਅਕਤੀਵਾਦ (Individualism)* - ਭਾਵ ਵਿਅਕਤੀ ਦੇ ਹਿੱਤਾਂ, ਅਧਿਕਾਰਾਂ ਤੇ ਸੁਤੰਤਰਤਾਵਾਂ ਦੀ ਸੁਰੱਖਿਆ ਦਾ ਵਿਚਾਰ ਹੈ।

### 2.2.3 ਨਾਕਾਰਾਤਮਕ ਉਦਾਰਵਾਦ ਅਨੁਸਾਰ ਰਾਜ ਦੇ ਕਾਰਜ (Functions of State : Negative Liberalism)

**ਐਡਮ ਸਮਿਥ, ਰਿਕਾਰਡੋ, ਬੈਂਥਮ, ਹਰਬਰਟ ਸਪੈਂਸਰ, ਜੇਮਜ਼ ਮਿਲ, ਗਰੋਸੇ ਅਤੇ ਹਿਊਮ ਆਦਿ ਪੁਰਾਤਨ** ਜਾਂ ਨਾਕਾਰਾਤਮਕ, ਉਦਾਰਵਾਦ ਦੇ ਕੁਝ ਉੱਘੇ ਸਮਰਥਕ ਹਨ। ਰਾਜ ਦੇ ਕੰਮਾਂ ਸੰਬੰਧੀ ਪੁਰਾਤਨ ਉਦਾਰਵਾਦੀ ਦੇ ਮੁੱਖ ਸਮਰਥਕ ਐਡਮ ਸਮਿਥ (Adam Smith), ਜਰਮੀ ਬੈਂਥਮ (Jeremy Bentham) ਅਤੇ ਹਰਬਰਟ ਸਪੈਂਸਰ (Herbert Spencer) ਆਦਿ ਦੇ ਵਿਚਾਰ ਸੰਖੇਪ ਵਿਚ ਇਸ ਤਰ੍ਹਾਂ ਹਨ :

**ਐਡਮ ਸਮਿਥ (1723–1780)** ਨੇ ਆਪਣੀ ਪ੍ਰਸਿੱਧ ਰਚਨਾ "The Wealth of Nations ਵਿਚ ਸਮਾਜ ਦੇ ਆਰਥਿਕ ਕੰਮਾਂ ਵਿਚ ਰਾਜ ਦੀ ਦਖਲ-ਅੰਦਾਜ਼ੀ ਦੀ ਕਠੋਰ ਵਿਰੋਧਤਾ ਕੀਤੀ ਸੀ। ਉਸ ਅਨੁਸਾਰ, ਰਾਜ ਨਾ ਤਾਂ ਆਰਥਿਕ ਕਾਰਜਾਂ ਨੂੰ ਨਿਯੰਤਰਿਤ ਕਰ ਸਕਦਾ ਹੈ ਅਤੇ ਨਾ ਹੀ ਉਸ ਨੂੰ ਅਜਿਹਾ ਕਰਨਾ ਚਾਹੀਦਾ ਹੈ। ਆਰਥਿਕ ਖੇਤਰ ਵਿਚ Laissez faire ਜਾਂ ਖੁਲ੍ਹੇ ਮੁਕਾਬਲੇ ਦੀ ਨੀਤੀ ਅਪਣਾਈ ਜਾਣੀ ਚਾਹੀਦੀ ਹੈ। ਰਿਕਾਰਡੋ (Ricardo) ਅਤੇ ਮਾਲਥਸ (Malthus) ਨੇ ਵੀ ਐਡਮ ਸਮਿਥ (Adam Smith) ਦੇ ਵਿਚਾਰਾਂ ਦਾ ਸਮਰਥਨ ਕੀਤਾ।

**ਜਰਮੀ ਬੈਂਥਮ (1748-1832)** ਨੂੰ ਉਪਯੋਗਿਤਾਵਾਦ (Utilitarianism) ਦਾ ਜਨਮ ਦਾਤਾ ਮੰਨਿਆ ਜਾਂਦਾ ਹੈ। ਜਿਸ ਅਨੁਸਾਰ ਹਰ ਵਿਅਕਤੀ ਵੱਧ ਤੋਂ ਵੱਧ ਆਨੰਦ ਪ੍ਰਾਪਤ ਕਰਨਾ ਚਾਹੁੰਦਾ ਹੈ। ਬੈਂਥਮ ਅਨੁਸਾਰ, ਹਰ ਕੰਮ ਦੀ ਉਪਯੋਗਿਤਾ ਇਸ ਆਧਾਰ ਉੱਤੇ ਦੇਖੀ ਜਾ ਸਕਦੀ ਹੈ ਕਿ ਉਹ ਵਿਅਕਤੀ ਨੂੰ ਕਿੰਨਾ ਕੁ ਆਨੰਦ ਦਿੰਦਾ ਹੈ। ਬੈਂਥਮ ਨੇ ਕਿਹਾ ਕਿ ਰਾਜ ਦੇ ਕੰਮਾਂ ਦਾ ਮੂਲ ਉਦੇਸ਼ ਸਮਾਜਿਕ ਉਪਯੋਗਿਤਾ (Social Utility) ਹੀ ਹੋਣਾ ਚਾਹੀਦਾ ਹੈ ਅਤੇ ਰਾਜ ਦਾ ਉਦੇਸ਼ ਵੱਧ ਤੋਂ ਵੱਧ ਲੋਕਾਂ ਨੂੰ ਵੱਧ ਤੋਂ ਵੱਧ ਪ੍ਰਸੰਨਤਾ ਦੇਣਾ ਹੋਣਾ ਚਾਹੀਦਾ ਹੈ। ਇਸ ਨੂੰ Maximum Happiness of the Maximum Numbers ਦਾ ਸਿਧਾਂਤ ਵੀ ਕਿਹਾ ਜਾਂਦਾ ਹੈ। ਬੈਂਥਮ ਵੀ ਰਾਜ ਨੂੰ ਘੱਟ ਤੋਂ ਘੱਟ ਕੰਮ ਦੇਣ ਅਤੇ ਆਰਥਿਕ ਖੇਤਰ ਵਿਚ ਵੱਧ ਤੋਂ ਵੱਧ ਆਜ਼ਾਦੀ ਦੇਣ ਦੀ ਦਲੀਲ ਦਿੰਦਾ ਹੈ।

ਪੁਰਾਤਨ ਉਦਾਰਵਾਦ ਦੇ ਸਮਰਥਕਾਂ ਵਿਚੋਂ **ਹਰਬਰਟ ਸਪੈਂਸਰ** ਦੇ ਵਿਚਾਰ ਵੀ ਮਹੱਤਵਪੂਰਣ ਹਨ। ਉਸ ਨੇ 18ਵੀਂ ਸਦੀ ਵਿਚ Principles of Sociology ਨਾਂ ਦੀ ਪੁਸਤਕ ਲਿਖੀ ਅਤੇ ਜੀਵ ਵਿਗਿਆਨ ਵਿਚ Darwin ਦੇ ਸਿਧਾਂਤ ਤੋਂ ਪ੍ਰਭਾਵਿਤ ਹੋ ਕੇ 'ਜੀਉਣ ਲਈ ਸੰਘਰਸ਼ ਅਤੇ ਯੋਗਤਮ ਨੂੰ ਜੀਉਣ ਦਾ ਅਧਿਕਾਰ' (Struggle for Existence and Survival of the Fittest) ਸਿਧਾਂਤ ਦੀ ਪ੍ਰੋੜ੍ਹਤਾ ਕੀਤੀ। ਉਹ ਵੀ ਸਮਾਜ ਦੇ ਮੈਂਬਰਾਂ ਵਿਚ ਖੁੱਲ੍ਹੇ ਮੁਕਾਬਲੇ ਅਤੇ ਰਾਜ ਵੱਲੋਂ ਗੈਰ-ਦਖ਼ਲ ਅੰਦਾਜ਼ੀ ਦੀ ਸਿਫਾਰਿਸ਼ ਕਰਦਾ ਹੈ। ਰਾਜ ਨੂੰ ਕੇਵਲ ਤਿੰਨ ਜ਼ਰੂਰੀ ਕਾਰਜ-ਭਾਵ ਬਾਹਰਲੇ ਦੁਸ਼ਮਣਾਂ ਤੋਂ ਰਖਿਆ, ਅੰਦਰੂਨੀ ਸੁਰੱਖਿਆ ਅਤੇ ਕਾਨੂੰਨ ਅਨੁਸਾਰ ਇਕਰਾਰਨਾਮਿਆਂ (Contracts) ਨੂੰ ਲਾਗੂ ਕਰਨਾ, ਹੀ ਕਰਨੇ ਚਾਹੀਦੇ ਹਨ।

ਪੁਰਾਤਨ ਜਾਂ ਨਾਕਾਰਾਤਮਕ ਉਦਾਰਵਾਦ ਦੇ ਸਮਰਥਕਾਂ ਅਨੁਸਾਰ ਰਾਜ ਦੇ ਮੁੱਖ ਕੰਮ ਹੇਠ ਲਿਖੇ ਹਨ। ਕਿਉਂਕਿ ਸਰਕਾਰ ਹੀ ਉਹ ਸੰਸਥਾ ਹੈ ਜਿਸ ਰਾਹੀਂ ਰਾਜ ਕਾਰਜ ਕਰਦਾ ਹੈ, ਇਸ ਲਈ ਇਹਨਾਂ ਨੂੰ ਸਰਕਾਰ ਦੇ ਕਾਰਜ ਵੀ ਕਿਹਾ ਜਾਂਦਾ ਹੈ। ਇਹ ਕਾਰਜ ਰਾਜ ਦੇ ਜ਼ਰੂਰੀ ਕਾਰਜ ਮੰਨੇ ਜਾਂਦੇ ਹਨ।

**1. ਜੀਵਨ ਤੇ ਸੰਪਤੀ ਦੀ ਰੱਖਿਆ :** ਜਿਵੇਂ ਅਸੀਂ ਪਹਿਲਾਂ ਵੀ ਦੱਸਿਆ ਹੈ, ਇੰਗਲੈਂਡ ਦੇ ਪ੍ਰਸਿੱਧ ਦਾਰਸ਼ਨਿਕ ਜਾਹਨ ਲਾਕ ਅਨੁਸਾਰ, ਵਿਅਕਤੀ ਨੂੰ ਕੁਝ ਕੁ ਅਧਿਕਾਰ ਪ੍ਰਾਕ੍ਰਿਤੀ ਜਾਂ ਕੁਦਰਤ ਵੱਲੋਂ ਮਿਲੇ ਹੋਏ ਹਨ - ਭਾਵ ਜੀਵਨ, ਸੰਪਤੀ ਤੇ ਸੁਤੰਤਰਤਾ ਦਾ ਅਧਿਕਾਰ। ਰਾਜ ਨਾ ਤਾਂ ਇਹਨਾਂ ਅਧਿਕਾਰਾਂ ਨੂੰ ਪ੍ਰਦਾਨ ਕਰਦਾ ਹੈ ਤੇ ਨਾ ਹੀ ਖੋਹ ਸਕਦਾ ਹੈ। ਪਰ ਵਿਅਕਤੀ ਇਹਨਾਂ ਦਾ ਆਨੰਦ ਤਾਂ ਹੀ ਮਾਣ ਸਕਦਾ ਹੈ ਜੇਕਰ ਰਾਜ

ਵਿਅਕਤੀਆਂ ਦੇ ਜੀਵਨ ਤੇ ਸੰਪਤੀ ਦੀ ਸੁਰੱਖਿਆ ਕਰੇ। ਸੋ ਆਪਣੇ ਨਾਗਰਿਕਾਂ ਦੀ ਰੱਖਿਆ ਕਰਨਾ ਰਾਜ ਦਾ ਮੁੱਖ ਕੰਮ ਹੈ। ਰਾਜ ਪ੍ਰਭੂਸੱਤਾ ਦਾ ਮਾਲਕ ਹੁੰਦਾ ਹੈ ਅਤੇ ਅਜਿਹੇ ਵਿਅਕਤੀਆਂ ਨੂੰ ਜੋ ਦੂਜਿਆਂ ਦੇ ਅਧਿਕਾਰਾਂ ਦੀ ਉਲੰਘਣਾ ਕਰਦੇ ਹਨ, ਸਖਤ ਤੋਂ ਸਖਤ ਦੰਡ ਦੇ ਸਕਦਾ ਹੈ। ਜੇਕਰ ਰਾਜ ਜੀਵਨ ਤੇ ਸੰਪਤੀ ਦੀ ਰੱਖਿਆ ਦਾ ਕਾਰਜ ਨਾ ਕਰੇ ਤਾਂ ਰਾਜ ਦੀ ਹੋਂਦ ਵੀ ਖਤਰੇ ਵਿਚ ਪੈ ਸਕਦੀ ਹੈ।

**2. ਕਾਨੂੰਨ ਤੇ ਵਿਵਸਥਾ ਦੀ ਸਥਾਪਨਾ ਅਤੇ ਬਾਹਰਲੇ ਹਮਲਿਆਂ ਤੋਂ ਸੁਰੱਖਿਆ :** ਅੰਦਰੂਨੀ ਸ਼ਾਂਤੀ ਤੇ ਵਿਵਸਥਾ ਦੀ ਸਥਾਪਨਾ ਅਤੇ ਬਾਹਰਲੇ ਦੇਸ਼ਾਂ ਦੇ ਹਮਲਿਆਂ ਤੋਂ ਰੱਖਿਆ ਰਾਜ ਦਾ ਇਕ ਹੋਰ ਲਾਜ਼ਮੀ ਕਾਰਜ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜਦੋਂ ਵਿਅਕਤੀ ਇਕ ਰਾਜਨੀਤਿਕ ਸੰਗਠਨ ਵਿਚ ਰਹਿੰਦੇ ਹਨ ਤਾਂ ਕੁਝ ਨਿਯਮਾਂ ਦੀ ਪਾਲਣਾ ਵੀ ਕਰਦੇ ਹਨ, ਪਰ ਇਹ ਮਨੁੱਖੀ ਸੁਭਾਅ ਹੈ ਕਿ ਇਹਨਾਂ ਨਿਯਮਾਂ ਦੇ ਬਾਵਜੂਦ ਆਪਸੀ ਲੜਾਈ ਝਗੜੇ ਹੁੰਦੇ ਰਹਿੰਦੇ ਹਨ। ਇਸ ਲਈ ਰਾਜ ਦੇ ਅੰਦਰ ਸ਼ਾਂਤੀ ਤੇ ਵਿਵਸਥਾ ਦਾ ਮਾਹੌਲ ਬਣਾਈ ਰੱਖਣਾ ਰਾਜ ਦਾ ਇਕ ਮਹੱਤਵਪੂਰਨ ਕਰਤੱਵ ਹੈ। ਇਸ ਮੰਤਵ ਲਈ ਪੁਲਿਸ ਵਿਭਾਗ ਦੀ ਸਥਾਪਨਾ ਕੀਤੀ ਜਾਂਦੀ ਹੈ ਜੋ ਰਾਜ ਦੇ ਕਾਨੂੰਨਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦਿੰਦਾ ਹੈ। ਜੇਕਰ ਸਰਕਾਰ ਸ਼ਾਂਤੀ ਤੇ ਸੁਰੱਖਿਆ ਦਾ ਮਾਹੌਲ ਸਥਾਪਿਤ ਨਾ ਕਰ ਸਕੇ ਤਾਂ ਅਧਿਕਾਰਾਂ ਦਾ ਨਿਰਣਾ ਸ਼ਕਤੀ ਰਾਹੀਂ ਹੋਵੇਗਾ ਅਤੇ ਕਮਜ਼ੋਰ ਲੋਕਾਂ ਨੂੰ ਵਿਕਾਸ ਦੇ ਉੱਚਿਤ ਮੌਕੇ ਤੇ ਮਾਹੌਲ ਪ੍ਰਾਪਤ ਨਹੀਂ ਹੋ ਸਕੇਗਾ।

ਇਸ ਦੇ ਨਾਲ ਹੀ ਰਾਜ ਦਾ ਇਹ ਵੀ ਇਕ ਜ਼ਰੂਰੀ ਕੰਮ ਹੈ ਕਿ ਉਹ ਆਪਣੀਆਂ ਸੀਮਾਵਾਂ ਅੰਦਰ ਰਹਿ ਰਹੇ ਲੋਕਾਂ ਨੂੰ ਬਾਹਰਲੇ ਹਮਲਿਆਂ ਤੋਂ ਬਚਾਏ। ਇਸ ਮੰਤਵ ਲਈ ਇਕ ਸ਼ਕਤੀਸ਼ਾਲੀ ਹਥਿਆਰਬੰਦ ਸੈਨਾ ਦਾ ਸੰਗਠਨ ਲਾਜ਼ਮੀ ਹੈ। ਜਿਸ ਦੇਸ਼ ਦੇ ਨਾਗਰਿਕਾਂ ਨੂੰ ਇਹ ਭਰੋਸਾ ਨਹੀਂ ਹੁੰਦਾ ਕਿ ਉਹਨਾਂ ਦੀ ਸਰਕਾਰ ਬਾਹਰਲੇ ਹਮਲਿਆਂ ਤੋਂ ਉਹਨਾਂ ਦੀ ਸੁਰੱਖਿਆ ਕਰ ਸਕੇਗੀ, ਉਹ ਕਦੇ ਵੀ ਨਿਸ਼ਚਿਤ ਜੀਵਨ ਨਹੀਂ ਬਿਤਾ ਸਕਦੇ। ਸੋ ਅਜਿਹੇ ਸਮੇਂ ਵਿਚ ਜਦੋਂ ਯੁੱਧ ਇਕ ਇਤਿਹਾਸਕ ਸਚਾਈ ਹੈ, ਬਾਹਰਲੇ ਤੋਂ ਸੁਰੱਖਿਆ ਰਾਜ ਦਾ ਇਕ ਲਾਜ਼ਮੀ ਕਾਰਜ ਹੈ।

**3. ਨਿਆਂਪਾਲਿਕਾ ਦਾ ਸੰਗਠਨ :** ਨਿਆਂਪਾਲਿਕਾ ਦਾ ਸੰਗਠਨ ਹਰੇਕ ਰਾਜ ਦਾ ਇਕ ਹੋਰ ਜ਼ਰੂਰੀ ਕਰਤੱਵ ਹੈ। ਜੇਕਰ ਕਾਨੂੰਨ ਤੋੜਨ ਵਾਲਿਆਂ ਨੂੰ ਉੱਚਿਤ ਦੰਡ ਨਹੀਂ ਦਿੱਤਾ ਜਾਂਦਾ ਤਾਂ ਕਾਨੂੰਨ ਬਣਾਉਣ ਦਾ ਮੰਤਵ ਹੀ ਪੂਰਾ ਨਹੀਂ ਹੁੰਦਾ। ਨਿਆਂ ਪਾਲਿਕਾ ਦੀ ਗੈਰ ਮੌਜੂਦਗੀ ਵਿਚ ਲੋਕ ਆਪਣੇ ਝਗੜਿਆਂ ਦਾ ਫੈਸਲਾ ਤਾਕਤ ਜਾਂ ਬਲ ਵਰਤ ਕੇ ਕਰਨਗੇ। ਅਜਿਹੀ ਸਥਿਤੀ ਵਿਚ ਤਾਂ ਜੰਗਲ ਦਾ ਕਾਨੂੰਨ ਲਾਗੂ ਹੋਵੇਗਾ ਤੇ ਸਰੀਰਕ ਤੌਰ ਤੇ ਕਮਜ਼ੋਰ ਲੋਕਾਂ ਨੂੰ ਕਦੇ ਨਿਆਂ ਨਹੀਂ ਮਿਲ ਸਕੇਗਾ।

ਪੁਰਾਤਨ ਜਾਂ ਨਾਕਾਰਾਤਮਕ ਉਦਾਰਵਾਦ ਨੇ ਨਿਸ਼ੇਧਾਤਮਕ ਉਦਾਰਵਾਦ ਦੀ ਧਾਰਨਾ ਉੱਤੇ ਵੀ ਜ਼ੋਰ ਦਿੱਤਾ। ਭਾਵ ਰਾਜ ਦਾ ਕਾਰਜ ਵਿਅਕਤੀਆਂ ਦੀ ਸੁਰੱਖਿਆ ਕਰਨਾ ਮਾਤਰ ਹੀ ਹੈ। ਇਸ ਸੁਰੱਖਿਆ ਵਿਚ ਬਾਹਰਲੇ ਹਮਲਿਆਂ ਤੇ ਸਾਥੀ ਨਾਗਰਿਕਾਂ ਦੇ ਹਮਲਿਆਂ ਤੋਂ ਸੁਰੱਖਿਆ ਦੇ ਨਾਲ-ਨਾਲ ਝੂਠੇ ਇਕਰਾਰਨਾਮੇ (Contracts) ਤੋਂ ਅਤੇ ਇਕਰਾਰਨਾਮਿਆਂ ਦੀ ਉਲੰਘਣਾ (breach) ਤੋਂ ਸੁਰੱਖਿਆ ਵੀ ਸ਼ਾਮਿਲ ਹੈ। ਬਾਕੀ ਸਾਰੇ ਖੇਤਰਾਂ ਵਿਚ ਵਿਅਕਤੀ ਨੂੰ ਬਿਲਕੁਲ ਸੁਤੰਤਰ ਛੱਡ ਦੇਣ ਦਾ ਸਮਰਥਨ ਕੀਤਾ ਗਿਆ।

## ਸਵੈ-ਅਭਿਆਸ ਲਈ ਪ੍ਰਸ਼ਨ-1

ਹੇਠਾਂ ਦਿੱਤੀ ਥਾਂ ਤੇ ਉੱਤਰ ਲਿਖੋ :

ਆਪਣੇ ਉੱਤਰਾਂ ਨੂੰ ਪਾਠ ਦੇ ਅੰਤ ਤੇ ਦਿੱਤੇ ਉੱਤਰਾਂ ਨਾਲ ਮਿਲਾਉ।

1. ਨਾਕਾਰਾਤਮਕ ਉਦਾਰਵਾਦ ਦੇ ਮੁੱਖ ਸਮਰਥਕਾਂ ਦੇ ਨਾਂ ਲਿਖੋ।

   ..........................................................................

2. ਨਾਕਾਰਾਤਮਕ ਉਦਾਰਵਾਦ ਦੇ ਸਮਰਥਕਾਂ ਅਨੁਸਾਰ ਰਾਜ ਦੇ ਕਿਹੜੇ-ਕਿਹੜੇ ਕਾਰਜ ਹਨ। (ਕੇਵਲ ਸਿਰਲੇਖ)

   ..........................................................................

### 2.2.4 ਸਾਕਾਰਾਤਮਕ ਜਾਂ ਆਧੁਨਿਕ ਉਦਾਰਵਾਦ ਅਨੁਸਾਰ ਰਾਜ ਦੇ ਕੰਮ (Functions of State : Positive Liberalism)

ਰਾਜ ਦੀ ਗੈਰ-ਦਖਲੀ (Non-Interference) ਤੇ ਪ੍ਰਜੋ ਚਾਹੋ ਸੋ ਕਰੋ (Laissez Faire) ਦਾ ਉਪਰੋਕਤ ਸਿਧਾਂਤ 18ਵੀਂ ਸਦੀ ਦੇ ਪਹਿਲੇ ਅੱਧ ਤਕ ਬਹੁਤ ਹੀ ਲੋਕ ਪ੍ਰਿਯ ਸਿਧਾਂਤ ਰਿਹਾ। ਬਹੁਤ ਸਾਰੇ ਦੇਸ਼ਾਂ ਵਿਚ ਖੁਲ੍ਹੀ ਆਰਥਿਕਤਾ ਅਤੇ ਰਾਜ ਵੀ ਗੈਰ-ਦਖਲੀ ਦੀ ਨੀਤੀ ਕਾਰਨ ਸਾਰੇ ਖੇਤਰਾਂ ਵਿਚ ਹੀ ਤੇ ਖਾਸ ਤੌਰ ਤੇ ਆਰਥਿਕ ਖੇਤਰ ਵਿਚ ਬਹੁਤ ਉੱਨਤੀ ਹੋਈ ਤੇ ਇਸ ਸਿਧਾਂਤ ਦਾ ਬੋਲਬਾਲਾ ਹੋ ਗਿਆ। ਪਰ ਜਲਦੀ ਹੀ ਇਸ ਦੇ ਭਿਆਨਕ ਸਿੱਟੇ ਵੀ ਸਾਹਮਣੇ ਆਣ ਲਗ ਪਏ........ਉਤਪਾਦਨ ਦੇ ਸਾਧਨ ਤੇ ਪੂੰਜੀ ਕੁਝ ਕੁ ਹੱਥਾਂ ਵਿਚ ਕੇਂਦਰਿਤ ਹੋ ਗਈ। ਨਤੀਜੇ ਵਜੋਂ ਅਮੀਰ ਹੋਰ ਅਮੀਰ ਹੁੰਦੇ ਗਏ ਤੇ ਗਰੀਬ ਹੋਰ ਗਰੀਬ। ਅਮੀਰਾਂ ਤੇ ਗਰੀਬਾਂ ਵਿਚ ਪਾੜ੍ਹ ਵਧਣ ਲਗਾ। ਆਮ ਲੋਕਾਂ ਦੀ ਹਾਲਤ ਬਹੁਤ ਤਰਸਯੋਗ ਹੋ ਗਈ, ਕਿਉਂਕਿ ਪੂੰਜੀਪਤੀਆਂ ਨੇ ਆਪਣੇ ਲਾਭ ਲਈ ਉਹਨਾਂ ਦਾ ਖੂਬ ਸ਼ੋਸ਼ਣ ਕੀਤਾ। ਕਾਰਖਾਨਿਆਂ ਤੇ ਕੰਮ ਦਾ ਅਮਾਨਵੀ ਮਾਹੌਲ, ਘੱਟ ਤਨਖਾਹਾਂ, ਸ਼ੋਸ਼ਣ, ਬੇਰੋਜ਼ਗਾਰੀ, ਗਰੀਬੀ ਅਤੇ ਅਨਪੜ੍ਹਤਾ ਆਦਿ ਨਾਕਾਰਾਤਮਕ ਉਦਾਰਵਾਦ ਦੇ ਕੁਝ ਅਜਿਹੇ ਦੁਖਦਾਈ ਸਿੱਟੇ ਸਨ, ਜਿਹਨਾਂ ਨੇ ਉਦਾਰਵਾਦੀਆਂ ਦੀ ਇਸ ਧਾਰਨਾਂ ਨੂੰ ਗਲਤ ਸਿੱਧ ਕਰ ਦਿੱਤਾ ਕਿ ਹਰ ਤਰ੍ਹਾਂ ਦੀ ਅਸਮਾਨਤਾ, ਵਿਤਕਰਾ ਅਤੇ ਅਸੰਤੁਸ਼ਟਤਾ ਰਾਜ ਦੁਆਰਾ ਦਖਲ ਦਿੱਤੇ ਬਗੈਰ ਹੀ ਖਤਮ ਕੀਤੀ ਜਾ ਸਕਦੀ ਹੈ। ਸਗੋਂ ਇਹ ਮਹਿਸੂਸ ਕੀਤਾ ਜਾਣ ਲਗਾ ਕਿ ਰਾਜ ਦੀ ਗੈਰ ਦਖਲ-ਅੰਦਾਜ਼ੀ ਕਾਰਨ ਹੀ ਅਜਿਹੇ ਹਾਲਾਤ ਪੈਦਾ ਹੋਏ ਹਨ ਜਿਹਨਾਂ ਵਿਚ ਕੁਝ ਕੁ ਪੂੰਜੀਪਤੀ ਸਮਾਜ ਦੇ ਇਕ ਵੱਡੇ ਭਾਗ ਦਾ ਸ਼ੋਸ਼ਣ ਕਰ ਰਹੇ ਹਨ।

ਅਜਿਹੇ ਮਾੜੇ ਹਾਲਾਤਾਂ ਦੇ ਪ੍ਰਤੀਕਰਮ ਵਜੋਂ ਲੇਖਕਾਂ ਨੇ ਰਾਜ ਦੀ ਬੇਦਖਲੀ ਦੀ ਨੀਤੀ ਨੂੰ ਅਨੈਤਿਕ ਅਤੇ ਬੇਰਹਿਮ ਮੰਨਿਆ ਅਤੇ ਮਜ਼ਦੂਰਾਂ ਤੇ ਕਾਮਿਆਂ ਦੀ ਹਾਲਤ ਸੁਧਾਰਨ ਲਈ ਰਾਜ ਦੇ ਸਕਾਰਾਤਮਕ ਰੋਲ ਦਾ ਸਮਰਥਨ ਕੀਤਾ। ਇਕ ਨਵੀਂ ਚੇਤਨਾ ਦਾ ਸੰਚਾਰ ਹੋਇਆ ਜਿਸ ਦੁਆਰਾ ਸਮਾਜਿਕ ਜਾਂ ਜਨਤਕ ਭਲਾਈ ਲਈ ਵਿਅਕਤੀਗਤ ਸੁਤੰਤਰਤਾ ਨੂੰ ਸੀਮਿਤ ਕਰਨ ਦੀ ਮੰਗ ਕੀਤੀ ਗਈ। ਉਦਾਰਵਾਦ ਨੂੰ ਆਪਣੇ ਮੂਲ ਸਿਧਾਂਤਾਂ ਵਿਚ ਸਮੇਂ ਦੀ ਲੋੜ ਅਨੁਸਾਰ ਪਰਿਵਰਤਨ ਕਰਨੇ ਪਏ। ਫਲਸਰੂਪ ਰਾਜ ਦੀ ਪ੍ਰਾਕ੍ਰਿਤੀ ਤੇ ਕਾਰਜਾਂ, ਸੁਤੰਤਰਤਾ ਦੇ ਸਰੂਪ ਤੇ ਪ੍ਰਾਕ੍ਰਿਤੀ, ਸੁਤੰਤਰਤਾ ਅਤੇ ਕਾਨੂੰਨ ਅਤੇ ਵਿਅਕਤੀ ਅਤੇ ਰਾਜ ਦੇ ਪਰਸਪਰ ਸੰਬੰਧਾਂ ਉੱਤੇ ਪੁਨਰ ਵਿਚਾਰ ਕਰਕੇ ਇਹਨਾ ਧਾਰਨਾਵਾਂ ਨੂੰ ਨਵੇਂ ਅਰਥ ਦਿੱਤੇ ਗਏ। **ਰਾਜ ਨੂੰ ਅੱਗੇ** tK j D @kt Ze pbkJh# iK **(Necessary evil) ਨਹੀਂ, ਸਗੋਂ ਇਕ 'ਸਾਕਾਰਾਤਮਕ ਅਛਾਈ' (Positive good) ਅਤੇ ਵਿਅਕਤੀਗਤ ਭਲਾਈ ਤੇ ਸਮਾਜਿਕ ਕਲਿਆਣ ਦਾ ਇਕ ਸਾਧਨ ਅਤੇ ਸਮਾਜ ਦੇ ਸਾਂਝੇ ਹਿੱਤਾਂ ਦਾ ਰਖਵਾਲਾ ਮੰਨਿਆ ਜਾਣ ਲਗ ਪਿਆ। ਜੇ.ਐਸ. ਮਿਲ, ਟੀ.ਐਚ. ਗਰੀਨ, ਬਾਰਕਰ, ਲਾਸਕੀ, ਹਾਬਹਾਊਸ ਅਤੇ ਮੈਕਾਈਵਰ** ਉਹਨਾਂ ਉੱਘੇ ਵਿਦਵਾਨਾਂ ਵਿਚੋਂ ਕੁਝ ਹਨ ਜਿਹਨਾਂ ਨੇ ਉਦਾਰਵਾਦ ਦੀ ਇਸ ਸਾਕਾਰਾਤਮਕ ਧਾਰਨਾ ਦਾ ਸਮਰਥਨ ਕੀਤਾ। ਇਸ ਤਰ੍ਹਾਂ ਮਿਲ (Mill) ਨੇ ਰਾਜ ਦੁਆਰਾ ਨਿੱਜੀ ਸੰਪਤੀ ਦਾ ਨਿਯੰਤਰਣ ਕਰਨ ਦੀ ਅਤੇ ਦੇਸ਼ ਦੇ ਕੁਦਰਤੀ ਸਾਧਨਾਂ ਉੱਤੇ ਰਾਜ ਦੇ ਨਿਯੰਤਰਣ ਦੀ ਪ੍ਰੋੜ੍ਹਤਾ ਕੀਤੀ। ਗਰੀਨ (Green) ਨੇ ਤਿੰਨ ਮੁੱਖ ਸਮਾਜਿਕ ਬੁਰਾਈਆਂ ਭਾਵ ਗਰੀਬੀ, ਜਹਾਲਤ ਅਤੇ ਅਸੰਜਮ (intemperence) ਤੇ ਕਾਬੂ ਪਾਉਣ ਲਈ ਰਾਜ ਦੁਆਰਾ ਸਾਕਾਰਾਤਮਕ ਕਾਰਵਾਈ ਉੱਤੇ ਜ਼ੋਰ ਦਿੱਤਾ। ਰਾਜ ਦੁਆਰਾ ਸਾਕਾਰਾਤਮਕ ਕਾਰਵਾਈ ਦਾ ਸਮਰਥਨ ਅਜੋਕੀ ਸਦੀ ਦੇ ਲੇਖਕਾਂ ਦੀਆਂ ਰਚਨਾਵਾਂ ਵਿਚ ਹੋਰ ਵੀ ਵਧੇਰੇ ਸਪਸ਼ਟ ਰੂਪ ਵਿਚ ਦੇਖਣ ਨੂੰ ਮਿਲਦਾ ਹੈਸ਼ਇੰਗਲੈਂਡ ਵਿਚ ਲਾਸਕੀ ਨੇ ਤੇ ਅਮਰੀਕਾ ਵਿਚ ਮੈਕਾਈਵਰ ਨੇ ਰਾਜ ਦੁਆਰਾ ਵਰਤੋਂ ਵੱਧ ਤੋਂ ਵੱਧ ਸਮਾਜਿਕ ਭਲਾਈ ਦੇ ਕਾਰਜ ਨਿਭਾਉਣ ਦੀ ਪ੍ਰੋੜ੍ਹਤਾ ਕੀਤੀ। ਏਸੇ ਤਰ੍ਹਾਂ ਹਾਬਹਾਊਸ ਅਤੇ ਬਾਰਕਰ ਨੇ ਸਮਾਜਿਕ ਬੁਰਾਈਆਂ ਦੂਰ ਕਰਨ ਲਈ ਰਾਜ ਦੁਆਰਾ ਕਾਨੂੰਨ ਬਣਾਏ ਜਾਣ ਦਾ ਸਮਰਥਨ ਕੀਤਾ। ਕਾਨੂੰਨ ਦੁਆਰਾ ਪਹਿਲੀ ਵਾਰ ਲੋਕ ਭਲਾਈ ਦੀਆਂ ਸੇਵਾਵਾਂ ਪ੍ਰਦਾਨ ਕਰਕੇ ਇੰਗਲੈਂਡ ਨੇ ਪਹਿਲੀ ਲੋਕ ਕਲਿਆਣਕਾਰੀ ਰਾਜ ਹੋਣ ਦਾ ਗੌਰਵ ਪ੍ਰਾਪਤ ਕੀਤਾ। ਸੋ ਅਸੀਂ ਕਹਿ ਸਕਦੇ ਹਾਂ ਕਿ ਸਮਕਾਲੀ ਜਾਂ ਆਧੁਨਿਕ ਉਦਾਰਵਾਦ ਅਧੀਨ 'ਸਾਕਾਰਾਤਮਕ ਰਾਜ' (Positive state) ਦੀ ਧਾਰਨਾ ਦਿੱਤੀ ਗਈ ਅਤੇ ਰਾਜ ਦੀ ਦਖਲ ਅੰਦਾਜ਼ ਦੀ ਨੀਤੀ ਅਤੇ ਇਸ ਦੁਆਰਾ ਸਮਾਜ ਭਲਾਈ ਦੇ ਕੰਮ ਕਰਨ ਤੇ ਜ਼ੋਰ ਦਿੱਤਾ ਗਿਆ। ਇਸ ਮੱਤ ਦੇ ਸਮਰਥਕਾਂ ਦੇ ਅਨੁਸਾਰ, ਰਾਜ ਲਈ ਦੇਸ਼ ਦੀ ਰੱਖਿਆ, ਲੋਕਾਂ ਦੇ ਜੀਵਨ ਤੇ ਸੰਪਤੀ ਦੀ ਸੁਰੱਖਿਆ, ਕਾਨੂੰਨ ਅਤੇ ਵਿਵਸਥਾ ਦੀ ਸਥਾਪਨਾ, ਨਿਆਂ ਪ੍ਰਬੰਧ ਦੀ ਵਿਵਸਥਾ ਅਤੇ ਕਰ ਲਗਾਉਣ ਆਦਿ ਦੇ ਕਾਰਜਾਂ ਦੇ ਨਾਲ-ਨਾਲ ਹੇਠ ਲਿਖੇ ਕੰਮ ਕਰਨ ਵੀ ਜ਼ਰੂਰੀ ਹਨ ਤਾਂ ਕਿ ਸਮੁੱਚੇ ਨਾਗਰਿਕਾਂ ਦਾ ਸਰਬ ਪੱਖੀ ਵਿਕਾਸ ਸੰਭਵ ਹੋ ਸਕੇ। ਇਹ ਕੰਮ ਕਲਿਆਣਕਾਰੀ ਸੁਭਾਅ ਦੇ ਹਨ।

**1. ਦੂਜੇ ਦੇਸ਼ਾਂ ਨਾਲ ਮਿੱਤਰਤਾ-ਪੂਰਵਕ ਸੰਬੰਧ ਕਾਇਮ ਕਰਨਾ :–** ਅਜੋਕਾ ਯੁੱਗ ਅੰਤਰਰਾਸ਼ਟਰਵਾਦ ਦਾ ਯੁੱਗ ਹੈ। ਅੱਜ ਕੋਈ ਵੀ ਰਾਜ ਭਾਵੇਂ ਉਹ ਜਿੰਨਾ ਮਰਜ਼ੀ ਵੱਡਾ ਹੋਵੇ, ਆਤਮ-ਨਿਰਭਰ ਹੋਣ ਦਾ ਦਾਅਵਾ ਨਹੀਂ ਕਰ ਸਕਦਾ ਹੈ। ਇਸ ਦਾ ਕਾਰਨ ਇਹ ਹੈ ਕਿ ਮਨੁੱਖੀ ਲੋੜਾਂ ਬਹੁਤ ਵੱਧ ਗਈਆਂ ਹਨ ਅਤੇ ਹਰ ਪੱਖ ਤੋਂ ਸਵੈ-ਨਿਰਭਰ ਹੋ ਸਕਣਾ ਸੰਭਵ ਨਹੀਂ। ਅੱਜ ਹਰ ਸਰਕਾਰ ਆਪਣੀ ਸੁਰੱਖਿਆ ਲਈ ਦੂਜੇ ਰਾਜਾਂ ਨਾਲ ਮਿਲਵਰਤਨ ਦੀ ਇੱਛਾ ਰਖਦੀ ਹੈ। ਸੰਸਾਰ ਨੂੰ ਯੁੱਧ ਦੇ ਭਿਆਨਕ ਸਿੱਟਿਆਂ ਤੋਂ ਬਚਾਉਣ ਲਈ ਵਿਸ਼ਵ ਸ਼ਾਂਤੀ ਦੀ ਸਥਾਪਨਾ ਆਧੁਨਿਕ ਸਰਕਾਰਾਂ ਦੀ ਹਾਰਦਿਕ ਇੱਛਾ ਹੈ। ਇਸੇ ਤਰ੍ਹਾਂ ਹਰ ਸਰਕਾਰ ਆਪਣੀ ਵਪਾਰਕ ਉੱਨਤੀ ਲਈ ਆਪਣੀਆਂ ਸੀਮਾਵਾਂ ਤੋਂ ਬਾਹਰ ਅੰਤਰ-ਰਾਸ਼ਟਰੀ ਮੰਡੀਆਂ ਖੋਜਦੀ ਹੈ। ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇ ਰਾਜ ਇਕ ਦੂਜੇ ਨਾਲ ਮਿੱਤਰਤਾ ਪੂਰਵਕ ਅੰਤਰਰਾਸ਼ਟਰੀ ਸੰਬੰਧ ਕਾਇਮ ਕਰਨ। ਇਸ ਮੰਤਵ ਲਈ ਅੱਜ ਕਲ੍ਹ ਸਾਰੇ ਹੀ ਰਾਜ ਆਪਣੇ ਰਾਜਦੂਤ ਦੂਜੇ ਦੇਸ਼ਾਂ ਵਿਚ ਭੇਜਦੇ ਹਨ ਅਤੇ ਦੂਜੇ ਦੇਸ਼ਾਂ ਦੇ ਰਾਜਦੂਤਾਂ ਨੂੰ ਆਪਣੇ ਦੇਸ਼ ਵਿਚ ਪ੍ਰਵਾਨ ਕਰਦੇ ਹਨ। ਆਵਾਜਾਈ ਤੇ ਸੰਚਾਰ ਸਾਧਨਾਂ ਨੇ ਵੀ ਸਾਰੇ ਸੰਸਾਰ ਦੇਸ਼ਾਂ ਨੂੰ ਆਰਥਿਕ, ਸਭਿਆਚਾਰਕ ਅਤੇ ਰਾਜਨੀਤਿਕ ਤੌਰ ਤੇ ਬਹੁਤ ਨੇੜੇ ਲੈ ਆਂਦਾ ਹੈ। ਇਸ ਲਈ ਆਧੁਨਿਕ ਉਦਾਰਵਾਦੀ ਰਾਜਾਂ ਲਈ ਦੂਜੇ ਦੇਸ਼ਾਂ ਨਾਲ ਮਿੱਤਰਤਾ ਪੂਰਵਕ ਸੰਬੰਧ ਕਾਇਮ ਰੱਖਣਾ ਜ਼ਰੂਰੀ ਹੋ ਗਿਆ ਹੈ।

**2. ਗਰੀਬੀ ਦੂਰ ਕਰਨਾ :** ਲੋਕਤੰਤਰ ਦੇ ਰਾਹ ਵਿਚ ਗਰੀਬੀ ਇਕ ਵੱਡੀ ਰੁਕਾਵਟ ਹੈ ਕਿਉਂਕਿ ਗਰੀਬੀ, ਭੁੱਖਮਰੀ ਤੇ ਮੰਦਹਾਲੀ ਵਿਚ ਰਹਿੰਦੇ ਲੋਕਾਂ ਲਈ ਰਾਜਨੀਤਿਕ ਅਧਿਕਾਰਾਂ ਦਾ ਕੋਈ ਮਹੱਤਵ ਨਹੀਂ ਹੁੰਦਾ। ਅਜਿਹੀ ਹਾਲਤ ਵਿਚ ਲੋਕਤੰਤਰ ਅਮੀਰ ਤੰਤਰ ਬਣ ਕੇ ਰਹਿ ਜਾਂਦਾ ਹੈ। ਅਸਲ ਵਿਚ ਕਿਸੇ ਦੇਸ਼ ਦੀ ਸਰਕਾਰ ਉਦੋਂ ਤਕ ਕਲਿਆਣਕਾਰੀ ਤੇ ਉਦਾਰਵਾਦੀ ਨਹੀਂ ਬਣ ਸਕਦੀ ਜਦੋਂ ਤਕ ਉਥੋਂ ਗਰੀਬੀ ਵਰਗੀ ਲਾਹਨਤ ਦਾ ਖਾਤਮਾ ਨਾ ਕੀਤਾ ਜਾਵੇ। ਇਸ ਲਈ ਗਰੀਬੀ ਦੂਰ ਕਰਨਾ ਇਕ ਉਦਾਰਵਾਦੀ ਸਰਕਾਰ ਦਾ ਮੁੱਖ ਕਾਰਜ ਹੈ। ਇਸ ਮੰਤਵ ਲਈ ਰਾਜ ਉਤਪਾਦਨ ਦੇ ਸਾਧਨ ਵਧਾ ਕੇ ਧਨ ਵਿਚ ਵਾਧਾ ਕਰਨ ਦਾ ਯਤਨ ਕਰਦਾ ਹੈ। ਇਸ ਦੇ ਨਾਲ ਹੀ ਉਤਪਾਦਨ ਦੇ ਵੱਡੇ ਸਾਧਨਾਂ ਦਾ ਕੌਮੀ ਕਰਨ ਕਰਕੇ ਧਨ ਦੀ ਵੰਡ ਦੀ ਅਨੁਪਾਤ ਨੂੰ ਠੀਕ ਕਰਨ ਦਾ ਯਤਨ ਕੀਤਾ ਜਾਂਦਾ ਹੈ। ਗਰੀਬੀ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਆਰਥਿਕ ਸਹੂਲਤਾਂ ਜਿਹਾ ਕਿ ਕਰਜ਼ੇ ਆਦਿ ਦੇ ਕੇ ਉੱਚੇ ਚੁਕਣ ਦਾ ਯਤਨ ਕੀਤਾ ਜਾਂਦਾ ਹੈ।

**3. ਸਿੱਖਿਆ :** ਪਹਿਲੇ ਪਹਿਲ ਸਿੱਖਿਆ ਪ੍ਰਾਪਤ ਕਰਨੀ ਵਿਅਕਤੀ ਦਾ ਨਿੱਜੀ ਮਾਮਲਾ ਮੰਨਿਆ ਜਾਂਦਾ ਸੀ। ਪੁਰਾਤਨ ਉਦਾਰਵਾਦੀ ਵੀ ਸਿੱਖਿਆ ਦਾ ਕਾਰਜ, ਸਰਕਾਰ ਦੇ ਖੇਤਰ ਤੋਂ ਬਾਹਰ ਮੰਨਦੇ ਸਨ ਪਰ ਆਧੁਨਿਕ ਉਦਾਰਵਾਦੀਆਂ ਅਨੁਸਾਰ ਸਿੱਖਿਆ ਦਾ ਪ੍ਰਬੰਧ ਕਰਨਾ ਸਰਕਾਰ ਦਾ ਇਕ ਮੁੱਖ ਕਰਤੱਵ ਹੈ। ਅਜੋਕੇ ਕਲਿਆਣਕਾਰੀ ਰਾਜਾਂ ਨੇ ਸਿੱਖਿਆ ਨੂੰ ਆਪਣੀ ਜ਼ਿੰਮੇਵਾਰੀ ਮੰਨ ਲਿਆ ਹੈ ਕਿਉਂਕਿ ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਪੜ੍ਹੇ ਲਿਖੇ ਤੇ ਸੁਯੋਗ ਨਾਗਰਿਕ ਹੀ ਆਦਰਸ਼ ਨਾਗਰਿਕ ਬਣ ਸਕਦੇ ਹਨ। ਸੰਸਾਰ ਦੇ ਲਗਪਗ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਹੀ ਸਿੱਖਿਆ ਦਾ ਪ੍ਰਬੰਧ ਕਰਦੀਆਂ ਹਨ। ਇਹੀ ਨਹੀਂ ਜਿਹੜੀਆਂ ਧਾਰਮਿਕ ਜਾਂ ਭਾਸ਼ਾਈ ਸੰਸਥਾਵਾਂ ਸਕੂਲ ਜਾਂ ਕਾਲਜ ਖੋਲ੍ਹਦੀਆਂ ਹਨ ਉਹਨਾਂ ਦੇ ਸੰਚਾਲਨ ਲਈ ਸਰਕਾਰ ਉਹਨਾਂ ਨੂੰ ਵੱਧ ਤੋਂ ਵੱਧ ਵਿੱਤੀ ਸਹਾਇਤਾ ਦਿੰਦੀ ਹੈ। ਗਰੀਬ ਬੱਚਿਆਂ ਨੂੰ ਵਿਦਿਆ ਪ੍ਰਾਪਤ ਕਰਨ ਲਈ ਸਰਕਾਰ ਵੱਲੋਂ ਵਜੀਫੇ ਤੇ ਹੋਰ ਸਹੂਲਤਾਂ ਵੀ ਮੁਹੱਈਆ ਕੀਤੀਆਂ ਜਾਂਦੀਆਂ ਹਨ।

**4. ਸਰਬਜਨਕ ਸਿਹਤ ਤੇ ਡਾਕਟਰੀ ਸਹਾਇਤਾ :** ਲੋਕਾਂ ਦੀ ਸਿਹਤ ਦੀ ਦੇਖਭਾਲ ਕਰਨੀ ਅਤੇ ਉਹਨਾਂ ਨੂੰ ਲੋੜੀਂਦੀ ਡਾਕਟਰੀ ਸਹਾਇਤਾ ਪ੍ਰਦਾਨ ਕਰਨੀ ਵੀ ਅਜੋਕੇ ਉਦਾਰਵਾਦੀ ਤੇ ਕਲਿਆਣਕਾਰੀ ਰਾਜ ਦਾ ਮਹੱਤਵਪੂਰਣ ਕੰਮ ਮੰਨਿਆ ਜਾਂਦਾ ਹੈ। ਬੀਮਾਰ ਤੇ ਕਮਜ਼ੋਰ ਨਾਗਰਿਕ ਦੇਸ਼ ਲਈ ਇਕ ਬੋਝ ਹਨ ਅਤੇ ਉਸ ਦੀ ਸਰਬਪੱਖੀ ਉੱਨਤੀ ਦੇ ਰਾਹ ਵਿਚ ਇਕ ਵੱਡੀ ਰੁਕਾਵਟ ਹਨ। ਸਿਹਤਮੰਦ ਅਤੇ ਸੁਚੇਤ ਨਾਗਰਿਕ ਦੇਸ਼ ਲਈ ਵੱਡਮੁੱਲਾ ਧਨ ਹਨ, ਇਸ ਲਈ ਰਾਜ ਨੂੰ ਚਾਹੀਦਾ ਹੈ ਕਿ ਉਹ ਸਿਹਤ ਕੇਂਦਰਾਂ ਤੇ ਹਸਪਤਾਲਾਂ ਦਾ ਇਕ ਜਾਲ ਵਿਛਾ ਦੇਵੇ ਅਤੇ ਬੀਮਾਰੀਆਂ ਨੂੰ ਰੋਕਣ ਦਾ ਉਚਿਤ ਪ੍ਰਬੰਧ ਕਰੇ। ਸ਼ਹਿਰਾਂ ਤੇ ਪਿੰਡਾਂ ਵਿਚ ਸਫਾਈ ਦਾ ਵੀ ਪੂਰਨ ਪ੍ਰਬੰਧ ਕੀਤਾ ਜਾਵੇ ਤਾਂ ਕਿ ਬਿਮਾਰੀਆਂ ਨਾ ਫੈਲਣ। ਇਸ ਦੇ ਨਾਲ ਹੀ ਬੱਚਿਆਂ ਦੀ ਸਿਹਤ ਦੀ ਸੰਭਾਲ ਲਈ ਬਾਲ ਸਿਹਤ ਕੇਂਦਰ ਕਾਇਮ ਕੀਤੇ ਜਾਣੇ ਚਾਹੀਦੇ ਹਨ ਅਤੇ ਲੋਕਾਂ ਦੀ ਸਿਹਤ ਦੀ ਰੱਖਿਆ ਲਈ ਨਸ਼ੀਲੀਆਂ ਚੀਜ਼ਾਂ ਤੇ ਪਾਬੰਦੀ ਲਗਾ ਦੇਣੀ ਚਾਹੀਦੀ ਹੈ। ਇਹ ਤਾਂ ਤੁਸੀਂ ਜਾਣਦੇ ਹੋ ਕਿ ਅਜੋਕੇ ਸਮੇਂ ਵਿਚ ਲਗਪਗ ਸਾਰੇ ਹੀ ਰਾਜ ਆਪਣੇ ਨਾਗਰਿਕਾਂ ਨੂੰ ਇਹ ਸਾਰੀਆਂ ਸਹੂਲਤਾਂ ਮੁਹੱਈਆ ਕਰਨ ਦਾ ਦਾਅਵਾ ਕਰਦੇ ਹਨ ਅਤੇ ਕਾਫੀ ਹੱਦ ਤੱਕ ਇਸ ਦਿਸ਼ਾ ਵਿਚ ਯਤਨ ਵੀ ਕਰਦੇ ਹਨ।

**5. ਕਿਰਤ ਨਿਯਮ ਬਣਾਉਣਾ :** ਅਜੋਕਾ ਕਲਿਆਣਕਾਰੀ ਰਾਜ ਮਜ਼ਦੂਰਾਂ ਤੇ ਕਾਮਿਆਂ ਦੇ ਹਿੱਤਾਂ ਦਾ ਸੁਰੱਖਿਆ

ਦੀ ਜ਼ਿੰਮੇਵਾਰੀ ਆਪਣੇ ਸਿਰ ਲੈਂਦਾ ਹੈ। ਪੂੰਜੀਪਤੀਆਂ ਦੀ ਲੁੱਟ ਖਸੁੱਟ ਤੋਂ ਬਚਾਉਣ ਲਈ ਰਾਜ ਕਈ ਪ੍ਰਕਾਰ ਦੇ ਕਿਰਤ ਨਿਯਮ ਬਣਾਉਂਦਾ ਹੈ। ਅੱਜ ਲਗਭਗ ਸਾਰਿਆਂ ਰਾਜਾਂ ਵਿਚ ਮਜ਼ਦੂਰਾਂ ਦੇ ਕੰਮ ਦੇ ਘੰਟੇ ਨਿਸ਼ਚਿਤ ਹਨ ਅਤੇ ਫੈਕਟਰੀ ਐਕਟਾਂ ਰਾਹੀਂ ਮਜ਼ਦੂਰੀ ਦੀ ਦਰ ਤੇ ਬੋਨਸ ਸੰਬੰਧੀ ਨਿਯਮ ਬਣੇ ਹੋਏ ਹਨ। ਕਿਰਤੀਆਂ ਦੀ ਹਾਲਤ ਸੁਧਾਰਨਾ ਹੁਣ ਰਾਜ ਦਾ ਕਰਤਵ wBnkiKlkj? fJ;/eoe/eloykBnK ykDK (mines) ਅਤੇ ਹੋਰ ਉਦਯੋਗਾਂ ਵਿਚ ਕੰਮ ਕਰਨ ਵਾਲਿਆਂ ਮਜ਼ਦੂਰਾਂ ਦੀ ਸਿਹਤ ਲਈ ਯੋਗ ਵਾਤਾਵਰਣ ਬਣਾਈ ਰੱਖਣ ਲਈ ਸਰਕਾਰ ਨਿਯਮ ਨਿਸ਼ਚਿਤ ਕਰਦੀ ਹੈ। ਇਸੇ ਤਰ੍ਹਾਂ ਮਜ਼ਦੂਰਾਂ ਤੇ ਉਦਯੋਗਪਤੀਆਂ ਦੇ ਆਪਸੀ ਝਗੜਿਆਂ ਦੇ ਨਿਪਟਾਰੇ ਲਈ ਸਰਕਾਰ ਕਿਰਤੀ ਅਦਾਲਤਾਂ ਵੀ ਸਥਾਪਿਤ ਕਰਦੀ ਹੈ। ਜੇ ਕੋਈ ਸਰਕਾਰ ਕਿਰਤੀ ਭਲਾਈ ਦੇ ਲਈ ਇਹ ਸਾਰੇ ਉਪਰਾਲੇ ਨਹੀਂ ਕਰਦੀ ਤਾਂ ਸਮਝੋ ਉਹ ਕਿਰਤੀਆਂ ਵਿਚ ਅਸੰਤੁਸ਼ਟਤਾ ਪੈਦਾ ਕਰ ਰਹੀ ਹੈ ਜੋ ਅੰਤ ਵਿਚ ਕ੍ਰਾਂਤੀ ਦਾ ਸਬੱਬ ਵੀ ਬਣ ਸਕਦੀ ਹੈ।

**6. ਸਮਾਜਿਕ ਸੁਰੱਖਿਆ :** ਆਪਣੇ ਨਾਗਰਿਕਾਂ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਨਾ ਅਜੋਕੇ ਕਲਿਆਣਕਾਰੀ ਰਾਜ ਦਾ ਮੁੱਖ ਉਦੇਸ਼ ਹੈ। ਬੀਮਾਰੀ, ਬੇਕਾਰੀ ਤੇ ਬੁਢਾਪੇ ਦੇ ਸਮੇਂ ਤੇ ਰਾਜ ਵੱਲੋਂ ਵਿਅਕਤੀ ਨੂੰ ਪ੍ਰਦਾਨ ਕੀਤੀ ਗਈ ਸੁਰੱਖਿਆ ਨੂੰ ਸਮਾਜਿਕ ਸੁਰੱਖਿਆ ਕਹਿੰਦੇ ਹਨ। ਅਜੋਕੇ ਉਦਾਰਵਾਦੀ ਤੇ ਕਲਿਆਣਕਾਰੀ ਰਾਜ ਬੇਰੁਜ਼ਗਾਰਾਂ ਨੂੰ ਕੰਮ ਦੇਣ ਦੀ ਜ਼ਿੰਮੇਵਾਰੀ ਲੈਂਦੇ ਹਨ ਅਤੇ ਕਾਰਖਾਨਿਆਂ ਤੇ ਉਦਯੋਗਿਕ ਧੰਦਿਆਂ ਵਿਚ ਲਗੇ ਵਿਅਕਤੀਆਂ ਲਈ ਕਈ ਯੋਜਨਾਵਾਂ ਚਲਾਉਂਦੇ ਹਨ ਤਾਂ ਕਿ ਉਹਨਾਂ ਦੀ ਸਮਾਜਿਕ ਸੁਰੱਖਿਆ ਯਕੀਨੀ ਹੋ ਸਕੇ। ਕਈ ਰਾਜ ਬੁੱਢਿਆਂ, ਅੰਗਹੀਣਾਂ, ਵਿਧਵਾਵਾਂ ਤੇ ਬੇਸਹਾਰਿਆਂ ਨੂੰ ਪੈਨਸ਼ਨ ਵੀ ਦਿੰਦੇ ਹਨ। ਇਸ ਤਰ੍ਹਾਂ ਬਹੁਤ ਸਾਰੇ ਰਾਜ ਜੀਵਨ ਬੀਮਾ, ਸਿਹਤ ਬੀਮਾ, ਦੁਰਘਟਨਾ ਤੇ ਬੀਮਾਰੀ ਦਾ ਬੀਮਾ ਅਤੇ ਪ੍ਰਾਵੀਡੈਂਟ ਫੰਡ ਜਿਹੀਆਂ ਅਨੇਕਾਂ ਯੋਜਨਾਵਾਂ ਦਾ ਸੰਚਾਲਨ ਕਰਕੇ ਆਪਣੇ ਨਾਗਰਿਕਾਂ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ ਦਾ ਯਤਨ ਕਰਦੇ ਹਨ।

**7. ਸਰਵਜਨਕ ਸਹੂਲਤਾਂ ਦੀ ਵਿਵਸਥਾ :** ਅਜੋਕੇ ਕਲਿਆਣਕਾਰੀ ਰਾਜ ਅਨੇਕਾਂ ਸਰਵਜਨਕ ਸਹੂਲਤਾਂ ਦਾ ਸੰਚਾਲਨ ਤੇ ਵਿਕਾਸ ਕਰਦੇ ਹਨ। ਇਹ ਸਹੂਲਤਾਂ ਜਿਹਾ ਕਿ ਰੇਲ, ਸੜਕਾਂ, ਡਾਕ-ਤਾਰ, ਬਿਜਲੀ, ਟੈਲੀਫੂਨ, ਰੇਡੀਓ ਤੇ ਟੈਲੀਵਿਜ਼ਨ ਆਦਿ ਅਜਿਹੀਆਂ ਹਨ ਜਿਹਨਾਂ ਦਾ ਪ੍ਰਬੰਧ ਵਿਅਕਤੀਆਂ ਲਈ ਆਪਣੇ ਆਪ ਕਰ ਸਕਣਾ ਸੰਭਵ ਨਹੀਂ ਤੇ ਜੇਕਰ ਇਨਾਂ ਦਾ ਪ੍ਰਬੰਧ ਨਿੱਜੀ ਖੇਤਰ ਵਿਚ ਛੱਡ ਦਿੱਤਾ ਜਾਵੇ ਤਾਂ ਨਾ ਸਿਰਫ ਇਹਨਾਂ ਦੇ ਲਾਭ ਹੀ ਕੁਝ ਕੁ ਵਿਅਕਤੀਆਂ ਤੱਕ ਸੀਮਿਤ ਰਹਿਣਗੇ, ਸਗੋਂ ਸਰਕਾਰ ਨੂੰ ਵੀ ਬਹੁਤ ਸਾਰੇ ਧਨ ਤੋਂ ਵੰਚਿਤ ਹੋਣਾ ਪਵੇਗਾ ਕਿਉਂਕਿ ਇਹ ਸਹੂਲਤਾਂ ਨਾ ਸਿਰਫ ਵਿਅਕਤੀ ਦੇ ਜੀਵਨ ਨੂੰ ਹੀ ਸੁਖਾਵਾਂ ਤੇ ਆਰਾਮਦਾਇਕ ਬਣਾਉਂਦੀਆਂ ਹਨ ਸਗੋਂ ਦੇਸ਼ ਦੀ ਆਰਥਿਕਤਾ ਨੂੰ ਵੀ ਮਜ਼ਬੂਤ ਬਣਾਉਂਦੀਆਂ ਹਨ। ਸਰਕਾਰ ਇਹਨਾਂ ਸੇਵਾਵਾਂ ਰਾਹੀਂ ਚੋਖਾ ਧਨ ਕਮਾਉਂਦੀ ਹੈ।

**8. ਉਦਯੋਗ, ਵਪਾਰ ਅਤੇ ਵਣਜ ਨੂੰ ਨਿਯਮਤ ਕਰਨਾ :** ਅੱਜ ਇਹ ਮੰਨ ਲਿਆ ਗਿਆ ਹੈ ਕਿ ਰਾਜ ਨੂੰ ਆਰਥਿਕ ਖੇਤਰ ਵਿਚ ਦਖਲ ਦੇ ਕੇ ਉਦਯੋਗ ਅਤੇ ਵਪਾਰ ਨੂੰ ਨਿਯਮਤ ਕਰਨਾ ਚਾਹੀਦਾ ਹੈ। 18ਵੀਂ ਸਦੀ ਦੇ ਪਹਿਲੇ ਅੱਧ ਤੱਕ ਅਪਣਾਈ ਗਈ ਖੁਲੀ ਆਰਥਿਕਤਾ ਦੀ ਨੀਤੀ ਦੇ ਭਿਆਨਕ ਸਿੱਟਿਆਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਜੇ ਸਰਕਾਰ ਵਲੋਂ ਵਿਅਕਤੀ ਦੇ ਆਰਥਿਕ ਖੇਤਰ ਵਿਚ ਕੋਈ ਦਖਲ ਨਹੀਂ ਹੋਵੇਗਾ ਤਾਂ ਆਰਥਿਕ ਅਸਮਾਨਤਾ ਏਨੀ ਵੱਧ ਜਾਵੇਗੀ ਕਿ ਇਸ ਦਾ ਨਤੀਜਾ ਕ੍ਰਾਂਤੀ ਤੇ ਵਿਦਰੋਹ ਹੋਵੇਗਾ। ਇਸ ਲਈ ਆਧੁਨਿਕ ਉਦਾਰਵਾਦੀ ਕਲਿਆਣਕਾਰੀ ਰਾਜ ਉਦਯੋਗ ਧੰਦਿਆਂ ਲਈ ਉਚਿਤ ਨਿਯਮ ਬਣਾਉਂਦੇ ਹਨ, ਬਰਾਮਦ ਤੇ ਦਰਾਮਦ (Import and Export) ਨੂੰ ਕਾਨੂੰਨਾਂ ਦੁਆਰਾ ਵਿਨਿਯਮਿਤ ਕਰਦੇ ਹਨ, ਮਾਪ ਤੋਲ ਦੇ ਪੈਮਾਨੇ ਅਤੇ ਲੋੜੀਂਦੀਆਂ ਚੀਜ਼ਾਂ ਦੇ ਮੁੱਲ ਵੀ ਨਿਸ਼ਚਿਤ ਕਰਦੇ ਹਨ। ਇਹ ਨਹੀਂ, ਸਰਕਾਰਾਂ ਆਪ ਵੀ ਉਦਯੋਗ ਧੰਦੇ ਚਲਾਉਂਦੀਆਂ ਹਨ ਤਾਂ ਕਿ ਦੇਸ਼ ਦੀ ਆਰਥਿਕਤਾ ਮਜ਼ਬੂਤ ਹੋ ਸਕੇ ਤੇ ਸਹੀ ਦਿਸ਼ਾ ਵਿਚ ਚਲ ਸਕੇ।

**9. ਖੇਤੀਬਾੜੀ ਦੀ ਉੱਨਤੀ :** ਖੇਤੀਬਾੜੀ ਦੇ ਵਿਕਾਸ ਲਈ ਯੋਗ ਕਦਮ ਉਠਾਉਣਾ ਵੀ ਅਜੋਕੇ ਕਲਿਆਣਕਾਰੀ ਤੇ ਉਦਾਰਵਾਦੀ ਰਾਜ ਦਾ ਇਕ ਮਹੱਤਵਪੂਰਣ ਕੰਮ ਹੈ। ਅਜੋਕੇ ਰਾਜ ਦਾ ਇਹ ਕਰਤੱਵ ਹੈ ਕਿ ਉਹ ਕਿਸਾਨਾਂ ਲਈ ਚੰਗੀ ਖਾਦ ਤੇ ਬੀਜਾਂ ਦਾ ਪ੍ਰਬੰਧ ਕਰੇ, ਸਿੰਚਾਈ ਦੇ ਸਾਧਨਾ ਵੱਲ ਪੂਰਾ ਧਿਆਨ ਦੇਵੇ ਅਤੇ ਨਾਲ ਹੀ ਆਧੁਨਿਕ ਵਿਗਿਆਨਕ ਢੰਗਾਂ ਦੀ ਜਾਣਕਾਰੀ ਤੇ ਲਾਭ ਕਿਸਾਨਾਂ ਤਕ ਪਹੁੰਚਾਏ ਤਾਂ ਕਿ ਖੇਤੀਬਾੜੀ ਦੀ ਪੂਰੀ ਉੱਨਤੀ ਹੋ ਸਕੇ ਅਤੇ ਦੇਸ਼ ਵਿਚ ਅੰਨ ਦੀ ਥੁੜ੍ਹ ਨਾ ਹੋਵੇ। ਅੰਨ ਦੀ ਥੁੜ੍ਹ ਕਾਰਨ ਕੋਈ ਦੇਸ਼ ਦੂਜੇ

ਦੇਸ਼ ਅੱਗੇ ਹੱਥ ਫੈਲਾਉਣ ਲਈ ਤੇ ਅੰਨ ਦੇ ਬਦਲੇ ਕਈ ਸਾਰੀਆਂ ਹੋਰ ਸ਼ਰਤਾਂ ਮੰਨਣ ਤੇ ਵੀ ਮਜ਼ਬੂਰ ਹੋ ਸਕਦਾ ਹੈ।

**10. ਕੁਦਰਤੀ ਸਾਧਨਾਂ ਦਾ ਵਿਕਾਸ :** ਕੁਦਰਤੀ ਸਾਧਨਾਂ ਦਾ ਪੂਰਨ ਵਿਕਾਸ ਅਜੋਕੇ ਕਲਿਆਣਕਾਰੀ ਰਾਜ ਦਾ ਇਕ ਬਹੁਤ ਹੀ ਜ਼ਰੂਰੀ ਕੰਮ ਹੈ। ਆਧੁਨਿਕ ਕਲਿਆਣਕਾਰੀ ਰਾਜ ਜੰਗਲਾਂ ਦੀ ਰੱਖਿਆ ਅਤੇ ਵਿਕਾਸ ਵੱਲ, ਦਰਿਆਵਾਂ ਦੇ ਪਾਣੀ ਤੋਂ ਪੂਰਾ ਲਾਭ ਉਠਾਉਣ ਵੱਲ, ਖਣਿਜ ਪਦਾਰਥਾਂ ਦੀ ਖੋਜ ਵੱਲ ਅਤੇ ਜੰਗਲੀ ਜਾਨਵਰਾਂ ਦੀ ਰੱਖਿਆ ਵੱਲ ਪੂਰਾ ਧਿਆਨ ਦਿੰਦੇ ਹਨ ਤਾਂ ਕਿ ਕੌਮੀ ਸੰਪੱਤੀ (National Wealth) ਵਿਚ ਵਾਧਾ ਹੋ ਸਕੇ। ਅਮਰੀਕਾ, ਅਰਬ ਦੇਸ਼ਾਂ ਅਤੇ ਹੋਰ ਅਨੇਕਾਂ ਪੱਛਮੀ ਦੇਸ਼ਾਂ ਦੀ ਚੰਗੀ ਆਰਥਿਕ ਸਥਿਤੀ ਦਾ ਰਾਜ਼ ਹੀ ਇਹੋ ਹੈ ਕਿ ਇਹਨਾਂ ਦੇਸ਼ਾਂ ਨੇ ਆਪਣੇ ਦੇਸ਼ ਦੇ ਕੁਦਰਤੀ ਸਾਧਨਾਂ ਦਾ ਪੂਰਾ ਲਾਭ ਉਠਾਇਆ ਹੈ। ਇਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਕੁਦਰਤੀ ਸਾਧਨਾਂ ਦੀ ਖੋਜ ਤੇ ਵਿਕਾਸ ਦਾ ਕੰਮ ਨਿੱਜੀ ਸੰਸਥਾਵਾਂ ਜਾਂ ਵਿਅਕਤੀਆਂ ਕੋਲ ਨਹੀਂ ਸਗੋਂ ਰਾਜ ਦੇ ਅਧੀਨ ਹੋਣਾ ਚਾਹੀਦਾ ਹੈ।

ਉਪਰੋਕਤ ਕਾਰਜਾਂ ਦੇ ਨਾਲ-ਨਾਲ ਹੀ ਅਜੋਕੇ ਰਾਜ ਕੋਲੋਂ ਇਹ ਵੀ ਆਸ ਕੀਤੀ ਜਾਂਦੀ ਹੈ ਕਿ ਉਹ ਸਮਾਜ ਵਿਚੋਂ ਕੁਰੀਤੀਆਂ ਤੇ ਭੈੜੇ ਰਸਮ ਰਿਵਾਜ਼ ਹਟਾ ਕੇ ਅਜਿਹਾ ਵਾਤਾਵਰਣ ਤਿਆਰ ਕਰੇ ਜਿਸ ਵਿਚ ਮਨੁੱਖ ਦਾ ਸਰਬਪੱਖੀ ਤੇ ਸਮੁਚਿਤ ਵਿਕਾਸ ਸੰਭਵ ਹੋ ਸਕੇ ਅਤੇ ਇਕ ਚੰਗੇ ਸਮਾਜ ਦਾ ਨਿਰਮਾਣ ਹੋ ਸਕੇ। ਇਸ ਦੇ ਨਾਲ ਹੀ ਨਾਗਰਿਕਾਂ ਦੇ ਰੋਜ਼ਾਨਾ ਜੀਵਨ ਦੀ ਕਠੋਰਤਾ ਨੂੰ ਘੱਟ ਕਰਨ ਅਤੇ ਉਸ ਨੂੰ ਆਨੰਦਮਈ ਬਣਾਉਣ ਲਈ ਅਜੋਕੇ ਉਦਾਰਵਾਦੀ ਕਲਿਆਣਕਾਰੀ ਰਾਜ ਕੋਲੋਂ ਦਿਲ ਪਰਚਾਵੇ ਦੀਆਂ ਸਹੂਲਤਾਂ ਪ੍ਰਦਾਨ ਕਰਨ ਦੀ ਵੀ ਆਸ ਕੀਤੀ ਜਾਂਦੀ ਹੈ। ਇਸੇ ਕਾਰਨ ਹੀ ਅਜੋਕੀਆਂ ਸਰਕਾਰਾਂ ਸਿਨੇਮਾ ਘਰਾਂ, ਨਾਟਕ ਘਰਾਂ, ਕਲਾ ਕੇਂਦਰਾਂ, ਸਰਬਜਨਕ ਤਲਾਬਾਂ, ਅਖਾੜੇ, ਬਾਗਾਂ ਤੇ ਪਾਰਕਾਂ ਦਾ ਪ੍ਰਬੰਧ ਕਰਦੀਆਂ ਹਨ। ਇਹੋ ਨਹੀਂ, ਵੱਖ-ਵੱਖ ਕਲਾਵਾਂ ਵਿਚ ਲੱਗੇ ਲੋਕਾਂ ਦਾ ਉਤਸ਼ਾਹ ਵਧਾਉਣ ਲਈ ਇਨਾਮਾਂ ਆਦਿ ਦੀ ਵਿਵਸਥਾ ਵੀ ਕਰਦੀਆਂ ਹਨ।

ਉਦਾਰਵਾਦੀ ਕਲਿਆਣਕਾਰੀ ਰਾਜ ਦੇ ਕਾਰਜਾਂ ਸੰਬੰਧੀ ਇਥੇ ਅਸੀਂ ਸੰਖੇਪ ਤੌਰ ਤੇ ਇਹ ਕਹਿ ਸਕਦੇ ਹਾਂ ਕਿ ਨਿਆਂ ਦਾ ਪ੍ਰਬੰਧ ਕਰਨ ਅਤੇ ਜੀਵਨ ਤੇ ਸੰਪੱਤੀ ਦੀ ਰੱਖਿਆ ਕਰਨ ਦੇ ਨਾਲ-ਨਾਲ ਆਧੁਨਿਕ ਰਾਜ ਦਾ ਇਹ ਵੀ ਫਰਜ਼ ਹੈ ਕਿ ਉਹ ਇਸ ਤੱਥ ਦਾ ਖਿਆਲ ਰੱਖੇ ਕਿ ਵਿਅਕਤੀ ਜਿਹਨਾਂ ਸਮਾਜਿਕ ਅਤੇ ਆਰਥਿਕ ਹਾਲਤਾਂ ਵਿਚ ਰਹਿੰਦਾ ਹੈ ਉਹ ਇਹੋ ਜਿਹੇ ਹੋਣੇ ਚਾਹੀਦੇ ਹਨ ਜਿਹਨਾਂ ਵਿਚ ਉਹ ਆਪਣੀਆਂ ਯੋਗਤਾਵਾਂ ਨੂੰ ਪੂਰੀ ਤਰ੍ਹਾਂ ਵਿਕਸਿਤ ਕਰਕੇ ਆਪਣੇ ਵਿਅਕਤੀਤਵ ਦਾ ਪੂਰਨ ਵਿਕਾਸ ਸੰਭਵ ਬਣਾ ਸਕੇ।

### 2.2.5 ਸਾਰੰਸ਼ (Conclusion) :

ਏਥੇ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਕੋਈ ਸਮਾਂ ਸੀ ਜਦੋਂ ਨਾਕਾਰਾਤਮਕ ਉਦਾਰਵਾਦੀਆਂ ਦੁਆਰਾ ਦੱਸੇ ਕਾਰਜਾਂ ਨੂੰ ਜ਼ਰੂਰੀ ਅਤੇ ਸਾਕਾਰਾਤਮਕ ਜਾਂ ਆਧੁਨਿਕ ਉਦਾਰਵਾਦੀਆਂ ਦੁਆਰਾ ਸੁਝਾਏ ਕਾਰਜਾਂ ਨੂੰ ਰਾਜ ਦੇ ਇਛੁੱਕ ਕਾਰਜ ਮੰਨਿਆ ਜਾਂਦਾ ਸੀ। ਪਰ ਸਰਕਾਰ ਦੇ ਕਾਰਜਾਂ ਨੂੰ ਇਹਨਾਂ ਦੋ ਭਾਗਾਂ ਵਿਚ ਵੰਡਣਾ ਹੁਣ ਬੀਤੇ ਸਮੇਂ ਦੀ ਗੱਲ ਹੈ। ਅਜੋਕੇ ਸਮੇਂ ਵਿਚ ਕੋਈ ਸਰਕਾਰ ਆਪਣੇ ਆਪ ਨੂੰ ਸਿਰਫ ਜ਼ਰੂਰੀ ਕਾਰਜਾਂ ਤੱਕ ਸੀਮਿਤ ਨਹੀਂ ਰੱਖ ਸਕਦੀ ਕਿਉਂਕਿ ਅਜੋਕੇ ਸਮੇਂ ਵਿਚ ਇਹ ਮੰਨਿਆ ਗਿਆ ਹੈ ਕਿ ਸਰਕਾਰ ਦਾ ਉਦੇਸ਼ ਵਿਅਕਤੀ ਦਾ ਸਰਬਪੱਖੀ ਵਿਕਾਸ ਹੈ ਅਤੇ ਇਸ ਉਦੇਸ਼ ਦੀ ਪੂਰਤੀ ਲਈ ਉਸ ਵਾਸਤੇ ਹਰ ਪ੍ਰਕਾਰ ਦੇ ਕਾਰਜ ਕਰਨੇ ਜ਼ਰੂਰੀ ਹਨ। ਇਹੀ ਨਹੀਂ ਅਜੋਕੇ ਕਾਰਜਾਂ ਵਿਚ ਦਿਨੋਂ-ਦਿਨ ਵਾਧਾ ਵੀ ਹੋ ਰਿਹਾ ਹੈ ਅਤੇ ਇਹੀ ਜਾਪਦਾ ਸੀ ਕਿ ਜਿਵੇਂ-ਜਿਵੇਂ ਸਭਿਅਤਾ ਦਾ ਵਿਕਾਸ ਹੁੰਦਾ ਜਾਵੇਗਾ, ਰਾਜ ਦੇ ਕਾਰਜਾਂ ਵਿਚ ਹੋਰ ਵਿਸਥਾਰ ਹੁੰਦਾ ਜਾਵੇਗਾ, ਪਰ ਹਾਲ ਵਿਚ ਹੀ ਉਦਾਰਵਾਦ ਦਾ ਇਕ ਨਵਾਂ ਸਰੂਪ ਸਾਡੇ ਸਾਹਮਣੇ ਉਜਾਗਰ ਹੋ ਰਿਹਾ ਹੈ ਜਿਸ ਨਾਲ ਰਾਜ ਦੀ ਭੂਮਿਕਾ ਇਕ ਵਾਰ ਫਿਰ ਬਦਲਦੀ ਲੱਗ ਰਹੀ ਹੈ। ਉਦਾਰੀਕਰਣ, ਨਿਜੀਕਰਣ ਤੇ ਵਿਸ਼ਵੀਕਰਣ ਦੀਆਂ ਧਾਰਨਾਵਾਂ ਅੱਜ ਬਹੁਤ ਪ੍ਰਚਲਿਤ ਹੋ ਰਹੀਆਂ ਹਨ, ਜਿਹਨਾਂ ਦੇ ਫਲਸਰੂਪ ਰਾਜ ਦਾ ਵੱਖ-ਵੱਖ ਖੇਤਰਾਂ ਤੇ ਕੰਟਰੋਲ ਘੱਟ ਕਰਨ ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਮਹਿਸੂਸ ਕੀਤਾ ਜਾ ਰਿਹਾ ਹੈ ਕਿ ਪ੍ਰਾਈਵੇਟ ਕੰਪਨੀਆਂ ਅਤੇ ਗੈਰ ਸਰਕਾਰੀ ਸੰਸਥਾਵਾਂ, ਉਹ ਕੰਮ ਵਧੇਰੇ ਚੰਗੀ ਤਰ੍ਹਾਂ ਕਰ ਸਕਦੇ ਹਨ, ਜਿਹੜੇ ਹੁਣ ਤਕ ਰਾਜ ਦੁਆਰਾ ਕੀਤੇ ਜਾਂਦੇ ਸਨ, ਸੋ ਰਾਜ ਦੀ ਭੂਮਿਕਾ ਮੁੱਖ ਤੌਰ ਤੇ ਨਿਯਮਿਤ (regulate) ਕਰਨ ਤਕ ਹੀ ਸੀਮਿਤ ਹੋਣੀ ਚਾਹੀਦੀ ਹੈ। ਭਵਿੱਖ ਵਿਚ ਉਦਾਰਵਾਦ ਦਾ ਸਰੂਪ ਕੀ ਹੋਵੇਗਾ? ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

## ਸਵੈ-ਅਭਿਆਸ ਲਈ ਪ੍ਰਸ਼ਨ-2

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ।

ਆਪਣੇ ਉੱਤਰਾਂ ਨੂੰ ਪਾਠ ਦੇ ਅੰਤ ਵਿਚ ਦਿੱਤੇ ਉੱਤਰਾਂ ਨਾਲ ਮਿਲਾਓ।

1. ਹੇਠਾਂ ਦਿੱਤੇ ਨਾਵਾਂ ਵਿਚ ਸਾਕਾਰਾਤਮਕ ਉਦਾਰਵਾਦ ਦੇ ਸਮਰਥਕਾਂ ਦੇ ਨਾਂ ਚੁਣੋ :
   (ੳ) ਐਡਮ ਸਮਿਥ (ਅ) ਰਿਕਾਰਡੋ (ੲ) ਮਿਲ (ਸ) ਬੈਂਥਮ (ਹ) ਮੈਕਾਈਵਰ (ਕ) ਗੋਰੇਸ਼ੇ (ਖ) ਲਾਸਕੀ (ਗ) ਬਾਰਕਰ
2. ਸਾਕਾਰਾਤਮਕ ਉਦਾਰਵਾਦੀਆਂ ਅਨੁਸਾਰ ਰਾਜ ਦਾ ਸਰੂਪ ਕਲਿਆਣਕਾਰੀ ਹੈ। ਕਲਿਆਣਕਾਰੀ, ਰਾਜ ਦੇ ਚਾਰ ਮੁੱਖ ਕਾਰਜਾਂ ਦਾ ਵਰਨਣ ਕਰੋ (ਕੇਵਲ ਸਿਰਲੇਖ)
3. ਰਾਜ ਇਕ ਸਾਕਾਰਾਤਮਕ ਅਛਾਈ (Positive Good) ਹੈ ਇਸ ਕਥਨ ਦਾ ਅਰਥ ਸਪੱਸ਼ਟ ਕਰੋ।

## 2.2.6 ਪਾਠ ਵਿਚ ਵਰਤੇ ਗਏ ਕੁਝ ਮਹੱਤਵਪੂਰਨ ਸ਼ਬਦ

**ਉਦਾਰਵਾਦ** – ਉਹ ਧਾਰਨਾ ਜੋ ਜੀਵਨ ਦੇ ਸਾਰੇ ਖੇਤਰਾਂ ਵਿਚ ਉਦਾਰ ਰਵੱਈਆ ਅਪਨਾਉਣ ਤੇ ਵਿਅਕਤੀ ਨੂੰ ਵੱਧ ਤੋਂ ਵੱਧ ਸੁਤੰਤਰਤਾ ਦੇਣ ਦਾ ਸਮਰਥਨ ਕਰਦੀ ਹੈ।

**ਨਾਕਾਰਾਤਮਕ ਉਦਾਰਵਾਦੀ–** ਜੋ ਰਾਜ ਨੂੰ ਇਕ 'ਜ਼ਰੂਰੀ ਬੁਰਾਈ' (necessary evil) ਮੰਨਦੇ ਸਨ, ਬੁਰਾਈ ਇਸ ਲਈ ਕਿ ਜਿੰਨੇ ਜ਼ਿਆਦਾ ਰਾਜ ਦੇ ਕਾਨੂੰਨ ਹੋਣਗੇ ਓਨੀ ਘੱਟ ਸੁਤੰਤਰਤਾ ਵਿਅਕਤੀ ਨੂੰ ਹੋਵੇਗੀ ਪਰ 'ਜ਼ਰੂਰੀ' ਇਸ ਲਈ ਕਿ ਰਾਜ ਅਜਿਹੀ ਏਜੰਸੀ ਹੈ ਜੋ ਵਿਅਕਤੀ ਦੇ ਜੀਵਨ ਤੇ ਸੰਪਤੀ ਨੂੰ ਸੁਰੱਖਿਆ ਪ੍ਰਦਾਨ ਕਰ ਸਕਦੀ ਹੈ। ਇਹਨਾਂ ਨੂੰ ਪੁਰਾਤਨ (classical) ਉਦਾਰਵਾਦੀ ਵੀ ਕਿਹਾ ਜਾਂਦਾ ਹੈ।

**ਸਾਕਾਰਾਤਮਕ ਉਦਾਰਵਾਦੀ –** ਉਹ ਵਿਚਾਰਕ ਜੋ ਰਾਜ ਨੂੰ 'ਸਾਕਾਰਾਤਮਕ ਅਛਾਈ' (Positive Good) ਮੰਨਦੇ ਹਨ— ਉਹਨਾਂ ਅਨੁਸਾਰ ਰਾਜ ਹੀ ਵਿਅਕਤੀਗਤ ਭਲਾਈ, ਸਮਾਜ ਕਲਿਆਣ ਤੇ ਸਾਂਝੇ ਹਿੱਤਾਂ ਦਾ ਰਖਵਾਲਾ ਹੈ ਅਤੇ ਇਸੇ ਦੀ ਮਦਦ ਨਾਲ ਹੀ ਗਰੀਬੀ, ਜਹਾਲਤ ਤੇ ਅਸੰਜਮ ਜਿਹੀਆਂ ਬੁਰਾਈਆਂ ਨੂੰ ਦੂਰ ਕਰਨਾ ਸੰਭਵ ਹੈ। ਇਹਨਾਂ ਨੂੰ ਆਧੁਨਿਕ (Modern) ਉਦਾਰਵਾਦੀ ਵੀ ਕਿਹਾ ਜਾਂਦਾ ਹੈ।

**Laissez Faire** ਜਾਂ ਵਿਅਕਤੀ ਨੂੰ ਇਕੱਲਾ ਛੱਡ ਦਿਓ-ਇਹ ਨਾਕਾਰਾਤਮਕ ਉਦਾਰਵਾਦੀਆਂ ਦਾ ਨਾਰਾ ਸੀ ਉਹਨਾਂ ਦਾ ਮੱਤ ਸੀ ਕਿ ਵਿਅਕਤੀ ਦੇ ਜੀਵਨ ਵਿਚ ਘੱਟ ਤੋਂ ਘੱਟ ਦਖਲ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਉਹ ਵੱਧ ਤੋਂ ਵੱਧ ਸੁਤੰਤਰਤਾ ਮਾਣ ਸਕੇ।

**Survival of the fittest** ਜਾਂ ਯੋਗਤਮ ਹੀ ਜੀਵਿਤ ਰਹਿਣ-ਪੁਰਾਤਨ ਜਾਂ ਨਾਕਾਰਾਤਮਕ ਉਦਾਰਵਾਦੀਆਂ ਦਾ ਇਹ ਵਿਚਾਰ ਸੀ ਕਿ 'ਯੋਗਤਮ ਹੀ ਜੀਵਤ ਰਹਿਣ'। ਇਹ ਪ੍ਰਕ੍ਰਿਤੀ ਦਾ ਨਿਯਮ ਹੈ, ਪ੍ਰਾਣੀ ਜਗਤ ਦੀ ਉਦਾਹਰਣ ਦੇ ਕੇ ਸਿੱਧ ਕਰਦੇ ਸਨ ਕਿ ਜਿਵੇਂ ਵੱਖ-ਵੱਖ ਪ੍ਰਾਣੀ ਆਪਣੀਆਂ ਲੋੜਾਂ ਤੇ ਹੋਂਦ ਲਈ ਸੰਘਰਸ਼ ਕਰਦੇ ਹਨ ਉਸੇ ਤਰ੍ਹਾਂ ਮਨੁੱਖੀ ਸਮਾਜ ਵਿਚ ਵੀ ਹੋਣਾ ਚਾਹੀਦਾ ਹੈ ਤੇ ਰਾਜ ਨੂੰ ਗਰੀਬਾਂ, ਕਮਜ਼ੋਰਾਂ, ਨਿਕੰਮੇ ਤੇ ਬੇਸਹਾਰਾ ਦੀ ਸਹਾਇਤਾ ਨਹੀਂ ਕਰਨੀ ਚਾਹੀਦੀ। ਚੰਗੇ ਸਮਾਜ ਦੀ ਸਥਾਪਨਾ ਲਈ ਇਹ ਜ਼ਰੂਰੀ ਹੈ ਕਿ ਕੇਵਲ ਯੋਗ ਹੀ ਜ਼ਿੰਦਾ ਰਹਿਣ ਤੇ ਜੋ ਸਮਾਜ ਤੇ ਬੋਝ ਹਨ ਉਹ ਖਤਮ ਹੋ ਜਾਣ।

**ਕਲਿਆਣਕਾਰੀ ਰਾਜ-**ਅਜਿਹਾ ਰਾਜ ਜੋ ਲੋਕਾਂ ਦੇ ਕਲਿਆਣ ਲਈ ਵੱਧ ਤੋਂ ਵੱਧ ਕਾਰਜ ਨਿਭਾਉਣ ਦੀ ਜ਼ਿੰਮੇਵਾਰੀ ਲੈਂਦਾ ਹੈ। ਅੱਜ ਕਲ, ਹਰ ਦੇਸ਼ ਭਾਵੇਂ ਉਸ ਵਿਚ ਕੋਈ ਵੀ ਸ਼ਾਸਨ ਪ੍ਰਣਾਲੀ ਹੋਵੇ, ਕਲਿਆਣਕਾਰੀ ਰਾਜ ਹੋਣ ਦਾ ਦਾਅਵਾ ਕਰਦਾ ਹੈ।

## 2.2.7 ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦਾ ਉੱਤਰ

**ਅਭਿਆਸ-1**

1. ਐਡਮ ਸਮਿਥ, ਜਰਮੀ ਬੈਂਥਮ, ਹਰਬਰਟ ਸਪੈਂਸਰ, ਜੇਮਜ਼ ਮਿਲ
2. (i) ਜੀਵਨ ਤੇ ਸੰਪੱਤੀ ਦੀ ਰੱਖਿਆ
   (ii) ਕਾਨੂੰਨ ਤੇ ਵਿਵਸਥਾ ਦੀ ਸਥਾਪਨਾ ਤੇ ਬਾਹਰਲੇ ਹਮਲਿਆਂ ਤੋਂ ਸੁਰੱਖਿਆ
   (iii) ਨਿਆਂਪਾਲਿਕਾ ਦਾ ਸੰਗਠਨ

**ਅਭਿਆਸ-2**

1. (i) ਮੈਕਾਈਵਰ
   (ii) ਗਰੋਸ਼ੇ
   (iii) ਬਾਰਕਰ
   (iv) ਲਾਸਕੀ
2. (i) ਗਰੀਬੀ ਤੇ ਬੇਰੁਜ਼ਗਾਰੀ ਦੂਰ ਕਰਨਾ
   (ii) ਸਿੱਖਿਆ
   (iii) ਸਰਬਜਨਕ ਸਿਹਤ ਤੇ ਡਾਕਟਰੀ ਸਹਾਇਤਾ
   (iv) ਬੁਢਾਪੇ, ਬੀਮਾਰੀ ਤੇ ਬੇਕਾਰੀ ਸਮੇਂ ਸਮਾਜਿਕ ਸੁਰੱਖਿਆ ਪ੍ਰਦਾਨ ਕਰਨਾ (ਤੁਸੀਂ ਕੋਈ ਹੋਰ ਕਾਰਜ ਵੀ ਲਿਖ ਸਕਦੇ ਹੋ)
3. ਆਧੁਨਿਕ ਉਦਾਰਵਾਦੀਆਂ ਦਾ ਮੱਤ ਹੈ ਕਿ ਰਾਜ ਹੀ ਉਹ ਆਦਰਸ਼ ਸੰਸਥਾ ਹੈ ਜਿਸ ਰਾਹੀਂ ਵਿਅਕਤੀ ਤੇ ਸਮਾਜ ਦਾ ਕਲਿਆਣ, ਸਾਂਝੇ ਹਿੱਤਾਂ ਦਾ ਵਿਕਾਸ ਅਤੇ ਵਿਅਕਤੀਗਤ ਸੁਤੰਤਰਤਾ ਦਾ ਉਦੇਸ਼ ਸਾਕਾਰ ਕਰਨਾ ਸੰਭਵ ਹੈ, ਇਸੇ ਲਈ ਉਹ ਰਾਜ ਨੂੰ ਇਕ ਕਲਿਆਣਕਾਰੀ ਸੰਸਥਾ ਅਤੇ 'ਸਾਕਾਰਾਤਮਕ ਅਛਾਈ' (Positive Good) ਕਹਿੰਦੇ ਹਨ।

### 2.2.8 ਸੁਝਾਈਆਂ ਪੁਸਤਕਾਂ


1. Eddy Asirvatham : Political Theroy
2. J.S. Badyal : Political Theory (Punjabi)
3. O.P. Gauba : An Introduction to Political Theory
4. Sushila Ramaswamy: Political Theory
5. Andrew Heywood : Political Idelogies
6. www.cup.com
7. www.amazon.com/books

**ਪਾਠ ਨੰਬਰ : 2.3**

oki d/ ekoi K dk ;wki tkdh f;XKs

## (Socialist Theory about the Functions of the State)

**ਪਾਠ ਦੀ ਰੂਪ-ਰੇਖਾ**

2.3.1 ਪਾਠ ਦਾ ਉਦੇਸ਼

2.3.2 ਭੂਮਿਕਾ

2.3.3 ਰਾਜ ਦੀ ਉਤਪੱਤੀ ਸੰਬੰਧੀ ਮਾਰਕਸਵਾਦੀ ਸਿਧਾਂਤ

2.3.4 ਸਮਾਜਵਾਦੀਆਂ ਅਨੁਸਾਰ ਰਾਜ ਦੇ ਕਾਰਜ

2.3.5 ਸਿੱਟਾ

2.3.6 ਸਵੈ-ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ

2.3.7 ਪਾਠ ਵਿਚ ਵਰਤੇ ਗਏ ਕੁਝ ਮਹੱਤਵਪੂਰਣ ਸ਼ਬਦ

2.3.8 ਸੁਝਾਈਆਂ ਪੁਸਤਕਾਂ

### 2.3.1 ਪਾਠ ਦਾ ਉਦੇਸ਼

ਇਸ ਪਾਠ ਦਾ ਮੁੱਖ ਉਦੇਸ਼ ਤੁਹਾਨੂੰ ਰਾਜ ਦੇ ਕਾਰਜਾਂ ਸੰਬੰਧੀ ਮਾਰਕਸਵਾਦੀ ਸਿਧਾਂਤ ਦੀ ਜਾਣਕਾਰੀ ਦੇਣਾ ਹੈ। ਇਸ ਪਾਠ ਨੂੰ ਪੜ੍ਹ ਕੇ ਤੁਹਾਨੂੰ ਹੇਠ ਲਿਖੀਆਂ ਗੱਲਾਂ ਸਪੱਸ਼ਟ ਹੋ ਜਾਣਗੀਆਂ।

– ਮਾਰਕਸਵਾਦੀ ਵਿਚਾਰਕਾਂ ਦੇ ਰਾਜ ਦੀ ਉਤਪੱਤੀ ਸੰਬੰਧੀ ਵਿਚਾਰ – ਕਿਉਂਕਿ ਇਹੀ ਵਿਚਾਰ ਉਹਨਾਂ ਦੇ ਰਾਜ ਦੇ ਕਾਰਜਾਂ ਦੇ ਵਿਚਾਰਾਂ ਦਾ ਆਧਾਰ ਹਨ :

1. ਰਾਜ ਦੇ ਕਾਰਜਾਂ ਸੰਬੰਧੀ ਮਾਰਕਸਵਾਦੀਆਂ ਦੇ ਵਿਚਾਰ –
2. ਰਾਜ ਦੇ ਕਾਰਜਾਂ ਸੰਬੰਧੀ ਮਾਰਕਸਵਾਦੀ ਵਿਚਾਰਾਂ ਦੀ ਆਲੋਚਨਾ ਤੇ ਮਹੱਤਤਾ –

**2.3.2 ਭੂਮਿਕਾ (Introduction) :** ਰਾਜ ਦੇ ਕਾਰਜਾਂ ਸੰਬੰਧੀ ਸਮਾਜਵਾਦੀ ਸਿਧਾਂਤ ਉਦਾਰਵਾਦੀ ਸਿਧਾਂਤ ਤੋਂ ਬਿਲਕੁਲ ਉਲਟ ਹੈ ਅਤੇ ਇਸ ਦਾ ਕਾਰਨ ਇਹ ਹੈ ਕਿ ਸਮਾਜਵਾਦੀ ਸਿਧਾਂਤ ਦੇ ਸਮਰਥਕਾਂ ਦੇ ਰਾਜਨੀਤੀ ਸੰਬੰਧੀ ਵਿਚਾਰਾਂ ਦਾ ਆਰੰਭ ਹੀ ਉਦਾਰਵਾਦੀਆਂ ਦੇ ਇਸ ਵਿਚਾਰ ਦੇ ਖੰਡਨ ਨਾਲ ਹੁੰਦਾ ਹੈ ਕਿ ਰਾਜ ਸਮਾਜ ਦੀ ਭਲਾਈ ਦਾ ਸਾਧਨ ਹੈ। ਸਮਾਜਵਾਦ (ਜਿਸ ਨੂੰ ਬਹੁਤ ਵਾਰੀ ਮਾਰਕਸਵਾਦ ਵੀ ਕਹਿ ਦਿੱਤਾ ਜਾਂਦਾ ਹੈ ਕਿਉਂਕਿ ਇਸ ਦਾ ਆਧਾਰ **ਮਾਰਕਸ (Karl Marx) ਦੇ ਵਿਚਾਰ ਹਨ**) ਅਨੁਸਾਰ, ਸਮਾਜ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਅਜਿਹਾ **ਸ਼੍ਰੇਣੀ ਸਮਾਜ** (class society) ਹੈ ਜਿਸ ਵਿਚ ਮੌਜੂਦਾ ਸ਼੍ਰੇਣੀਆਂ ਦੇ ਹਿੱਤ ਇਕ ਦੂਜੇ ਨਾਲ ਟਕਰਾਉਂਦੇ ਹਨ ਅਤੇ ਮੌਲਿਕ ਤੌਰ ਤੇ ਇਕ ਦੂਜੇ ਨਾਲੋਂ ਬਿਲਕੁਲ ਹੀ ਵਖਰੇ ਹਨ। ਇਹੋ ਜਿਹੇ ਵਿਰੋਧੀ ਧਿਰਾਂ ਵਿਚ ਵੰਡੇ ਹੋਏ ਸਮਾਜ ਵਿਚ ਸਮੁਚੇ ਸਮਾਜ ਦੀ ਗੱਲ ਕਰਨਾ ਇਕ ਭਰਮ ਮਾਤਰ ਹੈ। ਮਾਰਕਸਵਾਦੀ ਇਸ ਵਿਚਾਰ ਨਾਲ ਵੀ ਸਹਿਮਤ ਨਹੀਂ ਕਿ ਰਾਜ ਲੋਕ ਕਲਿਆਣ ਦੀ ਏਜੰਸੀ ਅਤੇ ਸਮਾਜ ਦੀ ਇਕ ਸਥਾਈ ਸੰਸਥਾ ਹੈ ਅਤੇ ਇਸ ਦਾ ਮੰਤਵ ਹੈ ਸੱਤਾਧਾਰੀ ਸ਼੍ਰੇਣੀ ਦੇ ਹਿੱਤਾਂ ਲਈ ਮੌਜੂਦਾ (existing) ਢਾਂਚੇ ਨੂੰ ਕਾਇਮ ਰੱਖਣ ਲਈ ਕਾਰਜ ਕਰਨਾ ਅਤੇ ਹੋਰ ਸ਼੍ਰੇਣੀਆਂ ਨੂੰ ਦਬਾ ਕੇ ਰੱਖਣਾ ਹੈ ਤਾਂ ਕਿ ਉਹ ਸੱਤਾਧਾਰੀ ਸ਼੍ਰੇਣੀ ਦਾ ਵਿਰੋਧ ਨਾ ਕਰ ਸਕਣ। ਏਥੇ ਇਹ ਸਪਸ਼ਟ ਕਰ ਦੇਣਾ ਵੀ ਲਾਜ਼ਮੀ ਹੈ ਕਿ ਮਾਰਕਸਵਾਦੀਆਂ ਦੇ ਰਾਜ ਦੇ ਕਾਰਜਾਂ ਬਾਰੇ ਇਸ ਸਿਧਾਂਤ ਨੂੰ ਰਾਜ ਦੇ ਕਾਰਜਾਂ ਦਾ ਸਮਾਜਵਾਦੀ ਸਿਧਾਂਤ ਇਸ ਲਈ ਵੀ ਕਿਹਾ ਜਾਂਦਾ ਹੈ ਕਿਉਂਕਿ

ਮਾਰਕਸਵਾਦ ਦਾ ਅੰਤਮ ਟੀਚਾ ਰਾਜ ਰਹਿਤ ਤੇ ਸ਼੍ਰੇਣੀ ਰਹਿਤ ਸਮਾਜ ਹੈ। ਇਸ ਸਿਧਾਂਤ ਦੇ ਸਮਰਥਕਾਂ ਅਨੁਸਾਰ ਰਾਜ ਦੀ j'bl f; oc gfot osBµlhb nt;Ek (Transitional Stage) ਵਿਚ ਹੀ ਹੋਵੇਗੀ ਜਿਸ ਨੂੰ ਮਾਰਕਸਵਾਦੀ 'ਸਮਾਜਵਾਦ' ਦਾ ਨਾਂ ਦਿੰਦੇ ਹਨ।

ਜਿਵੇਂ ਕਿ ਉਪਰੋਕਤ ਵਰਨਣ ਤੋਂ ਸਪਸ਼ਟ ਹੀ ਹੈ, ਸਮਾਜਵਾਦੀ ਰਾਜ ਦੇ ਕਾਰਜਾਂ ਬਾਰੇ ਮਾਰਕਸਵਾਦੀਆਂ ਦੇ ਇਹਨਾਂ ਵਿਲੱਖਣ ਵਿਚਾਰਾਂ ਦਾ ਆਧਾਰ ਉਹਨਾਂ ਦੇ ਰਾਜ ਦੀ ਉਤਪੱਤੀ ਬਾਰੇ ਵਿਚਾਰ ਹਨ। ਸੋ ਰਾਜ ਦੇ ਰਾਜਾਂ ਬਾਰੇ ਸਮਝਣ ਲਈ ਸਭ ਤੋਂ ਪਹਿਲਾਂ ਉਹਨਾਂ ਦੇ ਰਾਜ ਦੀ ਉਤਪੱਤੀ ਸੰਬੰਧੀ ਵਿਚਾਰ ਜਾਣਨਾ ਜ਼ਰੂਰੀ ਹੈ।

### 2.3.3 ਰਾਜ ਦੀ ਉਤਪੱਤੀ ਸੰਬੰਧੀ ਮਾਰਕਸਵਾਦੀ ਵਿਚਾਰ (Marxist view about the Origin of State)

ਜੇ. ਸੀ. ਜੌਹਰੀ ਦੇ ਸ਼ਬਦਾਂ ਵਿਚ : ਮਾਰਕਸਵਾਦੀ ਸਿਧਾਂਤ ਅਨੁਸਾਰ, ਰਾਜ ਨਾ ਤਾਂ ਮਨੁੱਖੀ ਚੇਤਨਾ ਦਾ ਨਤੀਜਾ ਹੈ, ਨਾ ਹੀ ਲੋਕਾਂ ਦੀ ਸਹਿਮਤੀ ਤੇ ਆਧਾਰਿਤ ਇਕ ਬਣਾਵਟੀ ਸੰਸਥਾ, ਨਾ ਹੀ ਇਹ ਸਿਰਫ ਸਦੀਆਂ ਦੇ ਅਜਿਹੇ ਵਿਕਾਸ ਦਾ ਸਿੱਟਾ ਮਾਤਰ ਹੈ ਜਿਸ ਵਿਚ ਜਾਤੀ, ਧਰਮ, ਸਹਿਮਤੀ ਅਤੇ ਸ਼ਕਤੀ ਵਰਗੇ ਤੱਤਾਂ ਦਾ ਯੋਗਦਾਨ ਹੈ ਅਤੇ ਨਾ ਹੀ ਇਹ ਲੋਕ ਭਲਾਈ ਦਾ ਇਕ ਸਾਧਨ ਹੀ ਹੈ। ਇਹ ਇਕ ਸ਼੍ਰੇਣੀ ਦੁਆਰਾ ਦੂਜੀ ਸ਼੍ਰੇਣੀ ਉੱਤੇ ਜਬਰ ਅਤੇ ਸ਼ੋਸ਼ਣ ਦਾ ਇਕ ਸਾਧਨ ਮਾਤਰ ਹੈ, ਹੋਰ ਕੁਝ ਨਹੀਂ, ਇਹ ਸ਼੍ਰੇਣੀ ਵਿਰੋਧ ਤੇ ਸੰਘਰਸ਼ ਦੇ ਨਤੀਜੇ ਵਜੋਂ ਹੋਂਦ ਵਿਚ ਆਈ ਇਕ ਅਜਿਹੀ ਸੰਸਥਾ ਹੈ, ਜੋ ਉਦੋਂ ਤਕ ਹੋਂਦ ਵਿਚ ਰਹੇਗੀ, ਜਦੋਂ ਤਕ ਇਹ ਸੰਘਰਸ਼ ਖਤਮ ਨਹੀਂ ਹੋ ਜਾਂਦਾ। ਜਿਵੇਂ ਲੈਨਿਨ ਨੇ ਵੀ ਕਿਹਾ ਹੈ, ''ਸ਼੍ਰੇਣੀਆਂ ਵਿਚ ਵੰਡੇ ਅਤੇ ਵਿਰੋਧੀ ਵਿਚਾਰਾਂ ਵਾਲੇ ਇਸ ਸਮਾਜ ਵਿਚ ਰਾਜ ਇਕ ਅਜਿਹਾ ਰਾਜਨੀਤਿਕ ਜੰਤਰ (Political Mechanism) ਹੈ, ਜਿਸ ਦੀ ਵਰਤੋਂ ਇਕ ਸ਼੍ਰੇਣੀ ਦੂਜੀ ਸ਼੍ਰੇਣੀ ਉੱਤੇ ਆਪਣਾ ਗਲਬਾ ਜਾਂ ਅਧਿਕਾਰ ਜਮਾਉਣ ਲਈ ਕਰਦੀ ਹੈ।''*

ਮਾਰਕਸਵਾਦੀਆਂ ਦੇ ਮੱਤ ਅਨੁਸਾਰ, ਮਾਨਵ ਜੀਵਨ ਲਈ ਲੋੜੀਂਦੀਆਂ ਚੀਜ਼ਾਂ ਦੇ ਉਤਪਾਦਨ ਦੇ ਸਾਧਨ ਹੀ ਜੀਵਨ ਦੀਆਂ ਸਮਾਜਿਕ, ਰਾਜਨੀਤਿਕ ਅਤੇ ਬੌਧਿਕ (Intellectual) ਪ੍ਰਕ੍ਰਿਆਵਾਂ ਨਿਰਧਾਰਿਤ ਕਰਦੇ ਹਨ। ਉਤਪਾਦਨ ਸਾਧਨਾਂ ਦੇ ਨਤੀਜੇ ਵਜੋਂ ਵਿਅਕਤੀਆਂ ਦੇ ਆਪਸ ਵਿਚ ਕੁਝ ਜ਼ਰੂਰੀ ਤੇ ਨਿਸ਼ਚਿਤ ਉਤਪਾਦਨ ਸੰਬੰਧ ਸਥਾਪਤ ਹੁੰਦੇ ਹਨ ਜਿਹਨਾਂ ਦਾ ਆਧਾਰ ਉਸ ਖਾਸ ਸਮੇਂ ਤੇ ਮੌਜੂਦਾ ਉਤਪਾਦਨ ਦੀਆਂ ਸ਼ਕਤੀਆਂ ਹੁੰਦੀਆਂ ਹਨ। ਮਾਰਕਸਵਾਦੀਆਂ ਦਾ ਮੱਤ ਹੈ ਕਿ ਰਾਜ ਹਮੇਸ਼ਾਂ ਹੀ ਹੋਂਦ ਵਿਚ ਨਹੀਂ ਸੀ ਸਗੋਂ ਇਹ ਤਾਂ ਉਤਪਾਦਨ ਸੰਬੰਧਾਂ ਦੇ ਸਿੱਟੇ ਵਜੋਂ ਹੋਂਦ ਵਿਚ ਆਈ ਸੰਸਥਾ ਹੈ। ਮੁੱਢਲੇ ਸਮਾਜ ਵਿਚ ਰਾਜ ਨਾਂ ਦੀ ਕੋਈ ਸੰਸਥਾ ਨਹੀਂ ਸੀ ਕਿਉਂਕਿ ਉਸ ਵੇਲੇ ਸਮਾਜ ਵਿਚ ਦੋ ਆਪਸ ਵਿਰੋਧੀ ਸ਼੍ਰੇਣੀਆਂ ਜਾਂ ਸ਼੍ਰੇਣੀ ਸੰਘਰਸ਼ ਮੌਜੂਦ ਨਹੀਂ ਸੀ। ਖੇਤੀਬਾੜੀ ਤੇ ਧਾਤਾਂ ਦੇ ਪਿਘਲਾਉਣ ਵਰਗੇ ਨਵੇਂ ਉਤਪਾਦਨ ਸਾਧਨਾਂ ਦੇ ਹੋਂਦ ਵਿਚ ਆਉਣ ਨਾਲ ਸਮਾਜ ਵਿਚ ਮਹੱਤਵਪੂਰਨ ਪਰਿਵਰਤਨ ਆਏ ਜਿਨ੍ਹਾਂ ਕਾਰਣ ਸਮਾਜ ਵਿਚ ਸ਼੍ਰੇਣੀ ਵੰਡ ਦਾ ਆਰੰਭ ਹੋ ਗਿਆ ਅਤੇ ਸ਼੍ਰੇਣੀ ਰਹਿਤ ਮੁੱਢਲਾ ਸਮਾਜ ਸਮਾਪਤ ਹੋ ਗਿਆ। ਇਹਨਾਂ ਨਵੇਂ ਉਤਪਾਦਨ ਸੰਬੰਧਾਂ ਦੇ ਫਲਸਰੂਪ ਨਿੱਜੀ ਸੰਪਤੀ ਹੋਂਦ ਵਿਚ ਆਈ ਜਿਸ ਕਾਰਨ ਅਮੀਰਾਂ *(Haves)* ਦੁਆਰਾ ਗਰੀਬਾਂ (*Have Nots)* ਦਾ ਸ਼ੋਸ਼ਣ ਸ਼ੁਰੂ ਹੋ ਗਿਆ। ਸਭ ਤੋਂ ਪਹਿਲਾਂ ਰਾਜ ਦਾਸ ਪ੍ਰਥਾ ਵਾਲਾ ਰਾਜ ਸੀ ਅਤੇ ਇਸ ਵਿਚਲੀਆਂ ਦੋ ਸ਼੍ਰੇਣੀਆਂ ਸਨ – ਦਾਸ (slaves) ਤੇ ਉਹਨਾਂ ਦੇ ਮਾਲਕ (Masters)। ਇਸ ਤੋਂ ਬਾਅਦ ਜਾਗੀਰਦਾਰੀ ਰਾਜ ਦੀ ਪ੍ਰਥਾ ਹੋਂਦ ਵਿਚ ਆਈ ਜਿਸ ਵਿਚ ਸ਼੍ਰੇਣੀ ਸੰਘਰਸ਼ ਜਾਗੀਰਦਾਰਾਂ (Feudal Lords) ਤੇ ਮੁਜ਼ਾਰਿਆਂ (Tenents) ਵਿਚ ਸੀ। ਅਗਲੀ ਵਿਵਸਥਾ ਪੂੰਜੀਵਾਦੀ ਰਾਜ ਸੀ, ਜਿਸ ਵਿਚ ਸ਼ੋਸ਼ਿਤ ਸ਼੍ਰੇਣੀ ਕਾਮੇ (Workers) ਅਤੇ ਸ਼ੋਸ਼ਣ ਕਰਨ ਵਾਲੇ ਪੂੰਜੀਪਤੀ ਜਾਂ Capitalists ਸਨ। ਮਾਰਕਸ ਦਾ ਮੱਤ ਹੈ ਕਿ ਕੁਝ ਕੁ ਅੰਤਰਾਂ ਜਾਂ ਫਰਕਾਂ ਦੇ ਬਾਵਜੂਦ ਵੀ ਇਹਨਾ ਤਿੰਨਾਂ ਪ੍ਰਕਾਰ ਦੇ ਰਾਜਾਂ ਵਿਚ ਇਕ ਚੀਜ਼ ਜੋ ਸਾਂਝੀ ਸੀ, ਉਹ ਸੀ ਆਮ ਲੋਕਾਂ ਤੇ ਨਿਯੰਤਰਣ ਰੱਖਣਾ ਅਤੇ ਕਾਮਿਆਂ ਵਾਲੀ ਸ਼੍ਰੇਣੀ ਦੁਆਰਾ ਆਪਣੇ ਸ਼ੋਸ਼ਣ ਤੋਂ ਮੁਕਤੀ ਲਈ ਕੀਤੇ ਗਏ ਕਿਸੇ ਵੀ ਯਤਨ ਨੂੰ ਪੂਰੀ ਤਰ੍ਹਾਂ ਦਬਾ ਦੇਣਾ।

ਮਾਰਕਸਵਾਦੀਆਂ ਦਾ ਮੱਤ ਹੈ ਕਿ ਰਾਜ ਆਰਥਿਕ ਆਧਾਰ (Economic Structure) ਉੱਤੇ ਉਸਾਰਿਆ ਗਿਆ ਇਕ ਢਾਂਚਾ ਹੈ। ਇਹ ਆਰਥਿਕ ਤੌਰ ਤੇ ਸ਼ਕਤੀਸ਼ਾਲੀ ਸ਼੍ਰੇਣੀ ਦੁਆਰਾ ਬਣਾਇਆ ਗਿਆ ਸੰਗਠਨ ਹੈ, ਜੋ ਕਿ ਰਾਜ ਦੀ ਮਿਹਰਬਾਨੀ ਨਾਲ ਰਾਜਨੀਤਿਕ ਤੌਰ ਤੇ ਵੀ ਸ਼ਕਤੀਸ਼ਾਲੀ ਹੋ ਜਾਂਦਾ ਹੈ। ਰਾਜ ਦੀ ਮੂਲ ਪ੍ਰਕ੍ਰਿਤੀ ਦਾ ਨਿਰਣਾਇਕ ਤੱਤ, ਸ਼ਾਸਕ ਵਰਗ

ਦੇ ਸਮਾਜ ਦੀਆਂ ਹੋਰ ਸ਼੍ਰੇਣੀਆਂ ਨਾਲ ਸੰਬੰਧ ਹਨ। ਰਾਜ, ਸੱਤਾਧਾਰੀ ਸ਼੍ਰੇਣੀ ਦੁਆਰਾ ਆਪਣੇ ਹੀ ਹਿੱਤਾਂ ਦੀ ਅਤੇ ਇਸ ਤੋਂ ਵੀ ਵੱਧ, ਉਸ ਸੰਪਤੀ ਦੀ ਰੱਖਿਆ ਕਰਨ ਲਈ ਬਣਾਈ ਗਈ ਸੰਸਥਾ ਹੈ ਜੋ ਕਿ ਇਸ ਵਰਗ ਦੀ ਮਲਕੀਅਤ ਹੈ। ਸ਼ੋਸ਼ਣ ਵਾਲੇ ਸਮਾਜਿਕ ਢਾਂਚੇ ਵਿਚ ਰਾਜ ਦਾ ਮੁੱਖ ਕਾਰਜ ਸ਼ੋਸ਼ਿਤ ਵਰਗਾਂ ਨੂੰ ਪੂਰੀ ਤਰ੍ਹਾਂ ਦਬਾ ਕੇ ਰੱਖਣਾ ਹੈ। ਇਸ ਮੰਤਵ ਲਈ ਰਾਜ ਸ਼ਕਤੀ ਦੀ ਅਤੇ ਜਬਰ ਦੇ ਹੋਰ ਢੰਗਾਂ ਦੀ ਵਰਤੋਂ ਕਰਦਾ ਹੈ। ਇਸ ਤਰ੍ਹਾਂ ਮਾਰਕਸਵਾਦੀਆਂ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਰਾਜ ਨਾਂ ਦੀ ਸੰਸਥਾ ਸੰਪਤੀ ਵਾਲੀ ਸ਼੍ਰੇਣੀ ਦੇ ਹਿੱਤਾਂ ਦੀ ਰਖਿਆ ਲਈ ਅਤੇ ਸੰਪਤੀ ਕਾਰਨ ਹੋਣ ਵਾਲੇ ਸੰਘਰਸ਼ ਨੂੰ ਨਿਯੰਤਰਣ ਵਿਚ ਰੱਖਣ ਲਈ ਹੋਂਦ ਵਿਚ ਆਈ ਹੈ। ਇਸ ਦਾ ਭਾਵ ਇਹ ਵੀ ਹੈ ਕਿ ਜੇਕਰ ਸਮਾਜਵਾਦੀ ਉਤਪਾਦਨ ਸਾਧਨਾਂ ਦੇ ਹੋਂਦ ਵਿਚ ਆਉਣ ਨਾਲ ਸਮਾਜ ਇਕ ਵਾਰੀ ਫੇਰ ਸ਼੍ਰੇਣੀ ਰਹਿਤ (Classless) ਹੋ ਜਾਂਦਾ ਹੈ, ਜਿਸ ਦਾ ਸਮਰਥਨ ਮਾਰਕਸਵਾਦੀ ਕਰਦੇ ਹਨ, ਤਾਂ ਫਿਰ ਰਾਜ ਦੀ ਵੀ ਲੋੜ ਨਹੀਂ ਰਹਿ ਜਾਏਗੀ।

## ਸਵੈ-ਅਭਿਆਸ ਲਈ ਪ੍ਰਸ਼ਨ – 1

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਆਪਣੇ ਉੱਤਰਾਂ ਨੂੰ ਪਾਠ ਦੇ ਅੰਤ ਤੇ ਦਿੱਤੇ ਉੱਤਰਾਂ ਨਾਲ ਮਿਲਾਉ।

1. ਮਾਰਕਸਵਾਦੀਆਂ ਅਨੁਸਾਰ ਰਾਜ ਇਕ..........ਸੰਸਥਾ ਹੈ। (ਬਨਾਵਟੀ/ਕੁਦਰਤੀ)
2. ਮਾਰਕਸਵਾਦੀ ਰਾਜ ਨੂੰ ਜਬਰ, ਸ਼੍ਰੇਣੀ ਵਿਰੋਧ ਤੇ ਸੰਘਰਸ਼ ਵਜੋਂ ਹੋਂਦ ਵਿਚ ਆਈ ਸੰਸਥਾ ਮੰਨਦੇ ਹਨ। (ਠੀਕ/ਗਲਤ)
3. ਮਾਰਕਸਵਾਦੀ ਰਾਜ ਨੂੰ..........ਤੇ ਉਸਾਰਿਆ ਹੋਇਆ ਢਾਂਚਾ ਮੰਨਦੇ ਹਨ। (ਆਰਥਿਕ ਆਧਾਰ/ਸਮਾਜਿਕ ਆਧਾਰ)
4. ਮਾਰਕਸਵਾਦੀ ਵਿਚਾਰਕਾਂ ਅਨੁਸਾਰ ਉਤਪਾਦਨ ਦੇ ਸਾਧਨ ਹੀ ਜੀਵਨ ਦੀਆਂ ਸਮਾਜਿਕ, ਰਾਜਨੀਤਕ ਅਤੇ ਬੌਧਿਕ ਪ੍ਰਕ੍ਰਿਆਵਾਂ ਨਿਸ਼ਚਿਤ ਕਰਦੇ ਹਨ। (ਠੀਕ/ਗਲਤ)

### 2.3.4 ਸਮਾਜਵਾਦੀਆਂ ਅਨੁਸਾਰ ਰਾਜ ਦੇ ਕਾਰਜ (Functions of the State)

ਰਾਜ ਦੀ ਉਤਪਤੀ ਬਾਰੇ ਮਾਰਕਸਵਾਦੀ ਦ੍ਰਿਸ਼ਟੀਕੋਣ ਦੀ ਇਸ ਚਰਚਾ ਤੋਂ ਬਾਅਦ, ਆਉ ਅਸੀਂ ਹੁਣ ਉਹਨਾਂ ਦੇ ਰਾਜ ਦੇ ਕਾਰਜਾਂ ਸੰਬੰਧੀ ਵਿਚਾਰ ਜਾਣੀਏ। ਮਾਰਕਸਵਾਦੀਆਂ ਅਨੁਸਾਰ ਰਾਜ ਦੇ ਕਾਰਜ ਉਸ ਦੀ ਮੂਲ ਪ੍ਰਕ੍ਰਿਤੀ ਨਾਲ ਜੁੜੇ ਹੋਏ ਹਨ। ਜੇ ਰਾਜ ਪੂੰਜੀਵਾਦੀ ਵਿਵਸਥਾ ਵਿਚ ਕੰਮ ਕਰ ਰਿਹਾ ਹੈ ਤਾਂ ਉਸ ਦੇ ਕਾਰਜ ਹੋਰ ਹੋਣਗੇ ਅਤੇ ਜੇ ਉਹ ਸਮਾਜਵਾਦੀ ਵਿਵਸਥਾ ਵਿਚ ਹੈ ਤਾਂ ਹੋਰ। ਮਾਰਕਸਵਾਦੀ ਸਮਾਜਵਾਦੀ ਰਾਜ ਨੂੰ ਸ਼੍ਰੇਣੀ ਵੰਡ ਤੇ ਸ਼੍ਰੇਣੀ ਸੰਘਰਸ਼ ਖਤਮ ਕਰਨ ਅਤੇ ਸ਼੍ਰੇਣੀ ਰਹਿਤ ਸਮਾਜ ਸਥਾਪਿਤ ਕਰਨ ਲਈ ਵੀ ਰਾਜ ਦੀ ਸੰਸਥਾ ਦਾ ਪ੍ਰਯੋਗ ਕਰਦੇ ਹਨ। ਉਹਨਾਂ ਦਾ ਮੱਤ ਹੈ ਕਿ ਕ੍ਰਾਂਤੀ ਤੋਂ ਬਾਅਦ ਦੇ ਪਰਿਵਰਤਨ ਵਾਲੇ ਸਮੇਂ ਦੌਰਾਨ (ਭਾਵ ਪੂੰਜੀਵਾਦ ਦੇ ਖਾਤਮੇ ਅਤੇ ਸਮਾਜਵਾਦੀ ਸਮਾਜ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਵਾਲੇ ਬਦਲਾਵ ਸਮੇਂ ਵਿਚ) ਜਦੋਂ ਕਾਮਿਆਂ ਜਾਂ ਸਰਵਹਾਰਾ ਵਰਗ (Proletariat Class) ਦੀ ਡਿਕਟੇਟਰਸ਼ਿਪ ਸਥਾਪਿਤ ਹੋ ਜਾਏਗੀ ਤਾਂ ਰਾਜ ਸਰਵਹਾਰਾ ਵਰਗ ਦੀ ਪ੍ਰਤੀਨਿਧ ਸੰਸਥਾ ਹੋਵੇਗੀ ਅਤੇ ਉਹ ਵਰਗ ਸੰਘਰਸ਼ ਖਤਮ ਕਰਕੇ ਸਮਾਜਵਾਦੀ ਵਿਵਸਥਾ ਪੈਦਾ ਕਰਨ ਲਈ ਪ੍ਰਯੋਗ ਕੀਤਾ ਜਾਵੇਗਾ। ਮਾਰਕਸਵਾਦੀਆਂ ਦਾ ਮਤ ਹੈ ਕਿ ਇਹਨਾਂ ਦੋਹਾਂ ਸਮਾਜਿਕ ਵਿਵਸਥਾਵਾਂ ਦੇ ਵਿਚਲੇ ਪਰਿਵਰਤਨ ਵਾਲੇ ਸਮੇਂ (Transitional Period) ਵਿਚ ਕਈ ਪ੍ਰਕਾਰ ਦੀਆਂ ਆਰਥਿਕਤਾਵਾਂ ਦਾ ਅਤੇ ਕਾਮਿਆਂ ਅਤੇ ਪੂੰਜੀਵਾਦ ਵਰਗ ਵਿਚ ਤਿੱਖੇ ਸੰਘਰਸ਼ ਦਾ ਹੋਣਾ ਲਾਜ਼ਮੀ ਹੈ ਕਿਉਂਕਿ ਅਮੀਰ ਤੇ ਸ਼ਕਤੀਸ਼ਾਲੀ ਵਰਗ ਆਪਣੀ ਸ਼ਕਤੀ ਤੇ ਸੰਪਤੀ ਏਨੀ ਅਸਾਨੀ ਨਾਲ ਨਹੀਂ ਛਡੇਗਾ।

ਸੋ ਜਦੋਂ ਵੀ ਅਸੀਂ ਮਾਰਕਸਵਾਦੀ ਵਿਚਾਰਧਾਰਾ ਅਨੁਸਾਰ ਰਾਜ ਦੇ ਕਾਰਜਾਂ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ (ੳ) ਇਹ ਕਾਰਜ ਕਾਮਿਆਂ ਜਾਂ ਸਰਵਹਾਰਾ ਵਰਗ ਦੀ ਡਿਕਟੇਟਰਸ਼ਿਪ ਦੇ ਹਨ (ਅ) ਉਸ ਰਾਜ ਦੇ ਹਨ, ਜੋ ਕਿ ਅਸਥਾਈ ਹੈ (ੲ) ਉਸ ਰਾਜ ਦੇ ਹਨ ਜਿਸ ਨੇ ਉਦਾਰਵਾਦੀ ਰਾਜ ਵਾਂਗ ਸਮਾਜ ਵਿਚ ਹੋਣ ਵਾਲੇ ਸੰਘਰਸ਼ ਨੂੰ ਨਿਯੰਤਰਣ ਵਿਚ ਨਹੀਂ ਰੱਖਣਾ, ਸਗੋਂ ਉਸ ਨੂੰ ਖਤਮ ਕਰਨਾ ਹੈ ਅਤੇ ਫਿਰ ਸ਼੍ਰੇਣੀਆਂ ਦੇ ਖਤਮ ਹੋ ਜਾਣ ਨਾਲ ਆਪ ਵੀ ਖਤਮ ਜਾਂ ਅਲੋਪ ਹੋ ਜਾਣਾ ਹੈ। ਸੋ ਏਥੇ ਇਹ ਯਾਦ ਰਖਣਾ ਵੀ ਜ਼ਰੂਰੀ ਹੈ ਕਿ ਪੂੰਜੀਵਾਦ ਖ਼ਤਮ ਹੋਣ ਤੋਂ ਬਾਅਦ ਜਿਸ ਰਾਜ ਦੀ ਸਥਾਪਨਾ ਹੋਵੇਗੀ ਉਹ ਸਮਾਜਵਾਦੀ ਰਾਜ ਹੈ ਕਿਉਂਕਿ ਇਕ ਵਾਰੀ ਜਦੋਂ ਸ਼੍ਰੇਣੀ ਰਹਿਤ ਸਮਾਜ ਸਥਾਪਿਤ ਹੋ ਜਾਏਗਾ

ਤਾਂ ਰਾਜ ਦੀ ਸੰਸਥਾ ਦੀ ਵੀ ਲੋੜ ਨਹੀਂ ਰਹੇਗੀ। ਮਾਰਕਸਵਾਦੀਆਂ ਅਨੁਸਾਰ ਰਾਜ ਦੇ ਹੇਠ ਲਿਖੇ ਕਾਰਜ ਹਨ :

### 2.3.4.1 ਕਾਮਿਆਂ ਜਾਂ ਸਰਵਹਾਰਾ ਵਰਗ (Proletariats) ਦੀ ਤਾਨਾਸ਼ਾਹੀ ਦੀ ਸਥਾਪਨਾ

ਮਾਰਕਸਵਾਦੀਆਂ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਸ਼੍ਰੇਣੀ ਸੰਘਰਸ਼ ਅਤੇ ਪੂੰਜੀਵਾਦੀ ਸ਼੍ਰੇਣੀ ਦਾ ਗਲਬਾ ਸਿਰਫ ਕਾਮਿਆ ਦੁਆਰਾ ਕੀਤੀ ਗਈ ਕ੍ਰਾਂਤੀ ਦੁਆਰਾ ਹੀ ਖਤਮ ਹੋ ਸਕਦਾ ਹੈ, ਕਿਉਂਕਿ ਪੂੰਜੀਵਾਦੀ ਕਦੇ ਵੀ ਆਪਣੀ ਮਰਜ਼ੀ ਨਾਲ ਆਪਣੇ ਅਧਿਕਾਰਾਂ ਅਤੇ ਸੰਪਤੀ ਨੂੰ ਨਹੀਂ ਛੱਡਣਗੇ। ਸੋ ਕ੍ਰਾਂਤੀ ਤੋਂ ਬਾਅਦ ਰਾਜ ਦਾ ਪਹਿਲਾ ਕੰਮ ਸਰਵਹਾਰਾ ਵਰਗ ਦੀ ਤਾਨਾਸ਼ਾਹੀ ਦੀ ਸਥਾਪਨਾ ਹੈ। ਸਦੀਆਂ ਤੋਂ ਕਾਇਮ ਪੂੰਜੀਵਾਦੀ ਸਮਾਜ, ਆਰਥਿਕਤਾ, ਰਵਈਏ ਅਤੇ ਆਦਤਾਂ ਨੂੰ ਇਕੋ ਦਿਨ ਵਿਚ ਖ਼ਤਮ ਕਰ ਦੇਣਾ ਸੰਭਵ ਨਹੀਂ ਇਸ ਲਈ ਸਮਾਜਵਾਦੀ ਤਾਨਾਸ਼ਾਹੀ ਦਾ ਮੁੱਖ ਕੰਮ ਕ੍ਰਾਂਤੀ ਨੂੰ ਸਜੀਵ ਰੱਖਣਾ ਅਤੇ ਨਵੇਂ ਬਣੇ ਰਾਜਨੀਤਕ ਢਾਂਚੇ ਨੂੰ ਮਜ਼ਬੂਤ ਜਾਂ ਦ੍ਰਿੜ੍ਹ ਕਰਨਾ ਹੈ। 'ਸਰਵਹਾਰਾ ਵਰਗ ਦੀ ਤਾਨਾਸ਼ਾਹੀ' ਨੂੰ ਇਕ ਇਤਿਹਾਸਿਕ ਜ਼ਰੂਰਤ (Historical Necessity) ਦੱਸਦੇ ਹੋਏ ਮਾਰਕਸਵਾਦੀ ਇਸ ਤੱਥ ਤੇ ਜ਼ੋਰ ਦਿੰਦੇ ਹਨ ਕਿ ਇਸ ਤੋਂ ਬਿਨਾਂ ਕਾਮਿਆਂ ਲਈ ਆਪਣੀ ਸ਼ਕਤੀ ਨੂੰ ਕਾਇਮ ਕਰ ਸਕਣਾ, ਅਮੀਰ ਸ਼੍ਰੇਣੀ ਦੁਆਰਾ ਕੀਤੀ ਜਾ ਸਕਣ ਵਾਲੀ ਕ੍ਰਾਂਤੀ ਨੂੰ ਰੋਕ ਸਕਣਾ, ਆਰਥਿਕਤਾ ਨੂੰ ਮੁੜ ਸੰਗਠਿਤ ਕਰ ਸਕਣਾ ਅਤੇ ਸਾਮਵਾਦੀ ਸਮਾਜ ਦੀ ਸਥਾਪਨਾ ਕਰ ਸਕਣਾ ਸੰਭਵ ਨਹੀਂ ਹੋਵੇਗਾ।

### 2.3.4.2 ਸ਼੍ਰੇਣੀ ਵੰਡ ਤੇ ਸ਼੍ਰੇਣੀ ਸੰਘਰਸ਼ ਨੂੰ ਖਤਮ ਕਰਨਾ

ਪਰਿਵਰਤਨ ਦੇ ਇਸ ਸਮੇਂ ਦੌਰਾਨ ਰਾਜ ਦਾ ਅਗਲਾ ਮਹੱਤਵਪੂਰਣ ਕੰਮ ਉਤਪਾਦਨ ਦੇ ਪੂੰਜੀਵਾਦੀ ਢਾਂਚੇ ਅਤੇ ਸ਼੍ਰੇਣੀ ਵੰਡ ਤੇ ਸ਼੍ਰੇਣੀ ਸੰਘਰਸ਼ ਨੂੰ ਖਤਮ ਕਰਨਾ ਹੈ। ਮਾਰਕਸਵਾਦੀਆਂ ਦਾ ਮੱਤ ਹੈ ਕਿ ਸਰਵਹਾਰਾ ਕ੍ਰਾਂਤੀ ਦਾ ਸਰੂਪ ਆਰਥਿਕ ਦੇ ਨਾਲ-ਨਾਲ ਸਮਾਜਿਕ ਹੋਣਾ ਵੀ ਲਾਜ਼ਮੀ ਹੈ। ਪੂੰਜੀਵਾਦ ਦੇ ਗੜ੍ਹ ਜਾਂ ਮੁੱਖ ਆਧਾਰਾਂ ਨੂੰ ਖਤਮ ਕਰਨਾ ਜ਼ਰੂਰੀ ਹੈ, ਕਿਉਂਕਿ ਸਮਾਜ ਦੇ ਪੁਨਰ-ਨਿਰਮਾਣ ਲਈ ਪਹਿਲਾਂ ਉਤਪਾਦਨ ਦੇ ਨਿੱਜੀ ਸਾਧਨਾਂ ਦਾ ਖਾਤਮਾ ਕਰਨਾ ਲਾਜ਼ਮੀ ਹੈ। ਅਮੀਰ ਵਰਗ ਨੂੰ ਉਸ ਦੀ ਸੰਪਤੀ ਤੋਂ ਵਾਂਝਿਆਂ ਕਰਨਾ ਇਸ ਲਈ ਵੀ ਲਾਜ਼ਮੀ ਹੈ, ਕਿਉਂਕਿ ਜਦੋਂ ਤਕ ਇਸ ਵਰਗ ਦਾ ਉਤਪਾਦਨ ਦੇ ਸਾਧਨਾਂ ਤੇ ਨਿਯੰਤਰਣ ਹੈ, ਸ਼ਾਸਨ ਸ਼ਕਤੀ ਵੀ ਇਸੇ ਵਰਗ ਦੇ ਹੱਥ ਵਿਚ ਕੇਂਦਰਿਤ ਰਹੇਗੀ। ਪੂੰਜੀਵਾਦੀ ਸੰਸਕ੍ਰਿਤੀ ਦਾ ਸਾਰਾ ਢਾਂਚਾ ਭਾਵ ਕਾਨੂੰਨ, ਰਾਜਨੀਤੀ, ਧਰਮ, ਦਰਸ਼ਨ ਅਤੇ ਸਾਹਿਤ ਤਾਂ ਹੀ ਬਦਲਿਆ ਜਾ ਸਕਦਾ ਹੈ, ਜੇਕਰ ਪਹਿਲਾਂ ਨਿੱਜੀ ਸੰਪਤੀ ਨੂੰ ਜੜ੍ਹ ਤੋਂ ਉਖਾੜਿਆ ਜਾਵੇ। ਇਸੇ ਤਰ੍ਹਾਂ ਪੂੰਜੀਵਾਦੀ ਸਮਾਜ ਦੁਆਰਾ ਬਣਾਈਆਂ ਗਈਆਂ ਰਾਜਨੀਤਿਕ ਅਤੇ ਕਾਨੂੰਨੀ ਸੰਸਥਾਵਾਂ ਨੂੰ ਵੀ ਖਤਮ ਕਰਕੇ ਉਹਨਾਂ ਦੀ ਥਾਂ ਸਮਾਜਵਾਦੀ ਸੰਸਥਾਵਾਂ ਦੀ ਸਥਾਪਨਾ ਕਰਨੀ ਪਵੇਗੀ।

ਪਰਿਵਰਤਨ ਦੇ ਇਸ ਦੌਰ ਵਿਚ ਜ਼ੋਰ ਜ਼ਬਰਦਸਤੀ ਅਤੇ ਤਾਨਾਸ਼ਾਹੀ ਜ਼ਰੂਰੀ ਹੈ ਕਿਉਂਕਿ ਪੂੰਜੀਵਾਦੀ ਸਖਤ ਵਿਰੋਧ ਤੋਂ ਬਿਨਾਂ ਆਪਣੀ ਸ਼ਕਤੀ ਨਹੀਂ ਛੱਡਣਗੇ। ਪਰ ਰਾਜ ਦਾ ਮੁੱਖ ਉਦੇਸ਼ ਪੂੰਜੀਵਾਦੀ ਜਾਂ ਬੁਰਜੂਆ ਸ਼੍ਰੇਣੀ ਦਾ ਦਮਨ ਨਹੀਂ, ਸਗੋਂ ਅਜਿਹੇ ਸਮਾਜ ਦੀ ਅਤੇ ਅਜਿਹੇ ਸਮਾਜਵਾਦੀ ਆਰਥਿਕ ਢਾਂਚੇ ਦੀ ਸਥਾਪਨਾ ਹੈ ਜੋ ਪੂੰਜੀਵਾਦ ਤੋਂ ਬਿਹਤਰ (Superior) ਹੋਵੇ ਅਤੇ ਸਮਾਜ ਦੇ ਆਰਥਿਕ ਜੀਵਨ ਨੂੰ ਸੰਤੋਸ਼ਜਨਕ ਢੰਗ ਨਾਲ ਪੁਨਰਗਠਿਤ ਕਰ ਸਕੇ।

ਇਸ ਮੰਤਵ ਦੀ ਪ੍ਰਾਪਤੀ ਲਈ ਸਰਵਹਾਰਾ ਵਰਗ ਦੀ ਤਾਨਾਸ਼ਾਹੀ ਵਾਲੇ ਰਾਜ ਲਈ ਕਈ ਸਾਰੇ ਰਚਨਾਤਮਕ ਕਾਰਜ ਕਰਨੇ ਜ਼ਰੂਰੀ ਹਨ, ਇਹਨੂੰ ਅਸੀਂ ਆਪਣੀ ਸੁਵਿਧਾ ਲਈ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਕਾਰਜ ਕਹਿ ਸਕਦੇ ਹਾਂ।

### 2.3.4.3 ਆਰਥਿਕ ਕਾਰਜ

ਉਤਪਾਦਨ ਦੀ ਪੂੰਜੀਵਾਦੀ ਪੱਧਤੀ ਨੂੰ ਸਮਾਜਵਾਦੀ ਉਤਪਾਦਨ ਪੱਧਤੀ ਵਿਚ ਬਦਲਣਾ, ਸਮਾਜਵਾਦੀ ਆਰਥਿਕ ਢਾਂਚੇ ਦੀ ਅਤੇ ਇਕ ਅਜਿਹੇ ਸਮਾਜ ਦੀ ਸਥਾਪਨਾ ਜਿਸ ਵਿਚ ਸ਼ੋਸ਼ਣ ਅਤੇ ਅਸਮਾਨਤਾ ਨਾ ਹੋਵੇ, ਰਾਜ ਦੇ ਕੁਝ ਆਰਥਿਕ ਕਾਰਜ ਹਨ। ਮਾਰਕਸ ਦੁਆਰਾ ਨਿਰਧਾਰਿਤ ਪ੍ਰੋਗਰਾਮ ਹੈ, ਕਾਨੂੰਨ ਰਾਹੀਂ ਬੁਰਜੂਆ ਜਮਾਤ ਕੋਲੋਂ ਸਾਰੀ ਪੂੰਜੀ ਖੋਹ ਲੈਣਾ, ਵਿਰਾਸਤ ਦੇ ਕਾਨੂੰਨਾਂ ਦਾ ਖਾਤਮਾ, ਨਿੱਜੀ ਸੰਪੱਤੀ ਦਾ ਖਾਤਮਾ, ਉਤਪਾਦਨ ਦੇ ਸਾਰੇ ਸਾਧਨਾਂ ਦਾ ਰਾਜ ਕੋਲ ਕੇਂਦਰਿਤ ਹੋਣਾ, ਰਾਜ ਦੀ ਮਲਕੀਅਤ ਵਾਲੇ ਕਾਰਖਾਨੇ ਤੇ ਉਤਪਾਦਨ ਦੇ ਹੋਰ ਸਾਧਨਾਂ ਵਿਚ ਵਾਧਾ, ਸਮੁਚੇ ਉਤਪਾਦਨ ਵਿਚ ਜਿੰਨੀ ਜਲਦੀ ਸੰਭਵ ਹੋ ਸਕੇ ਵਾਧਾ, ਯੋਜਨਾਬੱਧ ਉਤਪਾਦਨ ਦੀ ਸਥਾਪਨਾ, ਕੰਮ ਕਰਨਾ ਸਭ ਨਾਗਰਿਕਾਂ

ਦਾ ਕਰੱਤਵ ਬਣਾਉਣਾ ਆਦਿ। ਇਸ ਦੌਰਾਨ ਕਾਮਿਆਂ ਨੂੰ ਉਹਨਾਂ ਦੇ ਕੰਮ ਅਨੁਸਾਰ ਮਿਹਨਤਾਨਾ ਮਿਲੇਗਾ ਜਿਸ ਕਰਕੇ T[ os (Pay) ਵਿਚ ਅੰਤਰ ਮੌਜੂਦ ਰਹੇਗਾ। ਇਸ ਤਰ੍ਹਾਂ ਲੋਕਾਂ ਦੀ ਪੂੰਜੀ ਜਾਂ ਧਨ ਵਿਚ ਤਾਂ ਫਰਕ ਹੋਵੇਗਾ, ਪਰ ਇਸ ਅੰਤਰ ਕਾਰਣ ਹੋਣ ਵਾਲਾ ਸ਼ੋਸ਼ਣ ਖਤਮ ਹੋ ਜਾਵੇਗਾ, ਕਿਉਂਕਿ ਉਤਪਾਦਨ ਦੇ ਸਾਧਨ ਲੋਕਾਂ ਦੇ ਨਹੀਂ, ਸਗੋਂ ਰਾਜ ਦੇ ਨਿਯੰਤਰਣ ਵਿਚ ਹੋਣਗੇ।

### 2.3.4.4 ਸਮਾਜਿਕ ਤੇ ਸਭਿਆਚਾਰਕ ਕਾਰਜ

ਲੋਕਾਂ ਵਿਚ ਨਵੀਂ ਚੇਤਨਾ ਅਤੇ ਨਵੇਂ ਸਭਿਆਚਾਰ ਦੇ ਪ੍ਰਤੀ ਦ੍ਰਿੜ੍ਹ ਵਿਸ਼ਵਾਸ ਦੇ ਵਿਕਾਸ ਅਤੇ ਉਹਨਾਂ ਦੇ ਮਨ ਵਿਚੋਂ ਭੂਤ ਦੀਆਂ ਯਾਦਾਂ ਨੂੰ ਨਸ਼ਟ ਕੀਤੇ ਬਗੈਰ ਸਮਾਜਿਕ ਪੁਨਰ-ਨਿਰਮਾਣ ਦਾ ਕਾਰਜ ਸੰਭਵ ਨਹੀਂ। ਇਸ ਲਈ ਕਾਮਿਆਂ ਦੀ ਜਮਾਤ ਨੂੰ ਖਾਸ ਕਰਕੇ ਕਿਸਾਨਾਂ ਤੇ ਅਜਿਹੇ ਹੀ ਹੋਰ ਵਰਗਾਂ ਨੂੰ ਜਿਹਨਾਂ ਨੂੰ ਅਸੀਂ ਪੂਰਨ ਤੌਰ ਤੇ ਸਰਵਹਾਰਾ ਵਰਗ ਨਹੀਂ ਕਹਿ ਸਕਦੇ, ਸਮਾਜਵਾਦੀ ਧਾਰਨਾ ਵਿਚ ਸਿੱਖਿਅਤ ਕਰਨਾ, ਉਹਨਾਂ ਦੀ ਆਮ ਸਿੱਖਿਆ, ਸਭਿਆਚਾਰਕ ਪੱਧਰ ਨੂੰ ਉੱਚਾ ਚੁਕਣਾ ਸਰਵਹਾਰਾ ਰਾਜ ਦਾ ਇਕ ਮੁੱਖ ਕਾਰਜ ਹੈ। ਇਹ ਕਾਰਜ ਇਸ ਕਰਕੇ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਸਦੀਆਂ ਤਕ ਕਾਮਿਆਂ ਦੀ ਸ਼੍ਰੇਣੀ ਦਾ ਨਾ ਸਿਰਫ ਸ਼ੋਸ਼ਣ ਕੀਤਾ ਗਿਆ ਹੈ, ਸਗੋਂ ਉਹਨਾਂ ਦੀ ਗਿਆਨ ਪ੍ਰਾਪਤੀ ਤੇ ਸਭਿਆਚਾਰਕ ਵਿਕਾਸ ਦੀ ਇਛਾ ਨੂੰ ਵੀ ਦਬਾ ਕੇ ਰਖਿਆ ਗਿਆ ਹੈ। ਸਰਵਹਾਰਾ ਰਾਜ ਸਭਿਆਚਾਰਕ ਕ੍ਰਾਂਤੀ ਦਾ ਰਸਤਾ ਦਿਖਾਏਗਾ। ਕਿਸੇ ਰਾਜ ਦਾ ਲੋਕਾਂ ਤੇ ਸਭਿਆਚਾਰਕ ਵਿਕਾਸ ਤੇ ਉਹਨਾਂ ਨੂੰ ਸਿਖਿਅਤ ਕਰਨ ਵਿਚ ਵੀ ਯੋਗਦਾਨ ਹੈ? ਇਹ ਰਾਜ ਦੇ ਸਭਿਆਚਾਰਕ ਤੇ ਸਿੱਖਿਆ ਸੰਬੰਧੀ ਕਾਰਜਾਂ ਤੋਂ ਪਤਾ ਲਗਦਾ ਹੈ।

ਸਰਵਹਾਰਾ ਵਰਗ ਦੀ ਤਾਨਾਸ਼ਾਹੀ ਦਾ ਕਾਰਜ ਲੋਕਾਂ ਉੱਤੇ ਦਬਾਅ ਪਾਉਣਾ ਨਹੀਂ, ਸਗੋਂ ਉਹਨਾਂ ਨੂੰ ਸਿਖਿਅਤ ਕਰਕੇ ਉਹਨਾਂ ਦੇ ਦ੍ਰਿਸ਼ਟੀਕੋਣ ਵਿਚ ਤਬਦੀਲੀ ਲਿਆਉਣਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਮਾਜਵਾਦੀ ਢਾਂਚੇ ਵਿਚ ਢਾਲਣਾ ਹੈ। ਇਹ ਵਿਦਿਆ ਵਿਗਿਆਨਕ ਢੰਗਾਂ ਨਾਲ ਅਤੇ ਬੱਚਿਆਂ ਦੀ ਰੁਚੀ ਤੇ ਪਸੰਦ ਦੇ ਅਨੁਸਾਰ ਹੋਵੇਗੀ। ਸਿੱਖਿਆ ਪ੍ਰਦਾਨ ਕਰਨ ਵੇਲੇ ਸਮਾਜ ਦੀਆਂ ਉਤਪਾਦਨ ਸੰਬੰਧੀ ਲੋੜਾਂ ਨੂੰ ਵੀ ਧਿਆਨ ਵਿਚ ਰਖਿਆ ਜਾਵੇਗਾ।

ਇਸ ਦੇ ਨਾਲ ਹੀ ਸਰਵਹਾਰਾ ਰਾਜ ਸਮਾਜਿਕ ਸਮਾਨਤਾ ਕਾਇਮ ਕਰਨ ਦਾ ਪੂਰਾ ਯਤਨ ਕਰੇਗਾ। ਜਾਤੀ, ਸਥਾਨ, ਭਾਸ਼ਾ, ਧਰਮ ਅਤੇ ਰਾਸ਼ਟਰੀਅਤਾ ਦੇ ਆਧਾਰ ਤੇ ਕਿਸੇ ਪ੍ਰਕਾਰ ਦਾ ਕੋਈ ਭੇਦਭਾਵ ਨਹੀਂ ਕੀਤਾ ਜਾਵੇਗਾ। ਸਮਾਜਵਾਦੀ ਢਾਂਚੇ ਤੇ ਆਧਾਰਿਤ ਇਸ ਸਮਾਜ ਵਿਚ ਸੰਸਕ੍ਰਿਤਕ, ਅਧਿਆਤਮਕ ਅਤੇ ਸਮੁਦਾਇਕ ਲੋੜਾਂ ਦੀ ਮਹੱਤਤਾ ਵਿਚ ਵਾਧਾ ਹੋਵੇਗਾ। ਉਤਪਾਦਨ ਸਿੱਖਿਆ ਅਤੇ ਸਭਿਆਚਾਰ, ਗੱਲ ਕੀ ਹਰ ਖੇਤਰ ਵਿਚ ਸਭ ਤੋਂ ਮਹੱਤਵਪੂਰਣ ਉਹਨਾਂ ਕਾਰਜਾਂ ਨੂੰ ਹੀ ਮੰਨਿਆ ਜਾਵੇਗਾ ਜਿਹਨਾਂ ਵਿਚ ਵਿਅਕਤੀ ਦੀਆਂ ਉਸਾਰੂ ਪ੍ਰਵਿਰਤੀਆਂ ਦਾ ਸਹੀ ਪ੍ਰਗਟਾ ਹੁੰਦਾ ਹੈ।

ਸੰਖੇਪ ਵਿਚ ਸਰਵਹਾਰਾ ਵਰਗ ਦੀ ਤਾਨਾਸ਼ਾਹੀ ਦਾ ਉਦੇਸ਼ ਸਮਾਜਵਾਦੀ ਕ੍ਰਾਂਤੀ ਦਾ ਪ੍ਰਸਾਰ ਕਰਕੇ ਇਸ ਨੂੰ ਪੂਰਨ ਰੂਪ ਵਿਚ ਸਥਾਪਿਤ ਕਰਨਾ ਅਤੇ ਬਿਲਕੁਲ ਨਵਾਂ ਤੇ ਵਖਰਾ ਆਰਥਿਕ ਢਾਂਚਾ ਸਥਾਪਿਤ ਕਰਨਾ ਹੈ। ਇਸ ਦੇ ਨਾਲ ਹੀ ਸ਼ੋਸ਼ਣ ਵਾਲੇ ਵਰਗਾਂ ਨੂੰ ਸਮਾਪਤ ਕਰਕੇ ਸਮਾਜਕ ਢਾਂਚੇ ਨੂੰ ਬਦਲਣਾ ਹੈ, ਇਕ ਨਵੇਂ ਬੁੱਧੀਜੀਵੀ ਵਰਗ ਦਾ ਵਿਕਾਸ ਕਰਨ ਲਈ ਯਤਨਸ਼ੀਲ ਹੋਣਾ ਹੈ ਅਤੇ ਲੋਕਾਂ ਦੇ ਮਨ ਵਿਚ ਕ੍ਰਾਂਤੀ ਜਾਂ ਪਰਿਵਰਤਨ ਲਿਆ ਕੇ ਸਮਾਜਵਾਦੀ ਵਿਚਾਰਧਾਰਾ ਦੀ ਜਿੱਤ ਨੂੰ ਯਕੀਨੀ ਬਣਾਉਣਾ ਹੈ।

### 2.3.4.5 ਵਿਦੇਸ਼ੀ ਨੀਤੀ ਸੰਬੰਧੀ ਕਾਰਜ

ਵਿਦੇਸ਼ੀ ਨੀਤੀ ਦੇ ਖੇਤਰ ਵਿਚ ਸਰਵਹਾਰਾ ਰਾਜ ਦਾ ਮੁੱਖ ਕਾਰਜ ਵਿਸ਼ਵ ਸ਼ਾਂਤੀ ਲਈ ਅਤੇ ਸਰਵਹਾਰਾ ਰਾਜ ਨੂੰ ਵਿਦੇਸ਼ੀ ਹਮਲੇ ਤੋਂ ਬਚਾਉਣ ਲਈ ਯਤਨਸ਼ੀਲ ਹੋਣਾ ਹੈ। ਇਸ ਮੰਤਵ ਦੀ ਪ੍ਰਾਪਤੀ ਲਈ ਰਾਜ ਵਾਸਤੇ ਸੁਰੱਖਿਆ ਪ੍ਰਬੰਧ ਅਤੇ ਸੈਨਾਵਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਯਤਨ ਕਰਨੇ ਜ਼ਰੂਰੀ ਹਨ।

### 2.3.4.6 ਰਾਜ ਦਾ ਅਲੋਪ ਹੋਣਾ

ਆਪਣੇ ਹੀ ਖਾਤਮੇ ਜਾਂ ਅਲੋਪ ਹੋ ਜਾਣ ਲਈ ਰਾਹ ਤਿਆਰ ਕਰਨਾ ਸਰਵਹਾਰਾ ਜਾਂ ਸਮਾਜਵਾਦੀ ਰਾਜ ਦਾ ਇਕ ਵਿਲੱਖਣ ਕਾਰਜ ਹੈ ਤਾਂ ਕਿ ਸ਼੍ਰੇਣੀ ਰਹਿਤ ਸਮਾਜ ਨੂੰ ਰਾਜ ਰਹਿਤ (Stateless) ਜੀਵਨ ਢੰਗ ਵਿਚ ਬਦਲਣਾ ਸੰਭਵ ਹੋ ਸਕੇ। ਅਜਿਹੇ ਰਾਜ ਰਹਿਤ ਸਮਾਜ ਵਿਚ ਸਭਿਆਚਾਰਕ ਤੇ ਆਰਥਿਕ ਖੇਤਰ ਨਾਲ ਸੰਬੰਧਿਤ ਸਾਰੇ ਕਾਰਜ ਸਵੈ-ਸੇਵੀ

ਸੰਸਥਾਵਾਂ ਭਾਵ 'ਸੋਵੀਅਤਾਂ' ਦੁਆਰਾ ਕੀਤੇ ਜਾਣਗੇ। ਇਹ ਸੰਸਥਾਵਾਂ (ਸੋਵੀਅਤਾ) ਸਮਾਜ ਦਾ ਇਕ ਅਭਿੰਨ ਅੰਗ ਅਤੇ ਜਨਤਕ ਸਰਕਾਰ ਦਾ ਇਕ ਭਾਗ ਬਣ ਜਾਣਗੀਆਂ ਅਤੇ ਇਹਨਾਂ ਰਾਹੀਂ ਸਮਾਜ ਦੇ ਸਾਰੇ ਮੈਂਬਰ ਸਮਾਜ ਦੀਆਂ ਸਭਿਆਚਾਰਕ ਤੇ ਆਰਥਿਕ ਗਤੀਵਿਧੀਆਂ ਵਿਚ ਹਿੱਸਾ ਲੈ ਸਕਣਗੇ।

### 2.3.5 ਸਿੱਟਾ (Conclusion) :

ਰਾਜ ਦੇ ਕਾਰਜਾਂ ਦੇ ਮਾਰਕਸਵਾਦੀ ਸਿਧਾਂਤ ਦੀ ਕਰੜੀ ਆਲੋਚਨਾ ਕੀਤੀ ਗਈ ਹੈ। ਆਲੋਚਕ ਮਾਰਕਸਵਾਦੀਆਂ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਕਿ ਰਾਜ ਦਾ ਜਨਮ ਉਸ ਸ੍ਰੇਣੀ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਹੋਇਆ ਜਿਸ ਦਾ ਸਮਾਜ ਦੇ ਭੌਤਿਕ ਸਾਧਨਾਂ ਉੱਤੇ ਨਿਯੰਤਰਣ ਹੈ। ਉਹ ਮਾਰਕਸਵਾਦੀਆਂ ਦੇ ਇਸ ਵਿਚਾਰ ਦਾ ਵੀ ਖੰਡਨ ਕਰਦੇ ਹਨ ਕਿ 'ਸ਼ਕਤੀ' ਰਾਜ ਦੀ ਉਤਪਤੀ ਦਾ ਇਕੋ ਇਕ ਤੇ ਮਹੱਤਵਪੂਰਣ ਕਾਰਨ ਹੈ ਅਤੇ ਰਾਜ ਸ਼ੋਸ਼ਣ ਕਰਨ ਵਾਲਿਆਂ ਦੇ ਹਿੱਤਾਂ ਦੀ ਰਖਿਆ ਕਰਦਾ ਹੈ।

ਉਹਨਾਂ ਦਾ ਮੱਤ ਹੈ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼ਕਤੀ ਨੇ ਰਾਜ ਦੀ ਉਤਪਤੀ ਤੇ ਜਨਮ ਵਿਚ ਆਪਣਾ ਯੋਗਦਾਨ ਪਾਇਆ ਹੈ ਅਤੇ ਅਮੀਰ ਸ੍ਰੇਣੀ ਦਾ ਪ੍ਰਭੂਤਵ ਵੀ ਇਕ ਇਤਿਹਾਸਕ ਸਚਾਈ ਹੈ, ਪਰ ਇਹਨਾਂ ਤੱਤਾਂ ਨੂੰ ਰਾਜ ਦੀ ਉਤਪਤੀ ਤੇ ਵਿਕਾਸ ਦਾ ਇਕੋ ਇਕ ਕਾਰਨ ਮੰਨ ਲੈਣਾ ਗਲਤ ਹੈ। ਮਾਰਕਸਵਾਦੀ ਨਾ ਸਿਰਫ ਰਾਜ ਨੂੰ ਸ੍ਰੇਣੀ ਸੰਘਰਸ਼ ਵਜੋਂ ਹੋਂਦ ਵਿਚ ਆਇਆ ਮੰਨਦੇ ਹਨ ਸਗੋਂ ਅਮੀਰ ਸ੍ਰੇਣੀ ਦੁਆਰਾ ਕਮਜ਼ੋਰ ਸ੍ਰੇਣੀ ਉੱਤੇ ਪ੍ਰਭੂਤਵ ਜਮਾਉਣ ਅਤੇ ਸ਼ੋਸ਼ਣ ਦਾ ; kXB efj e/thoki ~ fBzd/jB. go nfijkeoB ;wlT[ oki d/;kelokswe (Positive) ਯੋਗਦਾਨ ਨੂੰ ਅੱਖੋਂ ਉਹਲੇ ਕਰ ਦਿੰਦੇ ਹਨ ਜੋ ਕਿ ਜਾਇਜ਼ ਨਹੀਂ। ਰਾਜ ਸ਼ਾਂਤੀ ਵਿਵਸਥਾ, ਏਕਤਾ ਅਤੇ ਆਮ ਭਲਾਈ ਦਾ ਸਾਧਨ ਵੀ ਹੈ। ਅਰਸਤੂ ਦਾ ਇਹ ਕਥਨ ਹੈ ਕਿ ''ਰਾਜ ਜੀਵਨ ਲਈ ਹੋਂਦ ਵਿਚ ਆਇਆ ਅਤੇ ਚੰਗੇ ਜੀਵਨ ਲਈ ਕਾਇਮ ਹੈ। ਅੱਜ ਵੀ ਓਨਾ ਹੀ ਉਚਿਤ ਹੈ ਜਿੰਨਾ ਕਿ ਅੱਜ ਤੋਂ ਸਦੀਆਂ ਪਹਿਲੇ ਸੀ। ਰਾਜ ਨੂੰ ਸਿਰਫ ਸ਼ੋਸ਼ਣ ਦੇ ਦਮਨ ਦਾ ਸਾਧਨ ਮੰਨ ਕੇ ਨਕਾਰ ਦੇਣਾ ਠੀਕ ਨਹੀਂ।

ਮਾਰਕਸਵਾਦੀਆਂ ਦੀ ਇਹ ਮਾਨਤਾ ਕਿ ਪੂੰਜੀਵਾਦੀ ਰਾਜ ਦਾ ਇਕੋ ਹੀ ਕੰਮ ਹੈ ਭਾਵ ਕਾਮਿਆਂ ਦਾ ਸ਼ੋਸ਼ਣ ਠੀਕ ਨਹੀਂ ਅਤੇ ਜੇਕਰ ਇਸ ਨੂੰ ਠੀਕ ਮੰਨ ਲਿਆ ਜਾਏ ਤਾਂ ਫਿਰ ਮਾਰਕਸਵਾਦੀ ਸਰਕਾਰ ਤੇ ਵੀ ਆਪਣੀ ਹੀ ਕਿਸਮ ਦਾ ਸੱਤਾਧਾਰੀ ਰਾਜ ਹੋਣ ਦਾ ਦੋਸ਼ ਲਗਾਇਆ ਜਾ ਸਕਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜਿਹਾ ਰਾਜ ਲੋਕ ਭਲਾਈ ਦੇ ਅਨੇਕਾਂ ਕਾਰਜ ਕਰਦਾ ਹੈ ਅਤੇ ਅਜਿਹੀ ਪ੍ਰਣਾਲੀ ਦੀ ਸਥਾਪਨਾ ਕਰਦਾ ਹੈ ਜੋ ਕਾਫੀ ਹੱਦ ਤਕ ਸਮਾਜਿਕ ਤੇ ਆਰਥਿਕ ਦੋਸ਼ਾਂ ਤੋਂ ਮੁਕਤ ਹੁੰਦੀ ਹੈ ਪਰ ਇਸ ਦੇ ਨਾਲ ਹੀ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅਜਿਹੀ ਪ੍ਰਣਾਲੀ ਵਿਚ ਵਿਰੋਧ ਦਾ ਅਤੇ ਵਿਚਾਰਾਂ ਦੇ ਪ੍ਰਗਟਾ ਦੀ ਆਜ਼ਾਦੀ ਲਈ ਕੋਈ ਸਥਾਨ ਨਹੀਂ ਹੁੰਦਾ ਅਤੇ ਲੋਕ ਪੂਰਨ ਰੂਪ ਵਿਚ ਸੱਤਾਧਾਰੀ ਸ਼ਾਸਨ ਦੇ ਅਧੀਨ ਹੁੰਦੇ ਹਨ।

ਇਸ ਦੇ ਨਾਲ ਹੀ ਰਾਜ ਦੇ ਅਲੋਪ ਹੋ ਜਾਣ ਦਾ ਵਿਚਾਰ ਵੀ ਇਕ ਕੋਰੀ ਕਲਪਨਾ ਜਾਂ ਸੁਪਨਾ ਮਾਤਰ ਹੀ ਹੈ। ਸੰਸਾਰ ਦੇ ਵਿਭਿੰਨ ਸਾਮਵਾਦੀ ਰਾਜਾਂ ਦੇ ਤਜਰਬੇ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਅਜਿਹੇ ਰਾਜ ਹੌਲੀ-ਹੌਲੀ ਖਤਮ ਹੋਣ ਜਾਂ ਅਲੋਪ ਹੋ ਜਾਣ ਦਾ ਯਤਨ ਕਰਨ ਦੀ ਥਾਂ ਆਪਣੇ ਆਪ ਨੂੰ ਬਹੁਤ ਹੀ ਸ਼ਕਤੀਸ਼ਾਲੀ ਨੌਕਰਸ਼ਾਹੀ ਰਾਜਨੀਤਿਕ ਪ੍ਰਣਾਲੀਆਂ ਵਿਚ ਤਬਦੀਲ ਕਰ ਲੈਂਦੇ ਹਨ। ਚੀਨ ਤੇ ਹੋਰ ਅਨੇਕਾਂ ਸਾਮਵਾਦੀ ਦੇਸ਼ਾਂ ਦੀ ਉਦਾਹਰਣ ਸਾਡੇ ਸਾਹਮਣੇ ਹੈ। ਇਸ ਤੱਥ ਦੇ ਆਧਾਰ ਤੇ ਇਕ ਆਲੋਚਕ ਨੇ ਕਿਹਾ ਕਿ ਹੈ : ''ਭਾਵੇਂ ਮਾਰਕਸਵਾਦ ਰਾਜ ਵਿਰੋਧੀ ਸਿਧਾਂਤ ਵਜੋਂ ਅਰੰਭ ਹੋਇਆ, ਪਰ ਥੋੜ੍ਹੇ ਜਿਹੇ ਫੇਰ ਬਦਲ ਨਾਲ ਇਹ ਜਲਦੀ ਹੀ ਰਾਜ ਪੱਖੀ ਸਿਧਾਂਤ ਵਿਚ ਪਰਿਵਰਤਿਤ ਹੋ ਗਿਆ। ਪਿਛੇ ਜਿਹੇ ਦੁਨੀਆਂ ਭਰ ਵਿਚੋਂ ਤੇ ਖਾਸ ਕਰਕੇ ਸੋਵੀਅਤ ਰੂਸ ਵਿਚੋਂ ਜਿਸ ਢੰਗ ਨਾਲ ਮਾਰਕਸ ਦੁਆਰਾ ਪ੍ਰਚਾਰਿਆ ਗਿਆ ਸਾਮਵਾਦ ਤੇ ਸਮਾਜਵਾਦ ਖਤਮ ਹੋਇਆ ਹੈ, ਉਸ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਕੇਵਲ ਆਰਥਿਕ ਲੋੜਾਂ ਪੂਰੀਆਂ ਕਰਕੇ

---

* State is neither a product of human consciousness nor an artificial institution based on the consent of people, nor is it a mere consequence of very long evolution effected by the factors of kingship, religion, consent and force, nor it is an instrument of positive good. It is nothing else than instrument of exploitation and oppression by one class over another.

ਜਨਤਾ ਨੂੰ ਹਮੇਸ਼ਾਂ ਲਈ ਸੰਤੁਸ਼ਟ ਰੱਖ ਸਕਣਾ ਸੰਭਵ ਨਹੀਂ।''

ਅਸੀਂ ਕਹਿ ਸਕਦੇ ਹਾਂ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਰਕਸਵਾਦੀ ਸਿਧਾਂਤ ਵਿਚ ਸਚਾਈ ਦਾ ਕਾਫੀ ਤੱਤ ਹੈ ਅਤੇ ਇਸੇ ਕਾਰਨ ਹੀ ਕਾਫੀ ਲੰਬੇ ਸਮੇਂ ਤਕ ਸੰਸਾਰ ਦੇ ਅਨੇਕਾਂ ਦੇਸ਼ਾਂ ਵਿਚ ਇਸ ਦਾ ਕਾਫੀ ਪ੍ਰਭਾਵ ਰਿਹਾ, ਪਰ ਫਿਰ ਵੀ ਮਾਰਕਸਵਾਦੀਆਂ ਦੁਆਰਾ ਦੱਸੇ ਗਏ ਰਾਜ ਦੇ ਕਾਰਜਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਣਾ ਔਖਾ ਹੈ।

## ਸਵੈ-ਅਭਿਆਸ ਲਈ ਪ੍ਰਸ਼ਨ – 2

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਆਪਣੇ ਉੱਤਰਾਂ ਨੂੰ ਪਾਠ ਦੇ ਅੰਤ ਤੇ ਦਿੱਤੇ ਉੱਤਰਾਂ ਨਾਲ ਮਿਲਾਓ :-

1. ਮਾਰਕਸਵਾਦੀ ਰਾਜ ਦੇ ਕੋਈ ਚਾਰ ਕਾਰਜ ਲਿਖੋ। (ਸਿਰਫ ਸਿਰਲੇਖ)
2. ਆਪਣੇ ਹੀ ਅਲੋਪ ਹੋ ਜਾਣ ਲਈ ਰਾਹ ਤਿਆਰ ਕਰਨਾ ਮਾਰਕਸਵਾਦੀ ਰਾਜ ਦਾ ਸਭ ਤੋਂ ਵੱਡਾ ਕਾਰਜ ਹੈ। (ਠੀਕ/ਗਲਤ)
3. ਮਾਰਕਸਵਾਦੀ ਰਾਜ ਦੇ ਕਾਰਜਾਂ ਦੀ ਅਲੋਚਨਾ ਦੇ ਕੋਈ ਤਿੰਨ ਨੁਕਤੇ ਲਿਖੋ। (ਸਿਰਫ ਸਿਰਲੇਖ)

### 2.3.6 ਪਾਠ ਵਿਚ ਵਰਤੇ ਗਏ ਕੁਝ ਮਹੱਤਵਪੂਰਨ

ਮਾਰਕਸਵਾਦ – ਮਾਰਕਸ ਦੇ ਵਿਚਾਰਾਂ ਤੇ ਆਧਾਰਿਤ ਉਹ ਸਿਧਾਂਤ ਜੋ ਰਾਜ ਰਹਿਤ ਤੇ ਸ਼੍ਰੇਣੀ ਰਹਿਤ ਸਮਾਜ ਦੀ ਧਾਰਨਾ ਨੂੰ ਮਾਨਤਾ ਦਿੰਦਾ ਹੈ।

ਸਮਾਜਵਾਦ – ਪੂੰਜੀਵਾਦੀ ਰਾਜ ਦੇ ਖਾਤਮੇ ਤੇ ਰਾਜ ਰਹਿਤ ਤੇ ਸ਼੍ਰੇਣੀ ਰਹਿਤ ਰਾਜ ਦੀ ਸਥਾਪਨਾ ਦੇ ਵਿਚਕਾਰ ਦੀ ਉਹ ਪਰਿਵਰਤਨਸ਼ੀਲ ਅਵਸਥਾ ਜਦੋਂ ਪ੍ਰੋਲੀਤਾਰੀ ਜਾਂ ਕਾਮਿਆਂ ਦੀ ਤਾਨਾਸ਼ਾਹੀ ਹੋਵੇਗੀ ਤੇ ਰਾਜ ਸ਼੍ਰੇਣੀ ਰਹਿਤ ਸਮਾਜ ਦੀ ਸਥਾਪਨਾ ਲਈ ਯਤਨ ਕਰੇਗਾ।

ਪ੍ਰੋਲੀਤਾਰੀ – ਕਾਮਿਆਂ ਦੀ ਸ਼੍ਰੇਣੀ ਜਾਂ ਸਰਵਹਾਰਾ ਵਰਗ, ਰਾਜ ਰਹਿਤ ਤੇ ਸ਼੍ਰੇਣੀ ਰਹਿਤ ਤੇ ਸਮਾਜ- ਮਾਰਕਸਵਾਦੀਆਂ ਦੀ ਮਾਨਤਾ ਹੈ ਕਿ ਰਾਜ ਦੀ ਲੋੜ ਇਸ ਲਈ ਹੈ ਕਿਉਂਕਿ ਸਮਾਜ ਵਿਚ ਸ਼੍ਰੇਣੀਆਂ ਤੇ ਸ਼੍ਰੇਣੀ ਸੰਘਰਸ਼ ਹੈ__ ਜਦੋਂ ਸ਼੍ਰੇਣੀਆਂ ਖਤਮ ਹੋਣ ਨਾਲ ਸ਼੍ਰੇਣੀ ਸੰਘਰਸ਼ ਵੀ ਖਤਮ ਹੋ ਜਾਏਗਾ ਤਾਂ ਰਾਜ ਦੀ ਲੋੜ ਨਹੀਂ ਰਹੇਗੀ। ਇਸੇ ਅਵਸਥਾ ਦੀ ਪ੍ਰਾਪਤੀ ਮਾਰਕਸਵਾਦ ਦਾ ਉਦੇਸ਼ ਹੈ ਭਾਵ ਰਾਜਰਹਿਤ ਤੇ ਸ਼੍ਰੇਣੀ ਰਹਿਤ ਸਮਾਜ।

### 2.3.7 ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ

**ਅਭਿਆਸ ਨੰ. 1**

(1) ਬਨਾਵਟੀ (2) ਠੀਕ (3) ਆਰਥਿਕ ਆਧਾਰ ਤੇ (4) ਠੀਕ

**ਅਭਿਆਸ ਨੰ. 2**

1. (i) ਸਰਵਹਾਰਾ ਵਰਗ ਦੀ ਤਾਨਾਸ਼ਾਹੀ ਦੀ ਸਥਾਪਨਾ
   (ii) ''ਸ਼੍ਰੇਣੀ ਵੰਡ ਤੇ ਸ਼੍ਰੇਣੀ ਸੰਘਰਸ਼ ਨੂੰ ਖਤਮ ਕਰਨਾ''
   (iii) ਆਰਥਿਕ ਕਾਰਜ-ਭਾਵ ਯੋਜਨਾਬੱਧ ਉਤਪਾਦਨ ਤੋਂ ਵਿਤਰਣ ਦੀ ਵਿਵਸਥਾ ਕਰਨਾ
   (iv) ਆਪਣੇ ਹੀ ਅਲੋਪ ਹੋ ਜਾਣ ਲਈ ਰਾਹ ਤਿਆਰ ਕਰਨਾ
2. ਠੀਕ
3. (ੳ) ''ਰਾਜ ਦਾ ਜਨਮ ਅਮੀਰ ਸ਼੍ਰੇਣੀ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਨਹੀਂ ਹੋਇਆ, ਸਗੋਂ ਇਹ ਚੰਗੇ ਜੀਵਨ ਲਈ ਜ਼ਰੂਰੀ ਲੋੜੀਂਦੀ ਇਕ ਸੰਸਥਾ ਹੈ।''
   (ਅ) ਰਾਜ ਸਿਰਫ ਸ਼ੋਸ਼ਣ ਦੀ ਸੰਸਥਾ ਨਹੀਂ। ਇਸ ਦਾ ਮਾਨਵ ਜੀਵਨ ਦੇ ਵਿਕਾਸ ਵਿਚ ਇਕ ਸਾਕਾਰਾਤਮਕ ਯੋਗਦਾਨ ਹੈ। ਮਾਰਕਸਵਾਦ ਦਾ ਰਾਜ ਦੇ ਅਲੋਪ ਹੋ ਜਾਣ ਬਾਰੇ ਵਿਚਾਰ

ਇਕ ਕੋਰੀ ਕਲਪਨਾ ਮਾਤਰ ਹੈ।

### 2.3.8 ਸੁਝਾਈਆਂ ਪੁਸਤਕਾਂ


1. Eddy Asirvatham : Political Theroy
2. J.S. Badyal : Political Theory (Punjabi)
3. Sushila Ramaswamy : Political Theory
4. A.C. Kapoor : Principles of Political Science
5. J.C. Johari : Contemporary Political Theory
6. Andrew Heywood : Political Idelogies
7. N.D. Arora : State
8. www.wikipedia.org
9. http://jccc-ugcinfonet.in

ਪਾਠ ਨੰ: 2.4 ਡਾ. ਰਵਿੰਦਰ ਕੌਰ

# ਪ੍ਰਭੂਸੱਤਾ– ਅਰਥ, ਪਰਿਭਾਸ਼ਾ, ਮੁੱਖ ਲੱਛਣ ਤੇ ਕਿਸਮਾਂ
# (Sovereignty : Meaning, Definition, Attributes and Types)

## ਪਾਠ ਦੀ ਰੂਪ ਰੇਖਾ

2.4.1 ਪਾਠ ਦਾ ਉਦੇਸ਼
2.4.2 ਭੂਮਿਕਾ
2.4.3 ਪ੍ਰਭੂਸੱਤਾ ਦੀ ਪਰਿਭਾਸ਼ਾ
2.4.4 ਪ੍ਰਭੂਸੱਤਾ ਦੀਆਂ ਵਿਸ਼ੇਸ਼ਤਾਈਆਂ ਅਤੇ ਲੱਛਣ
2.4.5 ਪ੍ਰਭੂਸੱਤਾ ਦੇ ਸਿਧਾਂਤ ਦਾ ਇਤਿਹਾਸ
2.4.6 ਪ੍ਰਭੂਸੱਤਾ ਦਾ ਵਰਗੀਕਰਨ
2.4.7 ਕਾਨੂੰਨੀ ਅਤੇ ਰਾਜਨੀਤਿਕ ਪ੍ਰਭੂਸੱਤਾ ਦਾ ਸਬੰਧ
2.4.8 ਰਾਜਨੀਤਿਕ ਅਤੇ ਜਨਤਕ ਪ੍ਰਭੂਸੱਤਾ ਵਿਚ ਅੰਤਰ
2.4.9 ਕਾਨੂੰਨੀ ਅਤੇ ਵਾਸਤਵਿਕ ਪ੍ਰਭੂਸੱਤਾ
2.4.10 ਪ੍ਰਭੂਸੱਤਾ ਦਾ ਨਿਵਾਸ ਸਥਾਨ
2.4.11 ਪ੍ਰਭੂਸੱਤਾ ਦੇ ਸਿਧਾਂਤ ਦਾ ਮੁਲਾਕਣ ਤੇ ਆਧੁਨਿਕ ਯੁੱਗ ਵਿੱਚ ਇਸਦਾ ਮਹੱਤਵ
2.4.12 ਸਾਰੰਸ਼
2.4.13 ਸਵੈ-ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ
2.4.14 ਸੁਝਾਈਆਂ ਪੁਸਤਕਾਂ

### 2.4.1 ਪਾਠ ਦਾ ਉਦੇਸ਼

ਇਸ ਪਾਠ ਦਾ ਮੰਤਵ ਰਾਜ ਦੀ ਪ੍ਰਭੂਸੱਤਾ ਦੀ ਧਾਰਨਾ ਬਾਰੇ ਸਪੱਸ਼ਟ ਜਾਣਕਾਰੀ ਦੇਣਾ ਹੈ। ਇਹ ਪਾਠ ਪੜ੍ਹਕੇ ਤੁਹਾਨੂੰ ਹੇਠ-ਲਿਖੀਆਂ ਗੱਲਾਂ ਸਪੱਸ਼ਟ ਹੋ ਜਾਣੀਆਂ ਚਾਹੀਦੀਆਂ ਹਨ :

- ਪ੍ਰਭੂਸੱਤਾ ਦਾ ਅਰਥ ਤੇ ਮੁੱਖ ਲੱਛਣ
- ਪ੍ਰਭੂਸੱਤਾ ਦੇ ਸਿਧਾਂਤ ਦਾ ਇਤਿਹਾਸ
- ਪ੍ਰਭੂਸੱਤਾ ਦੀਆਂ ਕਿਸਮਾਂ ਤੇ ਨਿਵਾਸ, ਪ੍ਰਭੂਸੱਤਾ ਤੇ ਬੰਧਨ ਜਾਂ ਸੀਮਾਵਾਂ
- ਆਧੁਨਿਕ ਯੁੱਗ ਵਿਚ ਪ੍ਰਭੂਸੱਤਾ ਦੇ ਸਿਧਾਂਤ ਦੀ ਮਹੱਤਤਾ

ਇਸ ਪਾਠ ਵਿਚ ਅਸੀਂ ਰਾਜ ਦੇ ਜ਼ਰੂਰੀ ਤੱਤ ਭਾਵ ਪ੍ਰਭੂਸੱਤਾ ਬਾਰੇ ਚਰਚਾ ਕਰਾਂਗੇ। ਸਧਾਰਨ ਸ਼ਬਦਾਂ ਵਿਚ ਪ੍ਰਭੂਸੱਤਾ ਤੋਂ ਭਾਵ ਹੈ, ਸਮਾਜ ਵਿਚਲੇ ਲੋਕਾਂ ਅਤੇ ਸੰਸਥਾਵਾਂ ਦੇ ਮੁਕਾਬਲੇ ਵਿਚ ਕੇਂਦਰੀ ਸਰਕਾਰ ਦੀ ਅਸੀਮ ਅਤੇ ਸਰਵਉੱਚ ਸ਼ਕਤੀ।

### 2.4.2 ਭੂਮਿਕਾ (Introduction)

**ਪ੍ਰਭੂਸੱਤਾ ਦਾ ਇਕਵਾਦੀ ਸਿਧਾਂਤ** (Monistic Theory) ਮੱਧ ਕਾਲੀਨ ਯੂਰਪ ਵਿਚ ਸਾਮੰਤਵਾਦ ਵਿਰੁੱਧ ਇਕ ਪ੍ਰਤੀਕਰਮ ਵਜੋਂ ਹੋਂਦ ਵਿਚ ਆਇਆ। ਇਸ ਦਾ ਮੰਤਵ ਸਾਮੰਤਾਂ ਉੱਤੇ ਰਾਜਾਂ ਦੀ ਸ੍ਰੇਸ਼ਟਤਾ ਨੂੰ ਸਥਾਪਤ ਕਰਨਾ ਅਤੇ ਰਾਜ ਨੂੰ ਚਰਚ ਦੀ ਵਿਰੋਧੀ ਸੱਤਾ ਤੋਂ ਮੁਕਤ ਕਰਵਾਉਣਾ ਸੀ। ਮੱਧਕਾਲ ਅਜਿਹਾ ਯੁੱਗ ਸੀ ਜਦੋਂ ਪੋਪ ਨੇ ਐਲਾਨ ਕਰ ਦਿੱਤਾ ਸੀ ਕਿ ਚਰਚ ਰਾਜ ਦੇ ਅਧੀਨ ਨਹੀਂ, ਸਗੋਂ ਮੁਕਤ ਹੈ ਅਤੇ ਸਾਮੰਤ ਵੀ ਆਪਣੇ ਆਪਣੇ ਖੇਤਰ ਵਿਚ ਸੁਤੰਤਰ ਤੇ ਸ਼ਕਤੀਸ਼ਾਲੀ ਹਨ। ਇਸ ਜੱਦੋ-ਜਹਿਦ ਵਿਚ ਵਪਾਰਕ ਸ਼੍ਰੇਣੀ ਨੇ ਆਪਣੇ ਹਿੱਤਾਂ ਦੀ ਰਾਖੀ ਲਈ ਰਾਜੇ ਦਾ ਸਾਥ ਦਿੱਤਾ। ਸੁਧਾਰਵਾਦੀ ਲਹਿਰ ਚਲੀ ਅਤੇ ਸਾਮੰਤਵਾਦ

ਦਾ ਪਤਨ ਹੋ ਗਿਆ। ਰਾਸ਼ਟਰੀ ਰਾਜ ਹੋਂਦ ਵਿਚ ਆਉਣ ਨਾਲ ਸਾਮੰਤਾਂ ਅਤੇ ਚਰਚ ਉਤੇ ਰਾਜ ਦੀ ਪ੍ਰਮੁੱਖਤਾ (Supremacy) ਸਥਾਪਿਤ ਹੋ ਗਈ ਸੀ। ਸਮਾਂ ਪਾ ਕੇ ਪ੍ਰਭੂਸੱਤਾ ਦੇ ਇਸ ਇਕਵਾਦੀ ਸਿਧਾਂਤ ਦੀ ਵੀ ਕਰੜੀ ਆਲੋਚਨਾ ਸ਼ੁਰੂ ਹੋ ਗਈ ਸੀ। 1688 ਵਿਚ ਇੰਗਲੈਂਡ ਵਿਚ ਨਿਰੰਕੁਸ਼ ਰਾਜੇ ਦੀ ਥਾਂ ਸੰਸਦ ਨੇ ਲੈ ਲਈ ਅਤੇ ਯੂਰਪ ਵਿਚ ਵੀ ਸੰਵਿਧਾਨਕ ਸਰਕਾਰਾਂ ਦੀ ਸਥਾਪਨਾ ਦੀ ਮੰਗ ਹੋਣ ਲਗੀ। ਇਹ ਰਾਜ ਦੀ ਸਰਵਉੱਚ ਤੇ ਅਸੀਮ ਸ਼ਕਤੀ ਉੱਤੇ ਸੀਮਾਵਾਂ ਲਗਾਉਣ ਦੇ ਯਤਨ ਸਨ। ਇਹ ਮਹਿਸੂਸ ਕੀਤਾ ਜਾਣ ਲੱਗ ਪਿਆ ਕਿ ਰਾਜ ਦਾ ਪ੍ਰਭੂਸੱਤਾ ਉੱਤੇ ਇਕਮਾਤਰ ਅਧਿਕਾਰ ਨਹੀਂ ਕਿਉਂਕਿ ਸਮਾਜ ਵਿਚ ਅਨੇਕਾਂ ਸੰਸਥਾਵਾਂ ਤੇ ਸਮੂਹ ਅਜਿਹੇ ਹਨ, ਜੋ ਰਾਜ ਜਿੰਨੇ ਹੀ ਮਹੱਤਵਪੂਰਣ ਹਨ। ਇਹੀ ਵਿਚਾਰ ਅੱਗੇ ਜਾ ਕੇ ਬਹੁਵਾਦੀ ਸਿਧਾਂਤ ਵਜੋਂ ਵਿਕਸਿਤ ਹੋਇਆ।

**ਬਹੁਵਾਦ (Pluralism)** ਦੀ ਧਾਰਨਾ ਰਾਜ ਦੇ ਅਸੀਮ ਅਧਿਕਾਰਾਂ ਤੇ ਨਿਰੰਕੁਸ਼ ਸ਼ਕਤੀ ਦੇ ਵਿਰੁੱਧ ਇਕ ਪ੍ਰਤੀਕਰਮ ਹੈ। ਰਾਜ ਪ੍ਰਭੂਸੱਤਾ ਦੇ ਇਕਵਾਦੀ ਸਿਧਾਂਤ ਦਾ ਨਤੀਜਾ ਨਾਜ਼ੀਵਾਦ ਤੇ ਫਾਸੀਵਾਦ ਵਰਗੇ ਅਤੇ ਰਾਸ਼ਟਰਵਾਦ ਦੇ ਰੂਪ ਵਿਚ ਸਾਹਮਣੇ ਆਇਆ, ਜੋ ਨਾ ਸਿਰਫ ਵਿਅਕਤੀਗਤ ਸੁਤੰਤਰਤਾ ਅਤੇ ਲੋਕਤੰਤਰ ਲਈ ਹੀ ਘਾਤਕ ਸਿੱਧ ਹੋਇਆ, ਸਗੋਂ ਵਿਸ਼ਵ ਯੁੱਧ ਦਾ ਕਾਰਨ ਵੀ ਬਣਿਆ। ਇਸ ਲਈ ਬਹੁਵਾਦੀਆਂ ਨੇ ਰਾਜ ਦੀ ਸੱਤਾ ਤੇ ਰੋਕ ਲਾਉਣ ਦਾ ਯਤਨ ਕੀਤਾ। ਬਹੁਵਾਦ ਰਾਜ ਦੇ ਪ੍ਰਭੂਸੱਤਾ ਤੇ ਇਕਮਾਤਰ ਅਧਿਕਾਰ ਦੀ ਆਲੋਚਨਾ ਤੇ ਨਿਖੇਧੀ ਕਰਦਾ ਹੈ। ਇਸ ਦੇ ਸਮਰੱਥਕਾਂ ਦਾ ਮੱਤ ਹੈ ਕਿ ਰਾਜ ਵਿਚਲੀਆਂ ਹੋਰ ਸੰਸਥਾਵਾਂ ਅਤੇ ਸਮੂਹਾਂ ਨੂੰ ਵੀ ਰਾਜ ਜਿੰਨੀ ਮਹੱਤਤਾ ਮਿਲਣੀ ਚਾਹੀਦੀ ਹੈ ਅਤੇ ਪ੍ਰਭੂਸੱਤਾ ਵਿਚ ਹਿੱਸਾ ਵੀ। ਦੂਜੇ ਸ਼ਬਦਾਂ ਵਿਚ ਬਹੁਵਾਦ ਰਾਜ ਤੋਂ ਇਲਾਵਾ ਸਮਾਜ ਵਿਚਲੇ ਸ਼ਕਤੀ ਦੇ ਹੋਰ ਕੇਂਦਰਾਂ ਵਲ ਧਿਆਨ ਦਿਵਾਉਂਦਾ ਜੋ ਵਿਅਕਤੀ ਲਈ ਰਾਜ ਜਿੰਨੇ ਮਹੱਤਵਪੂਰਣ ਹਨ। ਇਹਨਾਂ ਸਮੂਹਾਂ ਤੇ ਸੰਸਥਾਵਾਂ ਦੀ ਆਪਣੀ ਇੱਕ ਸੁਤੰਤਰ ਹੋਂਦ ਤੇ ਜੀਵਨ ਹੈ, ਰਾਜ ਦੁਆਰਾ ਇਹਨਾਂ ਸਮੂਹਾਂ ਨੂੰ ਮਾਨਤਾ ਤੇ ਸਵੀਕ੍ਰਿਤੀ ਤਾਂ ਦਿੱਤੀ ਜਾਂਦੀ ਹੈ, ਪਰ ਇਹ ਕਿਸੇ ਤਰ੍ਹਾਂ ਵੀ ਰਾਜ ਤੇ ਨਿਰਭਰ ਨਹੀਂ।

### 2.4.3 ਪ੍ਰਭੂਸੱਤਾ ਦਾ ਅਰਥ ਤੇ ਪਰਿਭਾਸ਼ਾ (Meaning & Definition of Sovereignty)

ਪ੍ਰਭੂਸੱਤਾ ਅੰਗਰੇਜ਼ੀ ਸ਼ਬਦ (Sovereignty) ਦਾ ਪੰਜਾਬੀ ਰੂਪਾਂਤਰ ਹੈ ਜੋ ਕਿ ਲਾਤੀਨੀ ਸ਼ਬਦ (Superanus) ਤੋਂ ਲਿਆ ਗਿਆ ਹੈ। ਇਸ ਸ਼ਬਦ ਦਾ ਅਰਥ ਹੈ ਸਰਬਸ੍ਰੇਸ਼ਠ ਜਾਂ ਸਰਬਉੱਚ। ਇਸ ਤਰ੍ਹਾਂ ਪ੍ਰਭੂਸੱਤਾ ਦਾ ਅਰਥ ਲੋਕਾਂ ਅਤੇ ਉਹਨਾਂ ਦੀ ਸੰਸਥਾਵਾਂ ਤੇ ਸਮੂਹਾਂ ਉੱਤੇ ਰਾਜ ਦੀ ਸਰਵਉੱਚ ਸ਼ਕਤੀ। ਇਸ ਸ਼ਕਤੀ ਦੁਆਰਾ ਰਾਜ ਨੂੰ ਆਪਣੇ ਹੁਕਮ ਮਨਵਾਉਣ ਦੀ ਵੱਧ ਸ਼ਕਤੀ ਮਿਲ ਜਾਂਦੀ ਹੈ ਅਤੇ ਉਹ ਸਮਾਜ ਵਿਚਲੇ ਸਾਰੇ ਲੋਕਾਂ, ਸਮੂਹਾਂ ਤੇ ਸੰਸਥਾਵਾਂ ਤੋਂ ਵੱਧ ਸ਼ਕਤੀਸ਼ਾਲੀ ਹੋ ਜਾਂਦਾ ਹੈ। ਜਿਵੇਂ ਲਾਸਕੀ ਨੇ ਵੀ ਕਿਹਾ ਹੈ ਕਿ ਪ੍ਰਭੂਸੱਤਾ-ਧਾਰੀ ਰਾਜ ਆਪਣੇ ਅਧਿਕਾਰ ਖੇਤਰ ਵਿਚਲੇ ਸਾਰੇ ਵਿਅਕਤੀਆਂ ਅਤੇ ਸਮੂਹਾਂ ਨੂੰ ਆਦੇਸ਼ ਜਾਰੀ ਕਰਦਾ ਹੈ, ਪਰ ਇਸ ਨੂੰ ਕੋਈ ਆਦੇਸ਼ ਨਹੀਂ ਦੇ ਸਕਦਾ। ਇਸ ਦੀ ਇੱਛਾ ਉਪਰ ਕਿਸੇ ਪ੍ਰਕਾਰ ਦਾ ਕੋਈ ਕਾਨੂੰਨੀ ਬੰਧਨ ਨਹੀਂ। ਵਿਲੋਬੀ (Willouby) ਅਨੁਸਾਰ, ਪ੍ਰਭੂਸੱਤਾ ਰਾਜ ਦੀ ਪਰਮ ਇੱਛਾ ਦਾ ਨਾਂ ਹੈ। ਬੋਦਿਨ (Bodin) ਅਨੁਸਾਰ ਪ੍ਰਭੂਸੱਤਾ ਰਾਜ ਦੀ ਨਾਗਰਿਕ ਅਤੇ ਪਰਜਾ ਉੱਤੇ ਅਜਿਹੀ ਸਰਬਸ੍ਰੇਸ਼ਟ ਸ਼ਕਤੀ ਹੈ ਜਿਸ ਉੱਤੇ ਕਾਨੂੰਨ ਦੀ ਕੋਈ ਬੰਦਿਸ਼ ਨਹੀਂ। ਸੋ ਜਿਵੇਂ ਕਿ ਇਹਨਾਂ ਸਾਰੀਆਂ ਪਰਿਭਾਸ਼ਾਵਾਂ ਤੋਂ ਸਪੱਸ਼ਟ ਹੀ ਹੈ, ਪ੍ਰਭੂਸੱਤਾ ਰਾਜ ਦੀ ਉਹ ਸਰਵਉੱਚ ਸ਼ਕਤੀ ਹੈ, ਜਿਸ ਕਰਕੇ ਉਹ ਰਾਜ ਵਿਚਲੇ ਵਿਅਕਤੀਆਂ ਤੇ ਸੰਸਥਾਵਾਂ ਨੂੰ ਹੁਕਮ ਦੇ ਸਕਦਾ ਹੈ ਤੇ ਉਹਨਾਂ ਦੀ ਪਾਲਣਾ ਕਰਵਾ ਸਕਦਾ ਹੈ। ਅਜਿਹਾ ਰਾਜ ਸਭ ਤਰ੍ਹਾਂ ਦੇ ਕਾਨੂੰਨੀ ਬੰਧਨਾਂ ਤੇ ਪਾਬੰਦੀਆਂ ਤੋਂ ਸੁਤੰਤਰ ਹੈ ਅਤੇ ਜੋ ਵੀ ਪਾਬੰਦੀਆਂ ਇਸ ਤੇ ਲਾਗੂ ਹੁੰਦੀਆਂ ਹਨ, ਉਹ ਇਸ ਦੀਆਂ ਆਪਣੀਆਂ ਬਣਾਈਆਂ ਹੋਈਆਂ ਹੁੰਦੀਆਂ ਹਨ ਅਤੇ ਇਹ ਉਹਨਾਂ ਦੀ ਆਪਣੀ ਇੱਛਾ ਨਾਲ ਪਾਲਣਾ ਕਰਦਾ ਹੈ। ਪ੍ਰਭੂਸੱਤਾ ਦੇ ਦੋ ਪੱਖ ਹੁੰਦੇ ਹਨ-ਭਾਵ ਜਿੱਥੋਂ ਤਕ ਦੂਜੇ ਰਾਜਾਂ ਨਾਲ ਸੰਬੰਧ ਦਾ ਸਵਾਲ ਹੈ, ਰਾਜ ਪੂਰੀ ਤਰ੍ਹਾਂ ਸੁਤੰਤਰ ਹੈ ਉਹ ਕਿਸ ਪ੍ਰਕਾਰ ਦੇ ਦਬਾਅ ਦੇ ਅਧੀਨ ਨਹੀਂ ਇਹ ਉਹਨਾਂ ਨਾਲ ਕਿਸੇ ਤਰ੍ਹਾਂ ਦੇ ਵੀ ਸੰਬੰਧ ਰੱਖ ਸਕਦਾ ਹੈ ਅਤੇ ਉਹ ਕਿਸੇ ਬਾਹਰੀ ਅਧਿਕਾਰੀ ਦੇ ਅਧੀਨ ਨਹੀਂ। ਭਾਵੇਂ ਅਜੋਕਾ ਰਾਜ ਅੰਤਰ ਰਾਸ਼ਟਰੀ ਕਾਨੂੰਨ ਅਤੇ ਅਨੇਕਾਂ ਸਮਝੋਤਿਆਂ ਤੇ ਅਧੀਨ ਹੈ, ਪਰ ਇਹ ਸਭ ਉਸਦੀਆਂ

ਆਪ ਸਹੇੜੀਆਂ ਸੀਮਾਵਾਂ ਹਨ, ਜੇ ਉਹ ਚਾਹੇ ਤਾਂ ਇਹਨਾਂ ਨੂੰ ਮੰਨਣ ਤੋਂ ਇਨਕਾਰ ਵੀ ਕਰ ਸਕਦਾ ਹੈ। ਸੋ ਜਿਵੇਂ ਸਪੱਸ਼ਟ ਹੀ ਹੈ, ਰਾਜ ਦੀ ਪ੍ਰਭੂਸੱਤਾ ਅੰਦਰਲੇ ਅਤੇ ਬਾਹਰਲੇ ਦੋਹਾਂ ਰੂਪਾਂ ਵਿਚ ਅਸੀਮ ਹੈ। ਇਹ ਮੌਲਿਕ ਤੇ ਪਰਮ ਸ਼ਕਤੀ ਹੈ, ਇਸਨੂੰ ਵੰਡਿਆ ਨਹੀਂ ਜਾ ਸਕਦਾ। ਜਿਵੇਂ **ਆਰ.ਜੀ.ਗੈਟਲ** ਨੇ ਵੀ ਆਖਿਆ ਹੈ, ''ਪ੍ਰਭੂਸੱਤਾ ਨਾ ਹੋਵੇ ਤਾਂ ਕੋਈ ਰਾਜ ਹੋਂਦ ਵਿਚ ਨਹੀਂ ਆ ਸਕਦਾ, ਜੇ ਪ੍ਰਭੂਸੱਤਾ ਵੰਡੀ ਹੋਵੇ ਤਾਂ ਇਕ ਵਧੇਰੇ ਰਾਜ ਬਣ ਜਾਂਦੇ ਹਨ। ਰਾਜ ਦੀ ਪ੍ਰਭੂਸੱਤਾ ਉੱਤੇ ਕੋਈ ਕਾਨੂੰਨੀ ਸ਼ਕਤੀ ਨਹੀਂ ਹੋ ਸਕਦੀ ਅਤੇ ਨਾ ਹੀ ਇਸ ਦੇ ਖੇਤਰ ਉੱਤੇ ਕੋਈ ਕਾਨੂੰਨੀ ਬੰਦਸ਼ ਹੀ ਲਾਗੂ ਹੋ ਸਕਦੀ ਹੈ।''

### 2.4.4 ਪ੍ਰਭੂਸੱਤਾ ਦੀਆਂ ਵਿਸ਼ੇਸ਼ਤਾਈਆਂ ਅਤੇ ਲੱਛਣ (Characteristics of Sovereignty)

ਪਾਠ ਦੇ ਇਸ ਭਾਗ ਵਿਚ ਅਸੀਂ ਪ੍ਰਭੂਸੱਤਾ ਦੇ ਮੁੱਖ ਲੱਛਣਾਂ ਜਾਂ ਵਿਸ਼ੇਸ਼ਤਾਈਆਂ ਦੀ ਚਰਚਾ ਕਰਾਂਗੇ। ਆਪਣੇ ਰੋਜ਼ਾਨਾ ਜੀਵਨ ਵਿਚ ਸਰਬਸ਼ਕਤੀਸ਼ਾਲੀ ਰਾਜ ਪ੍ਰਤੀ ਸਾਡੇ ਮਨ ਵਿਚ ਅਕਸਰ ਡਰ ਦੀ ਭਾਵਨਾ ਹੁੰਦੀ ਹੈ। ਰਾਜ ਪ੍ਰਤੀ ਸਾਡੀ ਇਹੋ ਜਿਹੀ ਭਾਵਨਾ ਕਿਉਂ ਹੈ ? ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਪ੍ਰਭੂਸੱਤਾ ਦੇ ਮੁੱਖ ਲੱਛਣਾਂ ਦਾ ਵਿਸ਼ਲੇਸ਼ਣ ਕਰਨ ਦੀ ਲੋੜ ਹੈ। ਪ੍ਰਭੂਸੱਤਾ ਦੇ ਮੁੱਖ ਲੱਛਣ ਹੇਠ ਲਿਖੇ ਅਨੁਸਾਰ ਹਨ:

#### 2.4.4.1 ਸਥਾਈਤਵ (Permanence)

ਰਾਜ ਦੀ ਪ੍ਰਭੂਸੱਤਾ ਸਥਾਈ ਹੁੰਦੀ ਹੈ ਅਤੇ ਜਦ ਤਕ ਰਾਜ ਕਾਇਮ ਰਹਿੰਦਾ ਹੈ ਤਦ ਤਦ ਇਹ ਵੀ ਬਿਨਾ ਰੋਕ ਦੇ ਜਾਰੀ ਰਹਿੰਦੀ ਹੈ। ਕਿਸੇ ਸ਼ਾਸਕ ਦੇ ਮਾਰ ਜਾਣ, ਰਾਜ ਛੱਡ ਦੇਣ ਨਾਲ ਜਾਂ ਰਾਜ ਦੇ ਪੁਨਰ ਸੰਗਠਨ ਨਾਲ ਇਹ ਖਤਮ ਨਹੀਂ ਹੋ ਜਾਂਦੀ, ਸਗੋਂ ਤੁਰੰਤ ਨਵੇਂ ਸ਼ਾਸਕ ਦੇ ਹੱਥਾਂ ਵਿਚ ਚਲੀ ਜਾਂਦੀ ਹੈ। ਪ੍ਰਭੂਸੱਤਾ ਤਾਂ ਸਿਰਫ ਰਾਜ ਦੇ ਖਤਮ ਹੋ ਜਾਣ ਨਾਲ ਹੀ ਖਤਮ ਹੋ ਸਕਦੀ ਹੈ।

#### 2.4.4.2 ਇੱਕਮਾਤਰਤਾ (Exclusiveness)

ਇੱਕਮਾਤਰਤਾ ਦਾ ਅਰਥ ਜਿਵੇਂ ਕਿ ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਰੱਖੀਆਂ ਜਾ ਸਕਦੀਆਂ, ਤਿਵੇ ਂ ਹੀ ਇਕ ਰਾਜ ਵਿਚ ਬਹੁਤੇ ਪ੍ਰਭੂ ਨਹੀਂ ਹੋ ਸਕਦੇ। ਇਕ ਰਾਜ ਵਿਚ ਕੇਵਲ ਇਕ ਹੀ ਪ੍ਰਭੂਸੱਤਾ ਹੋ ਸਕਦੀ ਹੈ ਅਤੇ ਕੋਈ ਹੋਰ ਪ੍ਰਭੂਸੱਤਾ ਦੇ ਮੁਕਾਬਲੇ ਵਿਚ ਨਹੀਂ ਹੁੰਦਾ। ਇਹ ਆਖਣਾ ਕਿ ਰਾਜ ਵਿਚ ਦੋ ਪ੍ਰਭੂ ਹਨ, ਰਾਜ ਦੀ ਇਕਾਤਮਿਕਤਾ ਦੇ ਸਿਧਾਂਤ ਤੋਂ ਮੁਨਕਰ ਹੋਣ ਵਾਲੀ ਗੱਲ ਹੈ।

#### 2.4.4.3 ਸਰਬ-ਵਿਆਪਕਤਾ (Universality)

ਪ੍ਰਭੂਸੱਤਾ ਸਰਬ-ਵਿਆਪਕ ਹੁੰਦੀ ਹੈ, ਇਸ ਦਾ ਮਤਲਬ ਇਹ ਹੈ ਕਿ ਪ੍ਰਭੂਸੱਤਾ ਰਾਜ ਦੇ ਪੂਰੇ ਅਧਿਕਾਰ ਖੇ ਤਰ ਤੱਕ ਫੈਲੀ ਹੁੰਦੀ ਹੈ ਅਤੇ ਉਸ ਰਾਜ ਦੇ ਖੇਤਰ ਸੀਮਾ ਵਿਚ ਵੱਸਣ ਵਾਲੇ ਸਾਰੇ ਵਿਅਕਤੀਆਂ-ਸਮੂਹਾਂ ਨੂੰ ਆਪਣੇ ਵਿਚ ਸਮੇਟ ਲੈਂਦੀ ਹੈ। ਰਾਜ ਦੀ ਪ੍ਰਭੂਸੱਤਾ ਰਾਜ ਦੇ ਹਰ ਨਾਗਰਿਕ ਤੇ ਲਾਗੂ ਹੁੰਦੀ ਹੈ। ਰਾਜ ਦੀ ਪ੍ਰਭੂਸੱਤਾ ਉੱਤੇ ਰਾਜ ਦੀ ਹੱਦ ਵਿਚ ਵਸਣ ਵਾਲਾ ਕੋਈ ਵਿਅਕਤੀ, ਕੋਈ ਵੀ ਸੰਗਠਨ ਜਾਂ ਸੰਸਥਾ, ਭਾਵੇਂ ਉਹ ਕਿਤਨੀ ਵੀ ਵਿਆਪਕ ਕਿਉਂ ਨਾ ਹੋਵੇ, ਅਸਰ-ਅੰਦਾਜ਼ ਨਹੀਂ ਹੋ ਸਕਦੀ। ਇਸ ਵਿਚ ਕੋਈ ਸੰਦੇਹ ਨਹੀਂ ਕਿ ਵਿਦੇਸ਼ੀ ਰਾਜਦੂਤ ਇਸ ਪ੍ਰਭੂਸੱਤਾ ਦੇ ਘੇਰੇ ਵਿਚ ਨਹੀਂ ਆਉਂਦੇ ਸਗੋਂ ਉਨ੍ਹਾਂ ਤੇ ਉਹਨਾਂ ਦੇ ਆਪਣੇ ਰਾਜ ਦਾ ਅਧਿਕਾਰ ਮੰਨਿਆ ਜਾਂਦਾ ਹੈ, ਪਰ ਅਜਿਹਾ ਕੇਵਲ ਇਕ ਚੰਗੀ ਅੰਤਰ ਰਾਸ਼ਟਰੀ ਰੀਤ ਤੇ ਸਿਸਟਾਚਾਰ ਕਰਕੇ ਹੈ। ਰਾਜ ਚਾਹੇ ਤਾਂ ਵਿਦੇਸ਼ੀ ਰਾਜਦੂਤਾਂ ਨੂੰ ਦਿੱਤੀਆਂ ਇਹ ਸਹੂਲਤਾ ਖਤਮ ਕਰ ਸਕਦਾ ਹੈ।

#### 2.4.4.4 ਅਨਿੱਖੜਤਾ (Inalienability)

ਪ੍ਰਭੂਸੱਤਾ ਦੇ ਇਸ ਲੱਛਣ ਦਾ ਅਰਥ ਇਹ ਹੈ ਕਿ ਰਾਜ ਆਪਣੀ ਪ੍ਰਭੂਸੱਤਾ ਜਾਂ ਇਸ ਦੇ ਕਿਸੇ ਅੰਸ਼ ਨੂੰ ਕਿਸੇ ਹੋਰ ਨੂੰ ਨਹੀਂ ਦੇ ਸਕਦਾ, ਉਸ ਤਰ੍ਹਾਂ ਜਿਵੇਂ ਕਿ ਕੋਈ ਰੁੱਖ ਆਪਣੇ ਵਧਣ-ਫੁਲਣ ਦਾ ਅਧਿਕਾਰ ਕਿਸੇ ਦੂਸਰੇ ਨੂੰ ਨਹੀਂ ਦੇ ਸਕਦਾ ਜਾਂ ਕੋਈ ਮਨੁੱਖ ਆਪਣਾ ਜੀਵਨ ਜਾਂ ਵਿਅਕਤਿਤਵ ਆਤਮ ਘਾਤ ਕੀਤੇ ਬਿਨ੍ਹਾਂ ਦੂਸਰੇ ਨੂੰ ਨਹੀਂ ਦੇ ਸਕਦਾ। 'ਰਾਜ ਤੇ ਪ੍ਰਭੂਸੱਤਾ' ਅਨਿੱਖੜਵੇਂ ਹਨ। ਪ੍ਰਭੂਸੱਤਾ ਰਾਜ ਦੀ ਪ੍ਰਾਣ-ਧਾਰਾ ਹੈ। ਜਦੋਂ ਕਿਸੇ ਰਾਜ ਦਾ ਕੋਈ ਇਲਾਕਾ ਉਸ ਰਾਜ ਦੀ ਪ੍ਰਭੂਸੱਤਾ ਤੋਂ ਵੱਖ ਹੋ ਜਾਂਦਾ ਹੈ ਤਾਂ ਇਸ ਦਾ ਅਰਥ ਇਹ ਨਹੀਂ ਹੁੰਦਾ ਕਿ ਪ੍ਰਭੂਸੱਤਾ ਖਤਮ ਹੋ ਜਾਂਦੀ ਹੈ ਸਗੋਂ ਇਹ ਤਾਂ ਰਾਜ ਦੀ ਪ੍ਰਭੂਸੱਤਾ ਦੀ ਇਕ ਬਹੁਤ

ਵਧੀਆ ਉਦਾਹਰਣ ਹੈ। ਇਸ ਤਰ੍ਹਾਂ ਇਲਾਕੇ ਦੇ ਵੱਖ ਹੋਣ ਨਾਲ ਇਹ ਹੁੰਦਾ ਹੈ ਕਿ ਜਿੱਥੇ ਪਹਿਲਾਂ ਇਕ ਰਾਜ ਸੀ, ਉਥੇ ਦੋ ਰਾਜ ਬਣ ਜਾਂਦੇ ਹਨ।

ਇਸੇ ਤਰ੍ਹਾਂ ਪ੍ਰਭੂਸੱਤਾ ਦੇ ਅਧਿਕਾਰ ਦੀ ਕੁੱਝ ਸਮੇਂ ਵਰਤੋਂ ਨਾ ਕਰਨ ਨਾਲ ਪ੍ਰਭੂਸੱਤਾ ਖਤਮ ਨਹੀਂ ਹੋ ਜਾਂਦੀ। ਮਤਲਬ ਇਹ ਹੈ ਕਿ ਪ੍ਰਭੂਸੱਤਾ ਦੀ ਕਈ ਵਰ੍ਹਿਆਂ ਤੱਕ ਵਰਤੋਂ ਨਾ ਕਰਨ ਨਾਲ, ਇਸ ਉੱਤੇ ਕਿਸੇ ਦੂਸਰੇ ਦਾ ਹੱਕ ਜਾਂ ਦਾਅਵਾ ਨਹੀਂ ਹੋ ਜਾਂਦਾ ਅਤੇ ਨਾ ਹੀ ਕਿਸੇ ਦੂਸਰੇ ਵਿਚ ਪਰਿਵਰਤਿਤ ਹੋ ਜਾਂਦਾ ਹੈ।

**2.4.4.5 ਅਖੰਡਤਾ (Indivisibility)**

ਪ੍ਰਭੂਸੱਤਾ ਦੀਆਂ ਸ਼ਕਤੀਆਂ ਦੀ ਵਰਤੋਂ ਤਾਂ ਸਰਕਾਰ ਦੇ ਵਿਭਿੰਨ ਅੰਗਾਂ ਵਿਚ ਵੰਡੀ ਜਾ ਸਕਦੀ ਹੈ ਪ੍ਰੰਤੂ ਪ੍ਰਭੂਸੱਤਾ ਰਾਜ ਵਾਂਗ ਇਕ ਇਕਾਈ ਹੁੰਦੀ ਹੈ। ਪ੍ਰਭੂਸੱਤਾ ਦੀ ਇਕਾਤਮਿਕਤਾ ਇਸਦਾ ਵਿਸ਼ੇਸ਼ ਲੱਛਣ ਹੈ। ਜਿਵੇਂ ਜੁਮੈਟਰੀ ਵਿਚ ਅੱਧਾ ਵਰਗ ਜਾਂ ਅੱਧੀ ਤਿਕੋਨ ਨਹੀਂ ਹੋ ਸਕਦੀ ਇਸ ਤਰ੍ਹਾਂ ਅੱਧੀ ਪ੍ਰਭੂਸੱਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਬਹੁਵਾਦੀਆਂ (Pluralists) ਤੇ ਸੰਘਵਾਦੀਆਂ (Federalists) ਦਾ ਮੱਤ ਹੈ ਕਿ ਪ੍ਰਭੂਸੱਤਾ ਵੰਡੀ ਜਾ ਸਕਦੀ ਹੈ, ਪਰ ਉਹਨਾਂ ਦਾ ਇਹ ਵਿਚਾਰ ਠੀਕ ਨਹੀਂ, ਉਹ ਸਰਕਾਰੀ ਅਧਿਕਾਰ ਦੀ ਵੰਡ ਨੂੰ ਤੇ ਪ੍ਰਭੂਸੱਤਾ ਦੀ ਵੰਡ ਨੂੰ ਇਕੋ ਸਮਝਣ ਦੇ ਭੁਲੇਖੇ ਦਾ ਸ਼ਿਕਾਰ ਹਨ।

**2.4.4.6 ਨਿਰਪੇਖਤਾ (Absoluteness)**

ਰਾਜ ਦੀ ਪ੍ਰਭੂਸੱਤਾ ਨਿਰਪੇਖ ਅਤੇ ਅਸੀਮ ਹੁੰਦੀ ਹੈ। ਇਸਦਾ ਅਰਥ ਹੈ ਕਿ ਰਾਜ ਵਿਚ ਕੋਈ ਹੋਰ ਕਾਨੂੰਨੀ ਸ਼ਕਤੀ। ਪ੍ਰਭੂਸੱਤਾ ਨਾਲੋਂ ਉਚੇਰੀ ਤੇ ਪਰਮ ਨਹੀਂ ਹੋ ਸਕਦੀ। ਇਉਂ ਪ੍ਰਭੂਸੱਤਾ ਦੀ ਨਿਰਪੇਖਤਾ ਦਾ ਭਾਵ ਇਹ ਹੋਇਆ ਕਿ ਅੰਦਰੂਨੀ ਤੌਰ ਤੇ ਇਹ ਸਰਬਉੱਚ ਸ਼ਕਤੀ ਹੈ, ਇਸ ਤਰ੍ਹਾਂ ਬਾਹਰ ਵਰਤੀ ਤੌਰ ਤੇ ਵੀ ਇਸ ਨਾਲੋਂ ਉਚੇਰੀ ਕੋਈ ਸ਼ਕਤੀ ਨਹੀਂ ਹੁੰਦੀ।

ਕੁਝ ਲੇਖਕਾਂ ਨੇ ਪ੍ਰਭੂਸੱਤਾ ਤੇ ਲਾਗੂ ਹੋਣ ਵਾਲੇ ਬੰਧਨਾਂ ਦਾ ਵਰਣਨ ਕਰਕੇ, ਇਹ ਕਹਿਣ ਦਾ ਯਤਨ ਕੀਤਾ ਹੈ ਕਿ ਰਾਜ ਦੀ ਪ੍ਰਭੂਸੱਤਾ ਨਿਰਪੇਖ ਨਹੀਂ, ਪਰ ਸਾਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਇਹ ਬੰਧਨ ਰਾਜ ਨੇ ਆਪਣੀ ਮਰਜ਼ੀ ਨਾਲ ਸਵੀਕਾਰ ਕੀਤੇ ਹਨ, ਜੇ ਉਹ ਚਾਹੇ ਤਾਂ ਇਹਨਾਂ ਨੂੰ ਅੱਖੋਂ ਉਹਲੇ ਵੀ ਕਰ ਸਕਦਾ ਹੈ।

## ਸਵੈ-ਅਭਿਆਸ ਲਈ ਪ੍ਰਸ਼ਨ-(ੳ)

ਨੋਟ :

1. ਹੇਠ ਦਿੱਤੀ ਥਾਂ ਆਪਣੇ ਉੱਤਰ ਲਿਖੋ।
2. ਆਪਣੇ ਉੱਤਰ ਨੂੰ ਪਾਠ ਦੇ ਅੰਤ ਤੇ ਦਿੱਤੇ ਉੱਤਰਾਂ ਨਾਲ ਮਿਲਾਓ।

1. ਪ੍ਰਭੂਸੱਤਾ ਦਾ ਅਰਥ ਲਿਖੋ (ਸੰਖੇਪ ਵਿਚ)

...................................................

...................................................

...................................................

...................................................

2. ਪ੍ਰਭੂਸੱਤਾ ਦੇ ਲੱਛਣਾਂ ਦੇ ਸੰਖੇਪ ਪਰ ਸਪੱਸ਼ਟ ਚਰਚਾ ਕਰੋ।

...................................................

...................................................

...................................................

...................................................

3. ਖਾਲੀ ਥਾਵਾਂ ਭਰੋ :

(ੳ) ਪ੍ਰਭੂਸੱਤਾ ਦੇ ਦੋ ਮੁੱਖ ਪੱਖ ਹਨ।

1........................2...................................

### 2.4.5 ਪ੍ਰਭੂਸੱਤਾ ਦੇ ਸਿਧਾਂਤ ਦਾ ਇਤਿਹਾਸ (History of Theory of Sovereignty)

#### 2.4.5.1 ਮੱਧ ਕਾਲ (Middle Ages)

ਜਿਵੇਂ ਪਾਠ ਦੇ ਆਰੰਭ ਵਿਚ ਹੀ ਦੱਸਿਆ ਗਿਆ ਸੀ ਕਿ ਸਾਵਰੇਨਟੀ (ਪ੍ਰਭੂਸੱਤਾ) (Sovereignty) ਸ਼ਬਦ ਦਾ ਨਿਕਾਸ ਲਾਤੀਨੀ ਭਾਸ਼ਾ ਸੁਪਰੇਨਸ (Superanus) ਤੋਂ ਹੋਇਆ ਹੈ, ਜਿਸ ਦਾ ਭਾਵ ਅਰਥ ਹੈ 'ਸਰਬ-ਉੱਚ' (Supreme) । ਪਰ ਪ੍ਰਭੂਸੱਤਾ ਦਾ ਆਧੁਨਿਕ ਸਿਧਾਂਤ, ਆਧੁਨਿਕ ਰਾਸ਼ਟਰ-ਰਾਜਾਂ ਦੇ ਵਿਕਾਸ ਨਾਲ ਹੀ ਵਿਕਸਿਤ ਹੋਇਆ। ਅਸਲ ਵਿਚ ਮੱਧ ਕਾਲ ਵਿਚ, ਆਧੁਨਿਕ ਅਰਥਾਂ ਵਿਚ, ਕੋਈ ਰਾਜ ਹੈ ਹੀ ਨਹੀਂ ਸੀ ਉਸ ਸਮੇਂ ਨਿਜੀ ਵਫਾਦਾਰੀ ਤੇ ਆਧਾਰਿਤ ਸਾਮੰਤਵਾਦ ਦਾ ਦੌਰ ਸੀ। ਅਜਿਹੀ ਰਾਜਨੀਤਿਕ ਪ੍ਰਣਾਲੀ ਦਾ ਕੁਦਰਤੀ ਸਿੱਟਾ ਇਹ ਨਿਕਲਿਆ ਕਿ ਇਕ ਇਕੱਲੇ ਵਿਅਕਤੀ ਜਾਂ ਬਾਦਸ਼ਾਹ ਦੀ ਪ੍ਰਭੂਸੱਤਾ ਦਾ ਵਿਚਾਰ ਪੈਦਾ ਹੋਇਆ। ਮੱਧ ਕਾਲ ਵਿਚ ਸੱਤਾ ਲਈ ਜੋ ਕਿ ਰਾਜ ਅਤੇ ਸਾਮੰਤਵਾਦ ਵਿਚ ਖੁਲ੍ਹਮ-ਖੁਲ੍ਹੇ ਤੌਰ ਤੇ ਸੰਘਰਸ਼ ਛਿੜ ਪਿਆ ਸੀ, ਇਸ ਲਈ ਦੋਵੇਂ ਆਪਣੇ ਆਪ ਨੂੰ ਸਰਬ-ਸ੍ਰੇਸ਼ਟ ਸਮਝਦੇ ਸਨ। ਸੋ ਅਜਿਹੇ ਹਾਲਾਤਾਂ ਵਿਚ ਪ੍ਰਭੂਸੱਤਾ ਦੇ ਆਧੁਨਿਕ ਸਿਧਾਂਤ ਦਾ ਵਿਕਾਸ ਨਹੀਂ ਹੋ ਸਕਦਾ। ਮੱਧ ਯੁੱਗ ਦੇ ਅਗਲੇਰੇ ਯੁੱਗ ਦੇ ਸ਼ੁਰੂ ਦੇ ਲੇਖਕਾਂ ਨੇ ਇਹ ਆਖ ਕੇ ਇਸ ਝਮੇਲੇ ਵਿਚ ਹੋਰ ਗੜਬੜ ਪੈਦਾ ਕਰ ਦਿੱਤੀ ਸੀ ਕਿ ਪ੍ਰਕ੍ਰਿਤੀ ਦਾ ਕਾਨੂੰਨ (Law of Nature) ਅਤੇ ਈਸ਼ਵਰੀ ਕਾਨੂੰਨ (Law of God) ਹੀ ਸਰਬ-ਉੱਚ ਹਨ। ਸਾਮੰਤਵਾਦ (Feudalism) ਖਾਤਮੇ ਨੇ ਇਕ ਰਾਜ ਜਾਂ ਰਾਜਕੁਮਾਰੀ ਦੀ ਇਲਾਕਾਈ ਪ੍ਰਭੂਸੱਤਾ (Territorial Sovereignty) ਦੇ ਵਿਚਾਰ ਨੂੰ ਜਨਮ ਦਿੱਤਾ ਪਰ ਰਾਜ ਤੇ ਸਰਕਾਰ ਦੇ ਖੇਤਰ ਵਿਚਲੇ ਇਸ ਸਾਮੰਤੀ ਰਾਜ ਦੇ ਜੂਲੇ ਨੂੰ ਲਾਹ ਦੇ ਸੁੱਟਦਿਆਂ ਸਦੀਆਂ ਹੀ ਲੱਗ ਗਈਆਂ। ਜਿਉਂ-ਜਿਉਂ ਰਾਜ ਦੇ ਪ੍ਰਕ੍ਰਿਤੀ ਦੀ ਉਚਿਤ ਸਮਝ ਆਉਂਦੀ ਗਈ ਰਾਜ ਦੀ ਪ੍ਰਭੂਸੱਤਾ, ਇਕ ਵਿਅਕਤੀ ਦੀ ਜਾਂ ਸਰਕਾਰ ਦੇ ਕਿਸੇ ਹਿੱਸੇ ਹੀ ਸਰਬਉੱਚਤਾ ਤੋਂ ਕੋਈ ਵੱਖਰੀ ਚੀਜ਼ ਮੰਨੀ ਜਾਣ ਲੱਗ ਪਈ।

ਹੇਠਾਂ ਅਸੀਂ ਪ੍ਰਭੂਸੱਤਾ ਦੇ ਨਿਕਾਸ ਤੇ ਵਿਕਾਸ ਸੰਬੰਧੀ ਵੱਖ-ਵੱਖ ਸਮਿਆਂ ਤੇ ਵਿਦਵਾਨਾਂ ਦੇ ਖਿਆਲ ਪੇਸ਼ ਕਰਦੇ ਹਾਂ :

**ਬੋਦਿਨ (Jean Bodin)**

ਬੋਦਿਨ ਇਕ ਫਰਾਂਸੀਸੀ ਲੇਖਕ ਸੀ। ਪਹਿਲੇ ਵਾਰ, ਸੋਲ੍ਹਵੀਂ ਸਦੀ ਵਿਚ ਉਸ ਦੀਆਂ ਲਿਖਤਾਂ ਨੇ ਪ੍ਰਭੂਸੱਤਾ ਸੰਬੰਧੀ ਆਧੁਨਿਕ ਵਿਚਾਰ ਪੇਸ਼ ਕੀਤੇ। ਉਸ ਨੇ ਪ੍ਰਭੂਸੱਤਾ ਇਨ੍ਹਾਂ ਸ਼ਬਦਾਂ ਵਿਚ ਪੇਸ਼ ਕੀਤੀ ਹੈ :

ਪ੍ਰਭੂਸੱਤਾ ਨਾਗਰਿਕਾਂ ਅਤੇ ਪਰਜਾ ਉਤੇ ਉਹ ਸਰਬ ਸ੍ਰੇਸ਼ਟ ਸ਼ਕਤੀ ਹੈ ਜਿਸ ਨੂੰ ਕਾਨੂੰਨ ਸੀਮਤ ਨਹੀਂ ਕਰ ਸਕਦੇ। ਇਹ ਆਖ ਕੇ ਉਹ ਪ੍ਰਭੂਸੱਤਾ ਦੇ ਸਥਾਈ ਹੋਣ ਤੇ ਜ਼ੋਰ ਦੇਂਦਾ ਹੈ ਅਤੇ ਦੱਸਦਾ ਹੈ ਕਿ ਪ੍ਰਭੂਸੱਤਾ ਉਤੇ ਸਮੇਂ ਦੀ ਕੋਈ ਸੀਮਾ ਲਾਗੂ ਨਹੀਂ ਹੁੰਦੀ। ਬੋਦਿਨ ਦੇ ਵਿਚਾਰ ਅਨੁਸਾਰ ਪ੍ਰਭੂਸੱਤਾਧਾਰੀ ਦਾ ਪ੍ਰਮੁੱਖ ਕਾਰਜ ਕਾਨੂੰਨ ਬਣਾਉਣਾ ਹੈ। ਪ੍ਰਭੂ ਆਪਣੇ ਇਸ ਤਰ੍ਹਾਂ ਬਣਾਏ ਕਾਨੂੰਨਾਂ ਤੋਂ ਉਚੇਰਾ ਤੇ ਸੁੰਤਤਰ ਹੁੰਦਾ ਹੈ। ਪਰ ਪ੍ਰਭੂ ਦੈਵੀ ਕਾਨੂੰਨ (Divine Law) ਜਾਂ ਪ੍ਰਕ੍ਰਿਤੀ ਦੇ ਕਾਨੂੰਨ (Law of Nature) ਦੇ ਅਧੀਨ ਹੁੰਦਾ ਹੈ। ਉਹ ਪ੍ਰਮਾਤਮਾ ਦੇ ਅੱਗੇ ਉੱਤਰਦਾਈ ਹੁੰਦਾ ਹੈ। ਇਉਂ, ਬੋਦਿਨ ਕਾਨੂੰਨੀ ਪ੍ਰਭੂਸੱਤਾ ਦਾ ਵਰਣਨ ਕਰਦਾ ਹੈ ਜੋ ਕਿਸੇ ਇਕੱਲੇ ਵਿਅਕਤੀ ਜਾਂ ਕਿਸੇ ਵਿਅਕਤੀਆਂ ਦੀ ਸੰਸਥਾ (Body of Persons) ਦੇ ਹੱਥਾਂ ਵਿਚ ਹੋ ਸਕਦੀ ਹੈ ਪਰ ਬੋਦਿਨ ਅਨੁਸਾਰ ਇਸ ਦਾ ਕਿਸੇ ਸੰਸਥਾ ਨਾਲੋਂ ਇਕ ਬੰਦੇ ਦੇ ਹੱਥ ਵਿਚ ਹੋਣਾ ਚੰਗਾ ਹੈ।

ਇਸ ਤਰ੍ਹਾਂ ਬੋਦਿਨ ਨਿਰੰਕੁਸ਼ਵਾਦੀ (Absolutist) ਹੈ ਪਰ ਉਹ ਇਕ ਸ਼ਰਤ ਲਾਗੂ ਕਰਦਾ ਹੈ, ਕਿ ਦੈਵੀ ਕਾਨੂੰਨ (Law of God) ਜਾਂ ਪ੍ਰਕ੍ਰਿਤੀ ਦੇ ਕਾਨੂੰਨ (Law of Nature) ਦੀ ਪਾਲਣਾ ਕੀਤੀ ਜਾਵੇ।

**ਹਾਬਜ਼, ਲਾਕ, ਰੂਸੋ (Hobbes, Locke, Rousseau)**

ਹਾਬਜ਼ ਨੇ ਬੋਦਿਨ ਦੇ ਨਿਰੰਕੁਸ਼ਵਾਦੀ ਵਿਚਾਰਾਂ ਦੀ ਪੈਰਵੀ ਕਰਦਿਆਂ ਆਪਣਾ ਸਿਧਾਂਤ ਪੇਸ਼ ਕੀਤਾ ਜਿਸ ਅਨੁਸਾਰ ਕੇਵਲ ਕਾਨੂੰਨੀ ਪ੍ਰਭੂਸੱਤਾ ਹਰ ਪੱਖੋਂ ਨਿਰੰਕੁਸ਼ ਤੇ ਸਰਬ ਸ੍ਰੇਸ਼ਟ ਹੁੰਦੀ ਹੈ ਅਤੇ ਉਸ ਵਿਚ

ਹਰ ਪ੍ਰਕਾਰ ਦੇ ਕਾਨੂੰਨ ਬਣਾਉਣ ਦੀ ਸਮਰੱਥਾ ਹੁੰਦੀ ਹੈ। ਉਹ ਕਿਸੇ ਦੇ ਅਧੀਨ ਜਾਂ ਕਿਸੇ ਪ੍ਰਤੀ ਜ਼ਿੰਮੇਵਾਰ ਨਹੀਂ ਹੁੰਦੀ। ਹਾਬਜ਼ ਦੇ ਕਥਨ ਅਨੁਸਾਰ ਪ੍ਰਭੂਸੱਤਾ ਅਖੰਡ (Indivisible) ਅਤੇ ਅਨਿੱਖੜ (Inalienable) ਹੁੰਦੀ ਹੈ ਅਤੇ ਹਰ ਤਰ੍ਹਾਂ ਦੇ ਵਿਧਾਨਿਕ ਕਾਰਜਕਾਰੀ ਤੇ ਨਿਆਂਇਕ ਅਧਿਕਾਰਾਂ ਦਾ ਸੋਮਾ ਹੁੰਦੀ ਹੈ।

ਲਾਕ (locke) ਪ੍ਰਭੂਸੱਤਾ (Sovereignty) ਦੀ ਥਾਂ ਸਰਬ-ਸ੍ਰੇਸ਼ਟ ਸ਼ਕਤੀ (Supreme Power) ਦਾ ਸ਼ਬਦ ਵਰਤਦਾ ਹੈ। ਉਸ ਦੇ ਵਿਚਾਰ ਅਨੁਸਾਰ ਰਾਜ ਵਿਚ ਦੋ ਸਰਬ-ਸ੍ਰੇਸ਼ਟ ਸ਼ਕਤੀਆਂ ਹੁੰਦੀਆਂ ਹਨ-ਸਮਾਜ ਅਤੇ ਸਰਕਾਰ। ਇਨ੍ਹਾਂ ਦੋਹਾਂ ਵਿਚੋਂ ਸਮਾਜ ਹਮੇਸ਼ਾਂ ਵਧੇਰੇ ਸ਼ਕਤੀਸ਼ਾਲੀ ਤੇ ਸਰਬ ਸ੍ਰੇਸ਼ਟ ਹੁੰਦਾ ਹੈ ਪਰ ਇਸ ਸ਼ਕਤੀ ਦੀ ਵਰਤੋਂ ਉਦੋਂ ਹੀ ਹੁੰਦੀ ਹੈ ਜਦੋਂ ਇਕ ਸਰਕਾਰ ਤੋੜ ਦਿੱਤੀ ਜਾਂਦੀ ਹੈ ਅਤੇ ਦੂਸਰੀ ਨਵੀਂ ਸਰਕਾਰ ਬਣਾਈ ਜਾਂਦੀ ਹੈ ਪਰ ਜਿਨ੍ਹਾਂ ਸਮਾਂ ਸਰਕਾਰ ਕਾਇਮ ਰਹਿੰਦੀ ਹੈ, ਸਰਬ-ਸ੍ਰੇਸ਼ਟ ਸ਼ਕਤੀ ਵਿਧਾਨ ਮੰਡਲ ਦੇ ਹੱਥਾਂ ਵਿਚ ਹੁੰਦੀ ਹੈ ਅਤੇ ਉਹੀ ਇਸਦੀ ਵਰਤੋਂ ਕਰਦਾ ਹੈ। ਉਨ੍ਹੀਵੀਂ ਸਦੀ ਵਿਚ ਆ ਕੇ ਇਹ ਭੇਦ ਦੋ ਵੱਖਰੇ ਸੰਕਲਪਾਂ ਦੇ ਰੂਪ ਵਿਚ ਸਪੱਸ਼ਟ ਤੌਰ ਤੇ ਉਘੜਿਆ-ਰਾਜਨੀਤਿਕ ਪ੍ਰਭੂਸੱਤਾ ਤੇ ਕਾਨੂੰਨੀ ਪ੍ਰਭੂਸੱਤਾ।

ਰੂਸੋ (Rousseau) ਅਨੁਸਾਰ, ਵਿਆਪਕ ਇੱਛਾ (General Will) ਪ੍ਰਭੂ ਹੈ। ਉਸ ਦਾ ਖਿਆਲ ਹੈ ਕਿ ਪ੍ਰਭੂਸੱਤਾ ਨਿਰੰਕੁਸ਼, ਸਦੀਵੀਂ, ਅਖੰਡ ਤੇ ਅਪਰਿਵਰਤਿਤ ਹੁੰਦੀ ਹੈ ਅਤੇ ਇਹ ਸਥਾਈ ਰੂਪ ਵਿਚ ਰਾਸ਼ਟਰ ਜਾਂ ਰਾਜ ਨਾਮ ਦੀ ਸੰਸਥਾ ਵਿਚ ਨਿਵਾਸ ਕਰਦੀ ਹੈ। ਪ੍ਰਭੂਸੱਤਾ ਦੇ ਆਧੁਨਿਕ ਸਿਧਾਂਤ ਦਾ ਮੂਲ ਸੋਮਾ ਰੂਸੋ ਦੀ ਵਿਆਪਕ ਪ੍ਰਭੂਸੱਤਾ ਦਾ ਵਿਚਾਰ ਹੀ ਹੈ।

**2.4.5.2 ਅਗਲੇਰੇ ਲੇਖਕਾਂ ਦੇ ਵਿਚਾਰ**

**ਬੈਂਥਮ (Bentham), ਆਸਟਿਨ (Austin), ਹੀਗਲ (Hegel)** ਆਦਿ ਵਿਚਾਰਵਾਨਾਂ ਨੇ ਪ੍ਰਭੂਸੱਤਾ ਦੇ ਸਿਧਾਂਤ ਨੂੰ ਹੋਰ ਅੱਗੇ ਵਿਕਸਿਤ ਕੀਤਾ ਹੈ। ਉਨ੍ਹਾਂ ਸਾਰਿਆਂ ਨੇ ਰਾਜ ਦੀ ਸਰਬ-ਸ੍ਰੇਸ਼ਟ ਸ਼ਕਤੀ ਨੂੰ ਸਵੀਕਾਰ ਕੀਤਾ ਹੈ ਅਤੇ ਇਸ ਦੇ ਹੱਕ ਵਿਚ ਸਫਾਈ ਪੇਸ਼ ਕੀਤੀ ਹੈ। ਕਾਨੂੰਨਦਾਨਾਂ ਅਤੇ ਦਾਰਸ਼ਨਿਕਾਂ ਦੋਹਾਂ ਨੇ ਰਾਜ ਨੂੰ ਇਕਾਈ ਮੰਨਿਆ ਹੈ। ਕੁਝ ਸਮੇਂ ਲਈ ਇਕ ਅਜਿਹਾ ਵਿਚਾਰ ਵੀ ਕਾਫੀ ਜ਼ੋਰ ਫੜ ਗਿਆ ਸੀ ਜੋ ਰਾਜ ਨੂੰ ਇਕ ਇਕਾਈ ਨਹੀਂ ਸਮਝਦਾ ਸਗੋਂ ਬਹੁਵਾਦੀ ਮਿੱਥਦਾ ਹੈ। ਬਹੁਵਾਦੀ ਸਿਧਾਂਤ ਦੇ ਸਮਰਥਕਾਂ ਦਾ ਮੱਤ ਹੈ ਕਿ ਰਾਜ, ਸਮਾਜ ਵਿਚਲੀਆਂ ਹੋਰ ਜ਼ਰੂਰੀ ਸੰਸਥਾਵਾਂ ਤੋਂ ਸ੍ਰੇਸ਼ਟ ਨਹੀਂ। ਇਹਨਾਂ ਵਿਚੋਂ ਕੁਝ ਤਾਂ ਰਾਜ ਨਾਲੋਂ ਵੀ ਪੁਰਾਣੀਆਂ ਹਨ। ਇਹ ਧਾਰਮਿਕ, ਆਰਥਿਕ, ਸਮਾਜਿਕ ਤੇ ਰਾਜਨੀਤਿਕ ਸੰਸਥਾਵਾਂ ਰਾਜ ਦੀ ਰਚਨਾ ਨਹੀਂ ਹੁੰਦੀਆਂ, ਸਗੋਂ ਆਪ ਮੁਹਾਰੀਆਂ ਪੈਦਾ ਹੁੰਦੀਆਂ ਅਤੇ ਵਿਕਾਸ ਕਰਦੀਆਂ ਹਨ। ਉਹਨਾਂ ਦੇ ਕਾਰਜਾਂ ਤੇ ਸ਼ਕਤੀਆਂ ਦਾ ਸੋਮਾ ਵੀ ਰਾਜ ਨਹੀਂ ਹੁੰਦਾ। ਇਸ ਲਈ ਉਹ ਰਾਜ ਦੀਆਂ ਸਹਿ ਸੱਤਾਧਾਰੀ ਹਨ ਅਤੇ ਰਾਜ ਨੂੰ ਉਹਨਾਂ ਨਾਲ ਮਿਲਕੇ ਪ੍ਰਭੂਸੱਤਾ ਦੀ ਵਰਤੋਂ ਕਰਨੀ ਚਾਹੀਦੀ ਹੈ। ਦੂਜੇ ਸ਼ਬਦਾਂ ਵਿਚ ਬਹੁਵਾਦੀਆਂ ਅਨੁਸਾਰ ਪ੍ਰਭੂਸੱਤਾ ਉਤੇ ਰਾਜ ਦਾ ਇਕ ਮਾਤਰ ਅਧਿਕਾਰ ਨਹੀਂ। **ਲਾਸਕੀ (Laski), ਡੂਗਿਟ (Duguit), ਕਰੈਬ (Krabbe), ਜੀ.ਡੀ.ਐਚ.ਕੋਲ (G.D.H. Cole)** ਆਦਿ ਇਸ ਵਿਚਾਰ ਦੇ ਮੁੱਖ ਸਮਰਥਕ ਹਨ।

**2.4.6 ਪ੍ਰਭੂਸਤਾ ਦੇ ਵੱਖ-ਵੱਖ ਰੂਪ** (Classification of Sovereignty)

ਪ੍ਰਭੂਸੱਤਾ ਦੇ ਕਈ ਵੱਖ-ਵੱਖ ਰੂਪ ਮੰਨੇ ਜਾਂਦੇ ਹਨ। ਇਨ੍ਹਾਂ ਦਾ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ।

**2.4.6.1 ਨਾਂ-ਮਾਤਰ ਪ੍ਰਭੂਸੱਤਾ (Nominal or Titular Sovereignty)**

ਨਾਂ-ਮਾਤਰ ਪ੍ਰਭੂਸੱਤਾ ਦਾ ਅਰਥ ਕੇਵਲ ਨਾਂ ਦਾ ਹੀ ਪ੍ਰਭੂ ਮੰਨਿਆ ਜਾਣਾ ਹੈ। ਬੀਤੇ ਸਮਿਆਂ ਵਿਚ ਨਿਰੰਕੁਸ਼ ਸਮਰਾਟ ਹੁੰਦੇ ਹਨ ਅਤੇ ਉਹ ਰਾਜ ਦੀ ਪ੍ਰਭੂਸੱਤਾ ਦਾ ਸਾਕਾਰ ਰੂਪ ਹੁੰਦੇ ਸਨ। ਪਰ ਸਮਾਂ ਪਾ ਕੇ ਨਿਰੰਕੁਸ਼ ਰਾਜੇ ਤੇ ਉਸ ਦੀ ਪਰਜਾ ਦੇ ਲੋਕਾਂ ਵਿਚਾਲੇ ਟੱਕਰ ਪੈਦਾ ਹੋ ਗਈ ਅਤੇ ਲੋਕਾਂ ਨੇ ਆਪਣੇ ਅਧਿਕਾਰਾਂ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਸਮੇਂ ਦੇ ਬੀਤਣ ਨਾਲ ਰਾਜੇ ਦੀਆਂ ਸ਼ਕਤੀਆਂ ਸੀਮਤ ਅਤੇ ਕਾਨੂੰਨ ਦੁਆਰਾ ਪਰਿਭਾਸ਼ਿਤ ਤੇ ਨਿਰਧਾਰਿਤ ਹੋਣ ਲੱਗੀਆਂ। ਸਿਧਾਂਤਕ ਰੂਪ ਵਿਚ ਰਾਜਾ ਹੁਣ ਵੀ ਪ੍ਰਭੂਸੱਤਾਧਾਰੀ ਹੈ ਅਤੇ ਉਸ ਨੂੰ ਉਹ ਸਾਰੇ ਅਧਿਕਾਰ ਪ੍ਰਾਪਤ ਹਨ ਜੋ ਕਦੇ ਬੀਤੇ ਸਮਿਆਂ ਵਿਚ ਹੁੰਦੇ ਹਨ, ਪਰ ਵਾਸਤਵ

ਵਿਚ ਸਰਬ-ਉੱਚ ਸ਼ਕਤੀ ਕਿਸੇ ਹੋਰ ਵਿਅਕਤੀ ਜਾਂ ਵਿਅਕਤੀ ਸਮੂਹ ਦੇ ਹੱਥਾਂ ਵਿਚ ਹੁੰਦੀ ਹੈ, ਜੋ ਉਸ ਦੀ ਵਰਤੋਂ ਪ੍ਰਭੂਸੱਤਾ ਦੇ ਨਾਂ ਤੇ ਕਰਦੇ ਹਨ। ਇਸ ਦੀ ਸਭ ਤੋਂ ਵਧੀਆ ਉਦਾਹਰਣ ਇੰਗਲੈਂਡ ਦਾ ਬਾਦਸ਼ਾਹ ਜਾਂ ਮਹਾਰਾਣੀ ਹੈ। ਉਸ ਪਾਸ ਵਾਸਤਵਿਕ ਸ਼ਕਤੀਆਂ ਨਹੀਂ ਹਨ। ਉਹ ਕੇਵਲ ਨਾਂ ਮਾਤਰ ਹੀ ਪ੍ਰਭੂਸੱਤਾਧਾਰੀ ਹੈ। ਬ੍ਰਿਟਿਸ਼ ਸਾਸ਼ਨ ਪ੍ਰਣਾਲੀ ਬਾਰੇ ਲੋਵੇਲ (Lowell) ਦਾ ਇਹ ਕਥਨ ਠੀਕ ਹੀ ਹੈ ਤਾਂ ਕਿ ਵਿਧਾਨ ਦੇ ਪੁਰਾਤਨ ਸਿਧਾਂਤ ਅਨੁਸਾਰ ਮੰਤਰੀ ਬਾਦਸ਼ਾਹ ਦੇ ਸਲਾਹਕਾਰ ਹੁੰਦੇ ਸਨ। ਉਨ੍ਹਾਂ ਦਾ ਕੰਮ ਸਲਾਹ ਮਸ਼ਵਰਾ ਦੇਣਾ ਹੁੰਦਾ ਸੀ ਤੇ ਰਾਜ ਦਾ ਕੰਮ ਫੈਸਲਾ ਕਰਨਾ ਸੀ। ਹੁਣ ਹਾਲਤ ਬਿਲਕੁਲ ਇਸ ਦੇ ਵਿਪਰੀਤ ਹੋ ਗਈ ਹੈ। ਬਾਦਸ਼ਾਹ ਪਾਸੋਂ ਸਲਾਹ ਲਈ ਜਾਂਦੀ ਹੈ ਪਰੰਤੂ ਫੈਸਲਾ ਮੰਤਰੀ ਹੀ ਕਰਦੇ ਹਨ।

**2.4.6.2. ਕਾਨੂੰਨੀ ਪ੍ਰਭੂਸੱਤਾ (Legal Sovereignty)**

ਪ੍ਰਭੂਸੱਤਾ ਦਾ ਇਹ ਹੋਰ ਦ੍ਰਿਸ਼ਟੀਕੋਣਾਂ ਤੋਂ ਵੀ ਅੰਤਰ ਨਿਖੇੜ ਜਾਂਦਾ ਹੈ-ਕਾਨੂੰਨੀ ਪ੍ਰਭੂਸੱਤਾ ਅਤੇ ਰਾਜਨੀਤਿਕ ਪ੍ਰਭੂਸੱਤਾ। ਕਾਨੂੰਨੀ ਪ੍ਰਭੂਸੱਤਾ ਉਹ ਸਰਬ-ਸ਼ਕਤੀ ਹੈ ਜਿਸ ਨੂੰ ਕਾਨੂੰਨ ਰਾਹੀਂ ਅੰਤਿਮ ਆਦੇਸ਼ ਜ਼ਾਰੀ ਕਰਨ ਦਾ ਅਧਿਕਾਰ ਪ੍ਰਾਪਤ ਹੈ। ਇਹ ਰਾਜ ਦੀ ਕਾਨੂੰਨ ਬਣਾਉਣ ਵਾਲੀ ਸਰਬ ਉੱਚ ਸ਼ਕਤੀ ਹੈ ਅਤੇ ਰਾਜ ਦਾ ਕਾਨੂੰਨ ਉਸ ਨੂੰ ਪੂਰੀ ਤਰ੍ਹਾਂ ਮਾਨਤਾ ਦਿੰਦਾ ਹੈ।

ਆਰ.ਜੀ.ਗੈਟਲ (R.G. Gettel) ਕਾਨੂੰਨੀ ਪ੍ਰਭੂਸੱਤਾ ਦੀ ਪਰਿਭਾਸ਼ਾ ਇਨ੍ਹਾਂ ਸ਼ਬਦਾਂ ਵਿਚ ਕਰਦਾ ਹੈ, 'ਕਾਨੂੰਨੀ ਪ੍ਰਭੂਸੱਤਾ ਉਹ ਅਧਿਕਾਰ ਤੇ ਸ਼ਕਤੀ ਹੁੰਦੀ ਹੈ ਜੋ ਰਾਜ ਦੇ ਸਰਬ-ਸ੍ਰੇਸ਼ਟ ਆਦੇਸ਼ ਨੂੰ ਕਾਨੂੰਨੀ ਰੂਪ ਵਿਚ ਪ੍ਰਗਟ ਕਰਨ ਦੇ ਸਮਰੱਥ ਹੁੰਦੀ ਹੈ।' ਕਾਨੂੰਨੀ ਪ੍ਰਭੂਸੱਤਾ ਧਾਰਨਾ ਅਨੁਸਾਰ ਸ਼ਾਸਕ ਹਮੇਸ਼ਾਂ ਸੰਗਠਨ ਦਾ ਅੰਸ਼ ਜਾਂ ਭਾਗ ਹੁੰਦਾ ਹੈ ਅਤੇ ਉਸ ਦੀ ਰਾਜ ਦੀ ਇੱਛਾ ਨੂੰ ਪ੍ਰਗਟ ਕਰਨ ਦੀ ਸ਼ਕਤੀ ਉਤੇ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ। ਇਸ ਦੁਆਰਾ ਬਣਾਏ ਗਏ ਕਾਨੂੰਨ ਨੂੰ ਰਾਜ ਦੀਆਂ ਅਦਾਲਤਾਂ ਮੰਨਦੀਆਂ ਅਤੇ ਲਾਗੂ ਕਰਦੀਆਂ ਹਨ। ਇੰਗਲੈਂਡ ਵਿਚ ਰਾਣੀ ਸਹਿਤ ਸੰਸਦ (Queen-in-Parliament) ਕਾਨੂੰਨੀ ਤੌਰ ਤੇ ਪ੍ਰਭੂਸੱਤਾ ਦੀ ਅਧਿਕਾਰੀ ਹੈ। ਸੰਸਦ ਦੇ ਕਿਸੇ ਵੀ ਐਕਟ ਤੇ ਕੋਈ ਕਾਨੂੰਨੀ ਅਦਾਲਤ ਇਤਰਾਜ਼ ਨਹੀਂ ਕਰ ਸਕਦੀ ਅਤੇ ਨਾ ਹੀ ਇਸ ਨੂੰ ਨਾਜਾਇਜ਼ ਘੋਸ਼ਿਤ ਕੀਤਾ ਜਾ ਸਕਦਾ ਹੈ। ਕਾਨੂੰਨ ਦੀਆਂ ਨਜ਼ਰਾਂ ਵਿਚ ਇੰਗਲੈਂਡ ਦੀ ਸੰਸਦ ਸਰਵ ਸੱਤਾਧਾਰੀ ਹੈ।

**2.4.6.3. ਰਾਜਨੀਤਿਕ ਪ੍ਰਭੂਸੱਤਾ (Political Sovereignty)**

ਇਹ ਸੱਤਾ ਇਕ ਅਜਿਹੀ ਸੱਤਾ ਹੈ ਜੋ ਕਾਨੂੰਨੀ ਸੱਤਾ ਦੀ ਪਿੱਠ ਹੁੰਦੀ ਹੈ। ਆਧੁਨਿਕ ਪ੍ਰਤੀਨਿਧੀ ਸਰਕਾਰ ਵਿਚ ਅਸੀਂ ਮੋਟੇ ਤੌਰ ਤੇ ਇਸ ਨੂੰ ਲੋਕਾਂ ਦੀ ਸ਼ਕਤੀ ਆਖ ਸਕਦੇ ਹਾਂ। ਜਦ ਕਿ ਕਾਨੂੰਨੀ ਪ੍ਰਭੂ ਨਿਸ਼ਚਿਤ ਤੌਰ ਤੇ ਸੰਗਠਿਤ ਹੁੰਦਾ ਹੈ ਅਤੇ ਉਸ ਨੂੰ ਸਪੱਸ਼ਟ ਰੂਪ ਵਿਚ ਪ੍ਰਗਟ ਕੀਤਾ ਜਾ ਸਕਦਾ ਹੈ, ਰਾਜਨੀਤੀ ਪ੍ਰਭੂ ਅਸਪੱਸ਼ਟ, ਅਪ੍ਰਗਟ ਅਤੇ ਅਨਿਸ਼ਚਿਤ ਹੁੰਦਾ ਪਰ ਫਿਰ ਵੀ ਬਹੁਤ ਵਾਸਤਵਿਕ ਹੁੰਦਾ ਹੈ। ਆਰ. ਜੀ. ਗੈਟਲ (R.G. Gettel) ਦਾ ਵੀ ਇਹੀ ਵਿਚਾਰ ਹੈ ਕਿ ਅਸਪੱਸ਼ਟ ਤੇ ਅਨਿਸ਼ਚਿਤ ਪ੍ਰਭਾਵ ਜਿਹੜੇ ਲੋਕ-ਮਤ ਬਣਾਉਂਦੇ ਹਨ ਰਾਜਨੀਤਿਕ ਪ੍ਰਭੂ ਹੁੰਦੇ ਹਨ, ਜਿਨ੍ਹਾਂ ਸਾਹਮਣੇ ਕਾਨੂੰਨੀ ਪ੍ਰਭੂ ਨੂੰ ਅਵੱਸ਼ ਹੀ ਸਿਰ ਝੁਕਾਉਣਾ ਪੈਂਦਾ ਹੈ। ਇੰਜ ਲੋਕ ਰਾਜ ਵਿਚ ਕਾਨੂੰਨੀ ਪ੍ਰਭੂ ਉਤੇ ਮਤਦਾਨ (Voting), ਅਖਬਾਰਾਂ, ਰੇਡੀਓ, ਸਭਾਵਾਂ, ਵਿਰੋਧ ਤੇ ਰੋਸ, ਪ੍ਰਦਰਸ਼ਨਾਂ ਪ੍ਰਤੀਨਿਧ ਮੰਡਲ ਅਤੇ ਹੜਤਾਲਾਂ ਆਦਿ ਉਪਾਵਾਂ ਰਾਹੀਂ ਕੰਟਰੋਲ ਰੱਖਿਆ ਜਾਂਦਾ ਹੈ। ਰਾਜਨੀਤਿਕ ਪ੍ਰਭੂ ਮਤਦਾਤਿਆਂ ਅਤੇ ਲੋਕ ਮਤ ਦੀ ਸ਼ਕਤੀ ਦੀ ਮਹਾਨਤਾ ਦਰਸਾਇਕ ਹੈ।

**2.4.6.4 ਜਨਤਕ ਪ੍ਰਭੂਸੱਤਾ (Popular Sovereignty)**

ਜਨਤਕ ਪ੍ਰਭੂਸੱਤਾ ਦਾ ਸਿਧਾਂਤ ਸਤਾਰ੍ਹਵੀਂ ਸਦੀ ਦੀ ਪੈਦਾਵਾਰ ਹੈ। ਇਹ ਰਾਜਿਆਂ ਦੇ ਦੈਵੀ ਅਧਿਕਾਰਾਂ ਦੇ ਸਿਧਾਂਤ ਦੇ ਪ੍ਰਤੀਕਰਮ ਵਜੋਂ ਹੋਂਦ ਵਿਚ ਆਇਆ। ਮੋਟੇ ਤੌਰ ਤੇ ਜਨਤਕ ਪ੍ਰਭੂਸੱਤਾ ਦੇ ਅਰਥ ਹਨ 'ਇਕ ਵਿਅਕਤੀਗਤ ਸ਼ਾਸਕ ਦੀ ਸ਼ਕਤੀ ਦੇ ਮੁਕਾਬਲੇ ਤੇ ਲੋਕਾਂ ਜਾਂ ਜਨ-ਸਾਧਾਰਨ ਦੀ ਸ਼ਕਤੀ।' ਇਸ ਤਰ੍ਹਾਂ ਲੋਕ ਪ੍ਰਭੂਸੱਤਾ ਦਾ ਵੱਡਾ ਗੁਣ ਅੰਤਿਮ ਪ੍ਰਭੂਸੱਤਾ ਨੂੰ ਲੋਕਾਂ ਦੇ ਹੱਥਾਂ ਵਿਚ ਸੌਂਪਣਾ ਹੈ।

**ਇਸ ਸਿਧਾਂਤ ਦਾ ਇਤਿਹਾਸ (History of Doctrine of popular Sovereignty)**

ਜਿਵੇਂ ਕਿ ਉਪਰ ਦਸਿਆ ਗਿਆ ਹੈ ਕਿ ਪ੍ਰਭੂਸੱਤਾ ਦਾ ਸਿਧਾਂਤ ਸੋਲ੍ਹਵੀਂ ਤੇ ਸਤਾਰ੍ਹਵੀਂ ਸਦੀ ਵਿਚ ਨਿਰੰਕੁਸ਼ ਸਾਮਰਾਟਸ਼ਾਹੀ ਦੇ ਵਿਰੋਧ ਵਿਚ ਪੈਦਾ ਹੋਇਆ। ਇਹ ਰਾਜਿਆਂ ਦੇ ਦੈਵੀ ਅਧਿਕਾਰਾਂ ਦੇ ਸਿਧਾਂਤ (Theory of Divine Rights of Kings) ਵਿਰੁੱਧ ਪ੍ਰਤਿਕ੍ਰਿਆ ਦਾ ਸਿੱਟਾ ਸੀ। ਵਾਸਤਵ ਵਿਚ ਲੋਕ ਪ੍ਰਭੂਸੱਤਾ ਦੀ ਆਵਾਜ਼ ਮੱਧ ਕਾਲ ਵਿਚ ਮਾਰਸੀਲਿਓ ਆਫ ਪਾਡੂਆ (Marsilio of Padua) ਵਿਲੀਅਮ ਆਫ ਓਕਮ (William of Ockam) ਅਤੇ ਆਲਥੂਸੀਅਰ (Althusier), ਆਦਿ ਵਿਚਾਰਵਾਨਾਂ ਨੇ ਉਠਾਈ ਸੀ। ਇਨ੍ਹਾਂ ਦੇ ਨਾਂ ਲੋਕ ਪ੍ਰਭੂਸੱਤਾ ਦੇ ਇਤਿਹਾਸ ਵਿਚ ਵਿਸ਼ੇਸ਼ ਵਰਣਨਯੋਗ ਹਨ। **ਜਾਰਨ ਲਾਕ (John Locke)** ਨੇ ਸਤਾਰ੍ਹਵੀਂ ਸਦੀ ਦੀਆਂ ਇਨਕਲਾਬੀ ਲਹਿਰਾਂ ਨੂੰ ਠੀਕ ਸਿੱਧ ਕਰਨ ਲਈ ਇਸ ਸਿਧਾਂਤ ਦੀ ਸਹਾਇਤਾ ਲਈ। ਰੂਸੋ (Rousseau) ਅਤੇ **ਜੈਫਰਸਨ (Jefferson)** ਦੀਆਂ ਲਿਖਤਾਂ ਨੇ ਇਸ ਸਿਧਾਂਤ ਨੂੰ ਧਾਰਨ ਕਰਨ ਲਈ ਲੋਕਾਂ ਵਿਚ ਬਹੁਤ ਵੱਡਾ ਚਾਅ ਅਤੇ ਉਤਸ਼ਾਹ ਪੈਦਾ ਕੀਤਾ। ਫਲਸਰੂਪ ਇਹ ਸਿਧਾਂਤ ਫਰਾਂਸੀਸੀ ਤੇ ਅਮਰੀਕੀ ਇਨਕਲਾਬ ਦਾ ਆਧਾਰ ਬਣ ਗਿਆ ਅਤੇ ਪਿੱਛੋਂ ਜਾ ਕੇ ਇਸ ਨੂੰ ਸਮੁੱਚੇ ਰੂਪ ਵਿਚ ਲੋਕਤੰਤਰ ਦੀ ਸਹੀ ਤੇ ਸੱਚੀ ਬੁਨਿਆਦ ਸਵੀਕਾਰ ਕਰ ਲਿਆ ਗਿਆ।

### 2.4.7 ਕਾਨੂੰਨੀ ਤੇ ਰਾਜਨੀਤਿਕ ਪ੍ਰਭੂਸੱਤਾ ਦਾ ਸੰਬੰਧ (Relations between Legal and Political Sovereignty)

ਇਕ ਪ੍ਰਤੱਖ ਲੋਕਤੰਤਰ (Direct Democracy) ਵਿਚ ਕਾਨੂੰਨੀ ਤੇ ਰਾਜਨੀਤਿਕ ਪ੍ਰਭੂਸੱਤਾਧਾਰੀ, ਦੋਵੇਂ ਆਪੋ ਵਿਚ ਇਕਮਿਕ ਹੋ ਜਾਂਦੇ ਹਨ। ਦੋਹਾਂ ਦਾ ਆਪਸੀ ਅੰਤਰ-ਨਿਖੇੜ ਕੇਵਲ ਕਿਸੇ ਆਧੁਨਿਕ ਰਾਜ ਵਿਚ ਹੀ ਚੰਗੀ ਤਰ੍ਹਾਂ ਪ੍ਰਗਟ ਹੁੰਦਾ ਹੈ। ਆਧੁਨਿਕ ਲੋਕ-ਰਾਜ ਪ੍ਰਤੀਨਿਧੀ (Representative) ਅਤੇ ਅਪ੍ਰਤੱਖ (Indirect) ਲੋਕਤੰਤਰ ਹਨ। ਭਾਰਤ ਵਿਚ ਰਾਸ਼ਟਰਪਤੀ ਅਤੇ ਸੰਸਦ (The President and Parliament) ਇੰਗਲੈਂਡ ਵਿਚ ਰਾਣੀ-ਸਹਿਤ (Queen-in-Parliament) ਅਤੇ ਸੰਯੁਕਤ ਰਾਜ ਅਮਰੀਕਾ ਵਿਚ ਰਾਸ਼ਟਰਪਤੀ ਦੇ ਕਾਂਗਰਸ (President and Congress), ਜੋ ਕਾਨੂੰਨੀ ਤੌਰ ਤੇ ਪ੍ਰਭੂ ਹਨ ਕਿਸੇ ਤਰ੍ਹਾਂ ਵੀ ਲੋਕਾਂ ਦੀ ਇੱਛਾ ਨੂੰ ਠੁਕਰਾ ਨਹੀਂ ਸਕਦੇ ਜਾਂ ਉਸ ਦਾ ਨਿਰਾਦਰ ਕਰਨ ਦੀ ਜੁਅਰਤ ਨਹੀਂ ਕਰ ਸਕਦੇ। ਕਾਨੂੰਨੀ ਪ੍ਰਭੂਸੱਤਾ ਨੂੰ ਮਤ-ਦਾਤਿਆਂ (Electorate) ਦੀ ਇੱਛਾ ਸਾਮ੍ਹਣੇ ਗੋਡੇ ਟੇਕਣੇ ਪੈਂਦੇ ਹਨ ਅਤੇ ਲੋਕ-ਮਤ ਦਾ ਸਤਿਕਾਰ ਕਰਨਾ ਪੈਂਦਾ ਹੈ। ਕਾਨੂੰਨੀ ਤੌਰ ਤੇ ਸੰਸਦ ਅਜਿਹਾ ਕਾਨੂੰਨ ਬਣਾ ਸਕਦੀ ਹੈ ਜੋ ਲੋਕਾਂ ਨੂੰ ਮਾਰਨ ਵੱਢਣ ਆਦਿ ਲਈ ਮਜ਼ਬੂਰ ਕਰੇ ਪਰ ਵਾਸਤਵ ਵਿਚ ਸੰਸਦ ਕਦੇ ਵੀ ਐਸੇ ਕਾਨੂੰਨ ਬਾਰੇ ਸੋਚ ਨਹੀਂ ਸਕਦੀ ਕਿਉਂਕਿ ਉਸਨੂੰ ਲੋਕਾਂ ਦੀ ਮਰਜ਼ੀ ਦਾ ਵੀ ਖਿਆਲ ਰੱਖਣਾ ਪੈਂਦਾ ਹੈ।

ਦੂਸਰੇ ਸ਼ਬਦਾਂ ਵਿਚ ਰਾਜਨੀਤਿਕ ਪ੍ਰਭੂਸੱਤਾ ਪਿਛੋਕੜ ਵਿਚ ਰਹਿੰਦੀ ਹੈ ਪਰ ਕਾਨੂੰਨੀ ਪ੍ਰਭੂਸੱਤਾ ਤੇ ਪ੍ਰਭਾਵ ਪਾਉਂਦੀ ਤੇ ਉਸ ਨੂੰ ਸੀਮਤ ਕਰਦੀ ਹੈ, ਭਾਵੇਂ ਕਿ ਕਾਨੂੰਨੀ ਤੌਰ ਤੇ ਇੰਜ ਆਖਿਆ ਜਾ ਸਕਦਾ ਹੈ ਕਿ ਕਾਨੂੰਨੀ ਸੱਤਾ ਸਰਬ ਸ਼ਕਤੀਮਾਨ ਹੁੰਦੀ ਹੈ-ਗਿਲਕ੍ਰਾਈਸਟ (Gilchrist)

ਰਾਜਨੀਤਿਕ ਪ੍ਰਭੂ ਆਪਣੇ ਆਪ ਨੂੰ ਮਤ-ਦਾਨ, ਪ੍ਰੈਸ, ਭਾਸ਼ਣ ਰੇਡੀਓ ਅਤੇ ਟੀ.ਵੀ. ਆਦਿ ਹੋਰ ਕਈ ਢੰਗਾਂ ਨਾਲ ਪ੍ਰਗਟ ਕਰਦਾ ਹੈ। ਇਸ ਨੂੰ ਲੱਭਣਾ ਜਾਂ ਨਿਸ਼ਚਿਤ ਕਰਨਾ ਬਹੁਤ ਕਠਿਨ ਹੈ। ਇਹ ਸੰਗਠਿਤ ਨਹੀਂ ਹੁੰਦਾ ਅਤੇ ਸੰਗਠਿਤ ਹੋਣ ਦੀ ਸੂਰਤ ਵਿਚ ਹੀ ਪ੍ਰਭਾਵਸ਼ਾਲੀ ਸਿੱਧ ਹੋ ਸਕਦਾ ਹੈ। ਰਾਜਨੀਤਿਕ ਪ੍ਰਭੂਸੱਤਾ ਦੇ ਸੰਗਠਨ ਨਾਲ ਕਾਨੂੰਨੀ ਪ੍ਰਭੂਸੱਤਾ ਪ੍ਰਾਪਤ ਹੁੰਦੀ ਹੈ। ਦੋਵੇਂ ਰਾਜਾਂ ਦੀ ਪ੍ਰਭੂਸੱਤਾ ਦੇ ਦੋ ਪੱਖ ਹਨ ਅਤੇ ਇਹ ਦੋਵੇਂ ਲਗਾਤਾਰ ਇਕ ਦੂਸਰੇ ਤੇ ਪ੍ਰਭਾਵ ਪਾਉਂਦੇ ਰਹਿੰਦੇ ਹਨ। ਚੰਗੀ ਸਰਕਾਰ ਤਾਂ ਹੀ ਸੰਭਵ ਹੈ ਜੇ ਕਰ ਕਾਨੂੰਨੀ ਪ੍ਰਭੂਸੱਤਾ ਤੇ ਰਾਜਨੀਤੀ ਪ੍ਰਭੂਸੱਤਾ ਵਿਚਾਲੇ ਉਚਿਤ ਸੰਬੰਧ ਹੋਣ। ਮਤਲਬ ਇਹ ਹੈ ਕਿ ਕਾਨੂੰਨ ਠੀਕ ਤੇ ਲੋਕ ਰਾਏ ਦੇ ਅਨੁਕੂਲ ਹੋਵੇ ਤਾਂ ਚੰਗੀ ਸਰਕਾਰ ਸਥਾਪਿਤ ਹੋ ਸਕਦੀ ਹੈ।

### 2.4.8 ਰਾਜਨੀਤਿਕ ਤੇ ਜਨਤਕ ਪ੍ਰਭੂਸੱਤਾ ਵਿਚ ਅੰਤਰ (Distinction between Political and Popular Sovereignty)

ਨਿਸ਼ਚਿਤ ਕਾਨੂੰਨੀ ਪ੍ਰਭੂਸੱਤਾ ਦੇ ਪਿੱਛੇ ਰਾਜਨੀਤਿਕ ਪ੍ਰਭੂਸੱਤਾ ਹੈ ਅਤੇ ਰਾਜਨੀਤਿਕ ਪ੍ਰਭੂਸੱਤਾ ਦੇ ਪਿੱਛੇ ਜਨਤਕ ਪ੍ਰਭੂਸੱਤਾ ਦਾ ਹੱਥ ਹੁੰਦਾ ਹੈ। ਅੰਤਿਮ ਵਿਸ਼ਲੇਸ਼ਣ ਵਿਚ ਇਹ ਆਖਿਆ ਜਾ ਸਕਦਾ ਹੈ ਕਿ ਰਾਜ ਦੀ ਪ੍ਰਭੂਸੱਤਾ ਲੋਕਾਂ ਦੇ ਹੱਥਾਂ ਵਿਚ ਹੁੰਦੀ ਹੈ। ਪਰ ਇਹ ਜਨਤਕ ਪ੍ਰਭੂਸੱਤਾ ਹਮੇਸ਼ਾਂ ਸੁਚੇਤ ਅਤੇ ਸਰਗਰਮ ਨਹੀਂ ਹੁੰਦੀ। ਜਨਤਕ ਪ੍ਰਭੂਸੱਤਾ ਦੀ ਇੱਛਾ ਦਾ ਪ੍ਰਗਟਾਅ ਰਾਜਨੀਤਿਕ ਪ੍ਰਭੂਸੱਤਾ ਰਾਹੀਂ ਹੁੰਦਾ ਹੈ ਅਤੇ ਕਾਨੂੰਨੀ

ਪ੍ਰਭੂਸੱਤਾ ਇਸ ਨੂੰ ਕਾਨੂੰਨੀ ਰੂਪ ਦੇਂਦੀ ਹੈ। ਪਰ ਜਦੋਂ ਕਾਨੂੰਨੀ ਪ੍ਰਭੂ ਨਿਰੰਕੁਸ਼ ਅਧਿਕਾਰ ਗ੍ਰਹਿਣ ਕਰ ਲੈਂਦਾ ਹੈ ਅਤੇ ਰਾਜਨੀਤਿਕ ਪ੍ਰਭੂ ਦੇ ਦਬਾਅ ਪਾ ਕੇ ਉਸ ਨੂੰ ਕੁਚਲ ਦੇਂਦਾ ਹੈ ਤਾਂ ਲੋਕ ਪ੍ਰਭੂ ਅਥਵਾ ਜਨਤਾ ਜਾਂ ਜਨ-ਸਧਾਰਨ ਰੋਸ ਵਜੋਂ ਇਸ ਦੇ ਵਿਰੁੱਧ ਜਾਗ ਪੈਂਦੇ ਹਨ ਅਤੇ ਇਨਕਲਾਬ ਰਾਹੀਂ ਨਿਰੰਕੁਸ਼ ਸ਼ਾਸਕ ਦਾ ਤਖਤਾ ਉਲਟਾ ਕੇ ਨਵੇਂ ਸੰਵਿਧਾਨ ਦੀ ਸਿਰਜਨਾ ਕਰਦੇ ਹਨ। ਅੱਜ ਜਨਤਕ ਪ੍ਰਭੂਸੱਤਾ ਦੇ ਅਰਥ ਇਸ ਤਰ੍ਹਾਂ ਕੀਤੇ ਜਾਂਦੇ ਹਨ, 'ਬਾਲਗਾਂ ਦਾ ਮਤ-ਦਾਨ ਜਾਂ ਵੋਟ-ਅਧਿਕਾਰ ਜਿਸ ਵਿਚ ਇਕ ਵਿਅਕਤੀ ਦੀ ਕੇਵਲ ਇਕ ਹੀ ਵੋਟ ਹੁੰਦੀ ਹੈ ਅਤੇ ਲੋਕਾਂ ਦੇ ਪ੍ਰਤਿਨਿਧੀਆਂ ਦਾ ਕਾਰਜ-ਪਾਲਿਕਾ ਉਤੇ ਨਿਯੰਤਰਣ।' ਇਸਦੇ ਇਹ ਅਰਥ ਵੀ ਲਏ ਜਾਂਦੇ ਹਨ, ਰਾਸ਼ਟਰੀ ਵਿੱਤ ਉਤੇ ਹੇਠਲੇ ਸਦਨ (Lower House) ਜਾਂ ਲੋਕਾਂ ਦੁਆਰਾ ਚੁਣੇ ਪ੍ਰਤਿਨਿਧਾਂ ਦੇ ਸਦਨ (Popularly Elected House) ਦੁਆਰਾ ਕੰਟਰੋਲ। ਪਰ ਹੁਣ ਕਿਉਂਕਿ ਮਤ-ਦਾਨ ਦਾ ਅਧਿਕਾਰ ਦਿਨੋ-ਦਿਨ ਵੱਧ ਤੋਂ ਵੱਧ ਲੋਕਾਂ ਤੱਕ ਵਿਸਤ੍ਰਿਤ ਹੁੰਦਾ ਜਾ ਰਿਹਾ ਹੈ। ਇਸ ਲਈ ਹੌਲੀ-ਹੌਲੀ ਰਾਜਨੀਤਿਕ ਅਤੇ ਜਨਤਕ ਪ੍ਰਭੂ ਵਿਚਾਲੇ ਅੰਤਰ ਘਟਦਾ ਜਾ ਰਿਹਾ ਹੈ। ਇਕ ਪ੍ਰਤੱਖ ਪਰਜਾ-ਤੰਤਰ (Direct Democracy) ਵਿਚ ਤਾਂ ਇਹ ਅੰਤਰ ਦਿਖਾਈ ਨਹੀਂ ਦਿੰਦਾ। ਰਾਜਸੀ ਪ੍ਰਭੂਸੱਤਾ ਸ਼ਕਤੀਸ਼ਾਲੀ ਰਾਜਸੀ ਪਾਰਟੀਆਂ, ਮਤ-ਦਾਤਿਆਂ, ਪੂੰਜੀ-ਪਤੀਆਂ ਤੇ ਸੈਨਿਕ ਸ਼ਕਤੀ ਰਾਹੀਂ ਦਰਸਾਈ ਜਾ ਸਕਦੀ ਹੈ ਪਰ ਲੋਕ-ਪ੍ਰਭੂਸੱਤਾ ਰਾਜ ਦੇ ਸਾਰੇ ਲੋਕਾਂ ਜਿਨ੍ਹਾਂ ਵਿਚ ਨਿੱਕੇ ਵੱਡੇ ਇਸਤਰੀ, ਮਰਦ, ਬੁੱਢੇ, ਬੱਚੇ, ਨਾਗਰਿਕ ਤੇ ਗੈਰ-ਨਾਗਰਿਕ ਸਾਰੇ ਆ ਜਾਂਦੇ ਹਨ, ਤੇ ਹੱਥਾਂ ਵਿਚ ਲੋਕ-ਪ੍ਰਭੂਸੱਤਾ ਲੋਕ-ਮਤ ਰਾਹੀਂ ਦਰਸਾਉਂਦੇ ਹਨ।

**ਜਨਤਕ-ਪ੍ਰਭੂਸੱਤਾ ਦੇ ਸਿਧਾਂਤ ਦੀ ਆਲੋਚਨਾ (Criticism of the Theory of Popular Sovereignty) :-**

ਭਾਵੇਂ ਅੱਜ ਜਨਤਕ ਪ੍ਰਭੂਸੱਤਾ ਦਾ ਸਿਧਾਂਤ ਆਮ ਤੌਰ ਤੇ ਪਰਜਾ-ਤੰਤਰ ਸਰਕਾਰ ਦੀ ਤਰਕਸ਼ੀਲ ਆਧਾਰ ਸਮਝਿਆ ਜਾਣ ਲੱਗ ਪਿਆ ਹੈ, ਪਰ ਇਸ ਸਿਧਾਂਤ ਦੀ ਕਈ ਪੱਖਾਂ ਤੋਂ ਬੜੀ ਕਰੜੀ ਆਲੋਚਨਾ ਵੀ ਹੋਈ ਹੈ ਜਿਵੇਂ ਕਿ :

**1. ਜਨਤਕ-ਪ੍ਰਭੂਸੱਤਾ ਅਸਪੱਸ਼ਟ ਤੇ ਸ਼ੰਕਾ ਭਰਪੂਰ (It is Vague)**

ਜਨਤਕ ਪ੍ਰਭੂਸੱਤਾ ਦਾ ਸੰਕਲਪ ਅਸਲੋਂ ਅਸਪੱਸ਼ਟ ਹੈ। ਇਹ ਮੰਨਿਆ ਨਹੀਂ ਜਾ ਸਕਦਾ ਹੈ ਕਿ ਇਹ ਰਾਜ ਦੇ ਸਾਰੇ ਲੋਕਾਂ ਵਿਚ ਸਥਿਤ ਹੈ ਕਿਉਂਕਿ ਆਮ ਲੋਕਾਂ ਵਿਚ ਮੂਰਖ, ਅਪਰਾਧੀ ਤੇ ਦੀਵਾਲੀਏ ਆਦਿ ਸ਼ਾਮਲ ਹੁੰਦੇ ਹਨ। ਇਸ ਲਈ ਇਕ ਅਨਿਸ਼ਚਿਤ ਸਮੂਹ ਹੋਣ ਦੇ ਕਾਰਨ ਇਹ ਲੋਕ ਪ੍ਰਭੂਸੱਤਾ ਦੀ ਵਰਤੋਂ ਨਹੀਂ ਕਰ ਸਕਦੇ।

**2. ਜਨਤਕ ਪ੍ਰਭੂਸੱਤਾ ਸੰਗਠਿਤ ਨਹੀਂ (It is Unorganized)**

ਅਸੰਗਠਿਤ ਲੋਕ-ਰਾਏ ਭਾਵੇਂ ਉਹ ਕਿੰਨੀ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ, ਪ੍ਰਭੂਸੱਤਾ ਦਾ ਪ੍ਰਗਟਾਉ ਨਹੀਂ ਹੁੰਦਾ ਅਤੇ ਲੋਕਾਂ ਨੂੰ ਕਦੇ ਸਮੁੱਚੇ ਤੌਰ ਤੇ ਸੰਗਠਿਤ ਨਹੀਂ ਕੀਤਾ ਜਾ ਸਕਦਾ ਅਤੇ ਅਸੰਗਠਿਤ ਜਨ-ਸਮੂਹ ਨਿਰੀ ਭੀੜ ਤੇ ਹੁਲੜਬਾਜੀ ਹੀ ਹੁੰਦੀ ਹੈ।

**3. ਇਹ ਤਰਕ-ਪੂਰਣ ਨਹੀਂ (It is Illogical)**

ਪ੍ਰੋ: ਗੈਟਲ ਦਾ ਵਿਚਾਰ ਹੈ ਕਿ ਜਨਤਕ-ਪ੍ਰਭੂਸੱਤਾ ਦਾ ਸਿਧਾਂਤ, ਪ੍ਰਭੂਸੱਤਾ ਦੇ ਕਾਨੂੰਨੀ ਸੰਕਲਪ ਨੂੰ ਨਸ਼ਟ ਕਰਦਾ ਹੈ। ਰਾਜ ਤੋਂ ਸਾਡਾ ਭਾਵ ਇਕ ਨਿਸ਼ਚਿਤ ਖੇਤਰ ਵਿਚ ਕਾਨੂੰਨ ਬਣਾਉਣ ਤੇ ਲਾਗੂ ਕਰਨ ਲਈ ਸੰਗਠਿਤ ਹੋਏ ਜਨ-ਸਮੂਹ ਤੋਂ ਹੈ ਤਾਂ ਫਿਰ ਵੀ ਅਸੰਗਠਿਤ ਜਨ-ਸਮੂਹ ਪ੍ਰਭੂ ਨਹੀਂ ਅਖਵਾ ਸਕਦਾ।

**4. ਇਸ ਦਾ ਮਤਲਬ ਮਤ-ਦਾਤਾ ਸਮੂਹ ਵੀ ਨਹੀਂ ਹੋ ਸਕਦਾ (It does not mean electorate even)**

ਕੁਝ ਲੋਕ ਮਤ-ਦਾਤਿਆਂ ਨੂੰ ਹੀ ਜਨਤਕ ਪ੍ਰਭੂਸੱਤਾ ਦਾ ਚਿੰਨ੍ਹ ਮੰਨਦੇ ਹਨ, ਪਰ ਸਾਰੇ ਲੋਕਾਂ ਨੂੰ ਮਤ-ਦਾਨ ਦਾ ਅਧਿਕਾਰ ਕਿਥੇ ਪ੍ਰਾਪਤ ਹੁੰਦਾ ਹੈ ? ਮਤ-ਦਾਤਾ ਕੇਵਲ ਸਮੁੱਚੀ ਵਸੋਂ ਦਾ ਇੱਕ ਹਿੱਸਾ ਹੀ ਹੁੰਦੇ ਹਨ ਅਤੇ ਫਿਰ ਸਾਰੇ ਵੋਟਰ ਆਪਣੇ ਮਤ ਅਧਿਕਾਰ ਦੀ ਵਰਤੋਂ ਵੀ ਨਹੀਂ ਕਰਦੇ। ਚੋਣਾਂ ਦੇ ਨਤੀਜੇ ਵਜੋਂ ਹੁੰਦਾ ਇਹ ਹੈ ਕਿ ਕੋਈ ਇਕ ਪਾਰਟੀ ਬਹੁ-ਗਿਣਤੀ ਪ੍ਰਾਪਤ ਕਰ ਕੇ ਰਾਜ ਸੱਤਾ ਨੂੰ ਆਪਣੇ ਹੱਥਾਂ ਵਿਚ ਲੈ ਲੈਂਦੀ ਹੈ, ਪਰ ਅਸਲ ਵਿਚ ਇਹ ਪਾਰਟੀ ਜਨਤਾ ਪੰਝੀ ਤੋ ਤੀਹ ਫੀਸਦੀ ਤੋਂ ਵੱਧ ਚੋਣਕਾਰਾਂ ਦੀ ਪ੍ਰਤੀਨਿਧਤਾ ਨਹੀਂ ਕਰਦੀ। ਇਹ ਹੋਰ ਦੁਖਦਾਈ ਗੱਲ ਇਹ ਹੈ ਕਿ ਲੋਕ ਪਾਰਟੀ ਲੀਡਰਾਂ ਦੇ ਪਿੱਛੇ

ਲੱਗ ਕੇ ਵੋਟ ਪਾਉਂਦੇ ਹਨ। ਸੋ ਅਸੀਂ ਕਹਿ ਸਕਦੇ ਹਾਂ ਕਿ ਚੋਣਕਾਰ ਪ੍ਰਭੂਸੱਤਾ ਦੇ ਮਾਲਿਕ ਹਨ।

ਭਾਵੇਂ ਕਾਨੂੰਨੀ ਨੁਕਤੇ ਤੋਂ ਪ੍ਰਭੂਸੱਤਾ ਲੋਕਾਂ ਦੇ ਹੱਥਾਂ ਵਿਚ ਨਹੀਂ ਹੋ ਸਕਦੀ ਪਰ ਇੰਨਾਂ ਜ਼ਰੂਰ ਹੈ ਕਿ ਉਹ ਪ੍ਰਭੂ ਉਤੇ ਰੋਕ ਅਤੇ ਨਿਯੰਤਰਣ ਰੱਖਦੇ ਹਨ। ਕੋਈ ਕਾਨੂੰਨੀ ਪ੍ਰਭੂ ਹਮੇਸ਼ਾਂ ਲਈ ਲੋਕਾਂ ਦੀ ਇੱਛਾ ਤੋਂ ਲਾਪਰਵਾਹ ਨਹੀਂ ਹੋ ਸਕਦਾ। ਆਧੁਨਿਕ ਰਾਜ ਕਾਨੂੰਨੀ ਪ੍ਰਭੂ ਨੂੰ ਲੋਕਾਂ ਦੀਆਂ ਮੰਗਾਂ ਪੂਰੀਆਂ ਕਰਨ ਤੇ ਹੁੰਗਾਰਾ ਭਰਨ ਲਈ ਮਜਬੂਰ ਕਰਦੇ ਹਨ। ਗਿਲਕ੍ਰਾਈਸਟ ਦਾ ਕਥਨ ਹੈ ਕਿ 'ਲੋਕ-ਨਿਯੰਤਰਣ' ਸ਼ਬਦ ਜਨਤਕ ਪ੍ਰਭੂਸੱਤਾ ਦਾ ਅਰਥ ਭਲੀ ਭਾਂਤ ਪ੍ਰਗਟ ਕਰਦਾ ਹੈ।

**2.4.9 ਕਾਨੂੰਨੀ ਅਤੇ ਵਾਸਤਵਿਕ ਪ੍ਰਭੂਸਤਾ (Dejure and De facto Sovereignty)**

ਕਈ ਵਾਰ ਪ੍ਰਭੂਸੱਤਾ ਸੰਬੰਧੀ ਉਸ ਦੇ ਦੋ ਰੂਪਾਂ, ਅਰਥਾਤ ਕਾਨੂੰਨੀ ਪ੍ਰਭੂਸੱਤਾ ਅਤੇ ਵਾਸਤਵਿਕ ਪ੍ਰਭੂਸੱਤਾ ਦੇ ਤੌਰ ਤੇ ਵੀ ਅੰਤਰ ਕੀਤਾ ਜਾਂਦਾ ਹੈ। ਕਾਨੂੰਨੀ ਪ੍ਰਭੂਸੱਤਾ ਦੀ ਬੁਨਿਆਦ ਕਾਨੂੰਨ ਵਿਚ ਹੁੰਦੀ ਹੈ। ਇਸ ਦਾ ਗੁਣ ਸ਼ਾਸਨ ਕਰਨਾ ਅਤੇ ਆਦੇਸ਼ ਦੇਣਾ ਹੁੰਦਾ ਹੈ ਅਤੇ ਇਹ ਲੋਕਾਂ ਨੂੰ ਜਾਰੀ ਕੀਤੇ ਆਦੇਸ਼ਾਂ ਦੀ ਪਾਲਣਾ ਕਰਨ ਲਈ ਮਜ਼ਬੂਰ ਕਰ ਸਕਦੀ ਹੈ। ਕਾਨੂੰਨੀ ਪ੍ਰਭੂਸੱਤਾ ਸੰਵਿਧਾਨ ਰਾਹੀਂ ਸਥਾਪਿਤ ਕੀਤੀ ਜਾਂਦੀ ਹੈ ਅਤੇ ਉਸ ਨੂੰ ਰਾਜ ਕਰਨ ਦਾ ਕਾਨੂੰਨੀ ਅਧਿਕਾਰ ਪ੍ਰਾਪਤ ਹੁੰਦਾ ਹੈ।

**ਵਾਸਤਵਿਕ ਪ੍ਰਭੂਸਤਾ (De facto Sovereignty)**

ਹਰ ਰਾਜ ਵਿਚ ਅਜਿਹਾ ਇਕ ਵਿਅਕਤੀ ਜਾਂ ਵਿਅਕਤੀ-ਸਮੂਹ ਹੁੰਦਾ ਹੈ, ਜਿਸ ਦੀ ਆਗਿਆ ਦੀ ਅਸਲ ਵਿਚ ਪਾਲਣਾ ਹੁੰਦੀ ਹੈ, ਚਾਹੇ ਉਸ ਨੂੰ ਕਾਨੂੰਨੀ ਅਧਿਕਾਰ ਪ੍ਰਾਪਤ ਹੋਵੇ ਜਾਂ ਨਾ। ਬ੍ਰਾਈਸ (Bryce) ਵਾਸਤਵਿਕ ਪ੍ਰਭੂਸੱਤਾ ਦੀ ਪਰਿਭਾਸ਼ਾ ਇਨ੍ਹਾਂ ਸ਼ਬਦਾਂ ਵਿਚ ਕਰਦਾ ਹੈ, 'ਅਸਲ ਪ੍ਰਭੂ ਉਹ ਵਿਅਕਤੀ ਜਾਂ ਵਿਅਕਤੀ ਸਮੂਹ ਹੁੰਦਾ ਹੈ, ਜੋ ਆਪਣੀ ਇੱਛਾ ਦੂਸਰਿਆਂ ਤੇ ਲਾਗੂ ਕਰਦਾ ਹੈ, ਚਾਹੇ ਇਹ ਕਾਨੂੰਨ ਦੇ ਅਨੁਸਾਰ ਹੋਵੇ, ਜਾਂ ਕਾਨੂੰਨ ਦੇ ਵਿਰੋਧ ਵਿਚ।' ਅਜਿਹਾ ਵਿਅਕਤੀ ਜਾਂ ਵਿਅਕਤੀ-ਸਮੂਹ ਵਾਸਤਵਿਕ (Defacto) ਹੁੰਦਾ ਹੈ ਜਿਸ ਦੀ ਆਗਿਆ ਦੀ ਅਸਲ ਪਾਲਣਾ ਕੀਤੀ ਜਾਂਦੀ ਹੈ। ਵਾਸਤਵਿਕ ਪ੍ਰਭੂਸੱਤਾ ਤੇ ਕਾਨੂੰਨੀ ਪ੍ਰਭੂਸੱਤਾ ਦੇ ਭੇਦ ਕ੍ਰਾਂਤੀ ਦੀ ਹਾਲਤ ਵਿਚ ਵਧੇਰੇ ਉੱਘੜਵਾਂ ਤੇ ਮਹੱਤਵਪੂਰਨ ਹੁੰਦਾ ਹੈ। ਵਾਸਤਵਿਕ ਪ੍ਰਭੂ ਜ਼ਰੂਰੀ ਨਹੀਂ ਕਿ ਕਾਨੂੰਨੀ ਪ੍ਰਭੂ ਹੀ ਹੋਵੇ, ਹੋ ਸਕਦਾ ਹੈ ਕਿ ਉਹ ਲੋਕਾਂ ਕੋਲੋਂ ਧਿੰਗਜ਼ੋਰੀ ਆਪਣੀ ਆਗਿਆ ਦਾ ਪਾਲਣ ਕਰਵਾ ਰਿਹਾ ਹੋਵੇ ਜਾਂ ਕੋਈ ਪਾਦਰੀ ਜਾਂ ਧਾਰਮਿਕ ਆਗੂ ਜਿਸ ਦਾ ਅਧਿਆਤਮਿਕ ਤੌਰ ਤੇ ਲੋਕਾਂ ਉਤੇ ਇੰਨਾ ਭੈ ਜਾਂ ਦਬਦਬਾ ਹੋਵੇ ਕਿ ਲੋਕ ਉਸ ਦੀ ਆਗਿਆ ਦਾ ਪਾਲਣ ਕਰਨ ਲੱਗ ਪੈਣ ਭਾਵੇਂ ਉਸ ਦਾ ਦਾਅਵਾ ਕਾਨੂੰਨੀ ਹੋਵੇ ਜਾਂ ਨਾ। ਇਨ੍ਹਾਂ ਤੋਂ ਬਿਨਾਂ ਕੋਈ ਵੀ ਹੋਰ ਵਿਅਕਤੀ ਜਾਂ ਏਜੰਸੀ, ਜੋ ਆਪਣੀ ਆਗਿਆ ਦਾ ਪਾਲਣ ਕਰਵਾ ਸਕੇ, ਪ੍ਰਭੂ ਬਣ ਸਕਦਾ ਹੈ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ, ਅਜਿਹਾ ਅਸਲ ਪ੍ਰਭੂ ਰਾਜ ਵਿਚ ਉਸ ਸਮੇਂ ਵੇਖਣ ਵਿਚ ਆਉਂਦਾ ਹੈ ਜਦ ਰਾਜ ਵਿਚ ਯੁੱਧ ਜਾਂ ਕ੍ਰਾਂਤੀ ਹੋਵੇ। ਵਾਸਤਵਿਕ ਪ੍ਰਭੂਸੱਤਾ ਕਾਨੂੰਨੀ ਅਧਿਕਾਰ ਨਾਲੋਂ ਸਰੀਰਕ ਸ਼ਕਤੀ ਜਾਂ ਆਤਮਿਕ ਪ੍ਰਭਾਵ ਉਤੇ ਨਿਰਭਰ ਕਰਦੀ ਹੈ। ਆਓ ਇਸ ਨੂੰ ਵਧੇਰੇ ਸਪੱਸ਼ਟ ਕਰਨ ਲਈ ਉਦਾਹਰਨ ਲਈਏ-ਪਹਿਲੇ ਸੰਸਾਰ ਯੁੱਧ ਦੇ ਫਲਸਰੂਪ ਰੂਸ, ਆਸਟ੍ਰੀਆ, ਹੰਗਰੀ, ਸਪੇਨ ਤੇ ਜਰਮਨੀ ਵਿਚ ਅਜਿਹੀਆਂ ਸਰਕਾਰਾਂ ਜੇਤੂ ਇਤਹਾਦੀਆਂ (Allies) ਨੇ ਕਾਇਮ ਕੀਤੀਆਂ ਸਨ। ਦੂਸਰੀ ਸੰਸਾਰ ਜੰਗ ਤੋਂ ਪਹਿਲਾਂ ਇਟਲੀ ਵਿਚ ਮੁਸੋਲਿਨੀ ਜਰਮਨੀ ਵਿਚ ਹਿਟਲਰ ਵੀ ਇਸੇ ਪ੍ਰਕਾਰ ਦੇ ਵਾਸਤਵਿਕ ਪ੍ਰਭੂ ਦੇ ਉਦਾਹਰਣ ਹਨ। ਸਪੇਨ ਵਿਚ ਫਰਾਂਕੋ (Franco) ਸਰਕਾਰ ਤੇ ਚੀਨ ਵਿਚ ਕੰਮਿਊਨਿਸਟ ਸਰਕਾਰ ਦੀ ਸਥਾਪਨਾ ਵਾਸਤਵਿਕ ਪ੍ਰਭੂਸੱਤਾ ਦੀਆਂ ਹੀ ਮਿਸਾਲਾਂ ਹਨ।

ਕਾਨੂੰਨੀ ਅਤੇ ਵਾਸਤਵਿਕ ਪ੍ਰਭੂਸੱਤਾ ਵਿਚ ਸੰਬੰਧ (Relation between 'De Jure' and 'De Facto' Sovereignty)

ਇਕ ਰਾਜ ਵਿਚ ਕੇਵਲ ਇਕ ਹੀ ਪ੍ਰਭੂ ਰਹਿ ਸਕਦਾ ਹੈ। ਆਮ ਤੌਰ ਤੇ ਚੰਗੇ ਸ਼ਾਸਨ ਵਾਲੇ ਰਾਜ ਵਿਚ ਕਾਨੂੰਨੀ ਪ੍ਰਭੂਸੱਤਾ ਹੀ ਵਾਸਤਵਿਕ ਪ੍ਰਭੂਸੱਤਾ ਹੁੰਦੀ ਹੈ। ਕਾਨੂੰਨੀ ਪ੍ਰਭੂਸੱਤਾ ਤੇ ਵਾਸਤਵਿਕ ਪ੍ਰਭੂਸੱਤਾ ਇਕ ਦੂਸਰੀ ਵਿਚ ਮਿਲੀਆਂ ਹੁੰਦੀਆਂ ਹਨ। ਭਾਵੇਂ ਇਕ ਚੰਗੇ ਪ੍ਰਬੰਧ ਵਾਲੇ ਰਾਜ ਵਿਚ ਅਧਿਕਾਰ ਤੇ ਸ਼ਕਤੀ ਦੋਵੇਂ ਇਕ ਮਿਕ ਤੇ ਇਕਸਾਰ ਹੁੰਦੇ ਹਨ। ਕਾਨੂੰਨੀ ਤੇ ਵਾਸਤਵਿਕ ਪ੍ਰਭੂਸੱਤਾ ਦਾ ਅਖੀਰ ਵਿਚ ਇਕ ਹੋਣਾ ਅਤਿ ਆਵੱਸ਼ਕ ਹੈ, ਨਹੀਂ ਤਾਂ ਉਨ੍ਹਾਂ ਵਿਚ ਟੱਕਰ ਤੇ ਵਿਰੋਧ ਪੈਦਾ ਹੋਣ ਦਾ ਡਰ ਰਹਿੰਦਾ ਹੈ। ਜੇ ਵਾਸਤਵਿਕ

ਪ੍ਰਭੂ (De facto Sovereign) ਸ਼ਰੀਰਕ ਸ਼ਕਤੀ ਸਦਕਾ ਪ੍ਰਭੂ ਬਣ ਬੈਠਾ ਹੋਵੇ ਅਤੇ ਨਿਸ਼ਚਿਤ ਤੌਰ ਤੇ ਲੰਮੇ ਸਮੇਂ ਲਈ ਤਾਕਤ ਵਿਚ ਰਹੇ ਤਾਂ ਲੋਕ ਉਸ ਦੇ ਵਿਰੁੱਧ ਉਠ ਖੜੇ ਹੁੰਦੇ ਹਨ। ਇਸ ਲਈ ਨਵਾਂ ਬਣਿਆ ਵਾਸਤਵਿਕ ਪ੍ਰਭੂ ਆਪਣੇ ਆਪ ਵਾਸਤਵਿਕ ਦਾਅਵੇ ਨੂੰ ਕਾਨੂੰਨੀ ਅਧਿਕਾਰ ਵਿਚ ਪਰਿਵਰਤਨ ਕਰਨ ਦਾ ਪ੍ਰਯਤਨ ਕਰਦਾ ਹੈ ਕਿਉਂਕਿ ਕਾਨੂੰਨੀ ਪ੍ਰਭੂ ਹੀ ਆਪਮੁਹਾਰੀ ਸਥਾਈ ਤਾਬੇਦਾਰੀ ਦਾ ਅਧਿਕਾਰ ਹੋ ਸਕਦਾ ਹੈ। ਆਰ.ਜੀ.ਗੈਟਲ ਦਾ ਇਹ ਸੁਝਾਅ ਹੈ ਕਿ ਇਨ੍ਹਾਂ ਦੋਹਾਂ ਸ਼ਬਦਾਂ ਭਾਵ ਵਾਸਤਵਿਕ (De facto) ਤੇ ਕਾਨੂੰਨੀ (De jure) ਦੀ ਵਰਤੋਂ ਪ੍ਰਭੂਸੱਤਾ ਦੀ ਥਾਂ ਸਰਕਾਰਾਂ ਲਈ ਕੀਤੀ ਜਾਵੇ ਤਾਂ ਵਧੇਰੇ ਵਿਗਿਆਨਕ ਹੋਵੇਗਾ। ਉਹ ਆਖਦਾ ਹੈ ਕਿ ਆਪਣੀ ਪਰਿਭਾਸ਼ਾ ਵਜੋਂ ਪ੍ਰਭੂਸੱਤਾ ਇਕ ਕਾਨੂੰਨੀ ਸੰਕਲਪ ਹੈ ਅਤੇ ਇਕ ਰਾਜ ਵਿਚ ਕੇਵਲ ਇਕ ਹੀ ਕਾਨੂੰਨੀ ਪ੍ਰਭੂਸੱਤਾ ਹੋ ਸਕਦੀ ਹੈ। ਇਨ੍ਹਾਂ ਅਰਥਾਂ ਵਿਚ ਸਿਰਫ ਕਾਨੂੰਨੀ ਪ੍ਰਭੂਸੱਤਾ ਹੀ ਪ੍ਰਭੂਸੱਤਾ ਅਖਵਾ ਸਕਦੀ ਹੈ ਅਤੇ ਕਥਿਤ ਵਾਸਤਵਿਕ ਪ੍ਰਭੂਸੱਤਾ ਉਦੋਂ ਤੱਕ ਪ੍ਰਭੂਸੱਤਾ ਨਹੀਂ ਬਣ ਸਕਦੀ ਜਦ ਤਕ ਕਿ ਇਹ ਕਾਨੂੰਨੀ ਨਾ ਬਣ ਜਾਵੇ। ਇਹ ਗੈਰ-ਕਾਨੂੰਨੀ ਪ੍ਰਭੂਸੱਤਾ ਆਪਣੇ ਆਪ ਵਿਚ ਇਕ ਵਿਰੋਧ ਹੈ।

### 2.4.10 ਪ੍ਰਭੂਸੱਤਾ ਦਾ ਨਿਵਾਸ ਸਥਾਨ (Location of Sovereignty)

ਗੈਟਲ ਦੇ ਕਥਨ ਅਨੁਸਾਰ ਰਾਜਨੀਤਿਕ ਸਿਧਾਂਤ ਦੇ ਸਭ ਤੋਂ ਮੁਸ਼ਕਿਲ ਸਵਾਲਾਂ ਪਿਛੋਂ ਇਕ ਮੁਸ਼ਕਿਲ ਸਵਾਲ ਰਾਜ ਦੀ ਪ੍ਰਭੂਸੱਤਾ ਦੇ ਨਿਵਾਸ-ਸਥਾਨ ਦਾ ਹੈ। ਇਸ ਸਵਾਲ ਦਾ ਮਤਲਬ ਇਹ ਹੈ ਕਿ ਰਾਜ ਦੀ ਸਭ ਤੋਂ ਉੱਚੀ ਸੱਤਾ ਰਾਜ ਵਿੱਚ ਕਿੱਥੇ ਨਿਵਾਸ ਸਥਾਨ ਕਰਦੀ ? ਇਸ ਸਵਾਲ ਦੇ ਅਨੇਕਾਂ ਉੱਤਰ ਅੱਜ ਤੱਕ ਸਾਮ੍ਹਣੇ ਆਏ ਹਨ।

### 2.4.10.1. ਸਮਰਾਟ ਦੀ ਪ੍ਰਭੂਸੱਤਾ (Sovereignty of the Monarch)

ਆਰੰਭ ਵਿਚ ਪ੍ਰਭੂਸੱਤਾ ਰਾਜ ਦਾ ਨਹੀਂ ਸਗੋਂ ਰਾਜੇ ਦਾ ਗੁਣ ਹੀ ਮੰਨਿਆ ਜਾਂਦਾ ਸੀ। ਇਸ ਲਈ ਸੋਲ੍ਹਵੀਂ ਸਦੀ ਦੇ ਲੇਖਕਾਂ ਨੇ ਰਾਜੇ ਦੀ ਪ੍ਰਭੂਸੱਤਾ ਨੂੰ ਰਾਜੇ ਦੀ ਸੱਤਾ ਹੀ ਸਮਝਿਆ। ਜੇਤੂ ਰਾਜਾ ਏਥੋਂ ਤੱਕ ਹੀ ਕਹਿ ਸਕਦਾ ਹੈ, 'ਮੈਂ ਹੀ ਰਾਜ ਹਾਂ।' ਇਸ ਸਿਧਾਂਤਾਂ ਦੇ ਆਧਾਰ ਤੇ ਰਾਜੇ ਨੂੰ ਸਾਰੇ ਕਾਨੂੰਨਾਂ ਅਤੇ ਅਧਿਕਾਰਾਂ ਦਾ ਸੋਮਾ ਮੰਨਿਆ ਜਾਣ ਲੱਗ ਪਿਆ। ਉਸ ਦੇ ਪ੍ਰਤੀ ਉਸ ਦੀ ਸਾਰੀ ਪ੍ਰਜਾ ਨੂੰ ਅੰਨ੍ਹੀ ਭਗਤੀ ਰੱਖਣੀ ਪੈਂਦੀ ਸੀ ਤੇ ਚੁੱਪਚਾਪ ਉਸਦੇ ਆਦੇਸ਼ਾਂ ਦੀ ਪਾਲਣਾ ਕਰਨੀ ਪੈਂਦੀ ਸੀ। ਪ੍ਰੰਤੂ ਉਸ ਕ੍ਰਾਂਤੀ ਨੇ ਜਿਸ ਸਦਕਾ ਆਧੁਨਿਕ ਪਰਜਾ-ਤੰਤਰਾਂ ਦੀ ਸਿਰਜਣਾ ਤੇ ਸਥਾਪਨਾ ਹੋਈ, ਇਸ ਸਿਧਾਂਤ ਦਾ ਰਸਤਾ ਵੱਢ ਦਿੱਤਾ। ਉਦਾਹਰਣ ਵਜੋਂ ਇੰਗਲੈਂਡ ਦੀ ਰਾਣੀ ਨੂੰ ਹੁਣ ਨਾਂ-ਮਾਤਰ ਪ੍ਰਭੂ ਹੀ ਮੰਨਿਆ ਜਾਂਦਾ ਹੈ।

### 2.4.10.2. ਲੋਕਾਂ ਦੀ ਪ੍ਰਭੂਸੱਤਾ (Sovereignty of People)

ਲੋਕ ਪ੍ਰਭੂਸੱਤਾ ਦੇ ਸਮਰੱਥਕਾਂ ਨੇ ਇਹ ਸਿਧਾਂਤ ਪ੍ਰਚੱਲਿਤ ਕੀਤਾ ਹੈ ਕਿ ਪ੍ਰਭੂਸੱਤਾ ਲੋਕਾਂ ਵਿਚ ਨਿਵਾਸ ਕਰਦੀ ਹੈ, ਇਹ ਨਿਰੰਕੁਸ਼ ਰਾਜਿਆਂ ਦੇ ਅਤਿਆਚਾਰ ਦੇ ਵਿਰੁੱਧ ਇਕ ਪ੍ਰਤੀਕਰਮ ਸੀ। ਸਮਾਜਿਕ ਸਮਝੌਤੇ ਤੇ ਸਿਧਾਂਤ (Social Contract Theory) ਅਨੁਸਾਰ ਇਹ ਗੱਲ ਮੰਨੀ ਗਈ ਕਿ ਰਾਜਿਆਂ ਨੂੰ ਜੋ ਸ਼ਕਤੀ ਪ੍ਰਾਪਤ ਹੁੰਦੀ ਹੈ, ਉਹ ਉਨ੍ਹਾਂ ਦੀ ਆਪਣੀ ਨਹੀਂ, ਸਗੋਂ ਲੋਕਾਂ ਦੁਆਰਾ ਪ੍ਰਦਾਨ ਕੀਤੀ ਗਈ ਹੁੰਦੀ ਹੈ, ਜਿਨ੍ਹਾਂ ਵਿਚ ਅੰਤਿਮ ਪ੍ਰਭੂਸੱਤਾ ਨਿਵਾਸ ਕਰਦੀ ਹੈ।

ਪਰ ਇਸ ਸਿਧਾਂਤ ਵਿਚ ਇਕ ਦੋਸ਼ ਇਹ ਹੈ ਕਿ ਇਹ ਅਸਪੱਸ਼ਟ ਤੇ ਅਨਿਸ਼ਚਿਤ ਹੈ। ਕੁੱਝ ਵਿਚਾਰਵਾਨ ਪ੍ਰਭੂਸੱਤਾ ਨੂੰ ਸਮੁੱਚੀ ਜਨਤਾ ਵਿਚ ਨਿਵਾਸ ਕਰਦੀ ਮੰਨਦੇ ਹਨ। ਪਰ ਜਨਤਾ ਜਾਂ ਲੋਕ ਤਾਂ ਇਕ ਅਨਿਸ਼ਚਿਤ ਤੇ ਅਸੰਗਠਿਤ ਸਮੂਹ ਹੁੰਦਾ ਹੈ ਜਿਸ ਕਰਕੇ ਉਹ ਪ੍ਰਭੂਸੱਤਾ ਨੂੰ ਅਸਲੀ ਰੂਪ ਵਿਚ ਨਹੀਂ ਪ੍ਰਗਟਾ ਸਕਦੇ। ਕੁੱਝ ਅਜਿਹੇ ਸਿਆਣੇ ਵੀ ਹਨ ਜਿਨ੍ਹਾਂ ਦੇ ਖਿਆਲ ਵਿਚ ਪ੍ਰਭੂਸੱਤਾ ਲੋਕ-ਮਤ ਵਿਚ ਸਥਿਤ ਹੁੰਦੀ ਹੈ, ਪਰ ਲੋਕ-ਮਤ ਵੀ ਆਪਣੇ ਆਪ ਵਿਚ ਅਨਿਸ਼ਚਿਤ ਤੇ ਅਸਪੱਸ਼ਟ ਹੀ ਹੁੰਦਾ ਹੈ।

### 2.4.10.3. ਪ੍ਰਭੂਸੱਤਾ ਸੰਵਿਧਾਨ ਨਿਰਮਾਤਾ ਸ਼ਕਤੀ ਦੇ ਰੂਪ ਵਿਚ (Sovereignty as the constitution Making Power)

ਉਨ੍ਹੀਵੀਂ ਸਦੀ ਵਿਚ ਕਾਨੂੰਨਦਾਨਾਂ ਨੇ ਇਹ ਸਿਧਾਂਤ ਪ੍ਰਚੱਲਿਤ ਕੀਤਾ ਕਿ ਪ੍ਰਭੂਸੱਤਾ ਉਸ ਸੰਸਥਾ ਵਿਚ ਨਿਵਾਸ

ਕਰਦੀ ਹੈ ਜੋ ਰਾਜ ਦਾ ਸੰਵਿਧਾਨ ਬਣਾਉਂਦੀ ਹੈ ਅਤੇ ਇਕ ਵਾਰੀ ਸੰਵਿਧਾਨ ਦਾ ਨਿਰਮਾਣ ਹੋ ਜਾਣ ਪਿੱਛੋਂ ਉਸ ਦਾ ਸੋਧ ਕਰਨ ਦਾ ਕਾਨੂੰਨੀ ਅਧਿਕਾਰ ਰੱਖਦੀ ਹੈ। ਕਿਉਂਕਿ ਸੰਵਿਧਾਨ ਰਾਜ ਦਾ ਸਭ ਤੋਂ ਸ੍ਰੇਸ਼ਟ ਕਾਨੂੰਨ ਹੁੰਦਾ ਹੈ, ਇਸ ਲਈ ਪ੍ਰਭੂਸੱਤਾ ਉਨ੍ਹਾਂ ਵਿਅਕਤੀਆਂ ਵਿਚ ਨਿਵਾਸ ਕਰਦੀ ਹੈ ਜੋ ਸੰਵਿਧਾਨ ਦੀ ਸਿਰਜਨਾ ਕਰਦੇ ਹਨ। ਸੰਵਿਧਾਨ ਸਰਕਾਰ ਦੇ ਢਾਂਚੇ ਨੂੰ ਬਣਾਉਂਦਾ, ਉਸ ਦੀ ਸ਼ਕਤੀ ਦੀ ਰੂਪ-ਰੇਖਾ ਤਿਆਰ ਕਰਦਾ ਹੈ ਅਤੇ ਰਾਜ ਤੇ ਨਾਗਰਿਕਾਂ ਦੇ ਆਪਸੀ ਸੰਬੰਧਾਂ ਨੂੰ ਨਿਸ਼ਚਿਤ ਕਰਦਾ ਹੈ। ਸ਼ਕਤੀ ਦੇ ਪੱਖ ਤੋਂ ਸਰਕਾਰ ਸੰਵਿਧਾਨ ਬਣਾਉਣ ਤੇ ਉਸ ਦੀ ਸੋਧ ਕਰਨ ਵਾਲੀ ਸੰਸਥਾ ਨਾਲੋਂ ਘਟੀਆ ਪੱਧਰ ਦੀ ਹੁੰਦੀ ਹੈ। ਕੁੱਝ ਇਕ ਰਾਜਾਂ ਵਿਚ ਸ਼ਕਤੀ ਰਾਸ਼ਟਰੀ ਵਿਧਾਨ ਮੰਡਲ ਦੇ ਹੱਥਾਂ ਵਿਚ ਹੁੰਦੀ ਹੈ ਜਦ ਕਿ ਕੁੱਝ ਹੋਰ ਰਾਜਾਂ ਵਿਚ ਸੰਵਿਧਾਨ ਬਣਾਉਣ ਤੇ ਸੰਵਿਧਾਨ ਦੀ ਸੋਧ ਲਈ ਇਕ ਵਿਸ਼ੇਸ਼ ਅੰਗ ਜਾਂ ਕਾਰਜ ਵਿਧੀ ਦੀ ਲੋੜ ਹੁੰਦੀ ਹੈ।

ਇਸ ਸਿਧਾਂਤ ਦਾ ਗੁਣ ਇਹ ਹੈ ਕਿ ਇਹ ਸਰਬ ਸ੍ਰੇਸ਼ਟ ਅਧਿਕਾਰ ਨੂੰ ਇਕ ਨਿਸ਼ਚਿਤ ਅੰਗ ਵਿਚ ਸਥਿਤ ਕਰਕੇ, ਅਸਪੱਸ਼ਟਤਾ ਤੇ ਅਨਿਸ਼ਚਿਤਤਾ ਦੇ ਦੋਸ਼ ਤੋਂ ਬਚ ਜਾਂਦਾ ਹੈ। ਇਹੀ ਕਾਰਣ ਹੈ ਕਿ ਪਹਿਲੀ ਨਜ਼ਰੇ ਇਕ ਤਰਕ ਪੂਰਣ ਤੇ ਸੰਤੋਸ਼ਜਨਕ ਜਾਪਦਾ ਹੈ। ਪਰ ਇਹ ਵੀ ਕੁਝ ਇਕ ਦੋਸ਼ਾਂ ਦਾ ਸ਼ਿਕਾਰ ਹੈ। ਸੰਵਿਧਾਨ ਨਿਰਮਾਤਾ ਸ਼ਕਤੀ ਵਿਚ ਸਥਾਈਤਵ ਨਹੀਂ ਹੁੰਦਾ, ਜੋ ਕਿ ਪ੍ਰਭੂਸੱਤਾ ਦਾ ਇਕ ਵਿਸ਼ੇਸ਼ ਗੁਣ ਹੈ। ਸੰਵਿਧਾਨ ਬਣਾਉਣ ਵਾਲੀ ਸੰਸਥਾ ਸਮੇਂ ਸਮੇਂ ਕਾਰਜ ਕਰਦੀ ਹੈ, ਲਗਾਤਾਰ ਨਹੀਂ। ਇਸ ਦੀ ਸ਼ਕਤੀ ਦਾ ਪ੍ਰਦਰਸ਼ਨ ਕੇਵਲ ਉਸ ਸਮੇਂ ਹੀ ਹੁੰਦਾ ਹੈ ਜਦ ਕਿ ਸੰਵਿਧਾਨ ਬਣਾਇਆ ਜਾਂਦਾ ਜਾਂ ਸੋਧਿਆ ਜਾਂਦਾ ਹੈ। ਦੂਜੀ ਗੱਲ ਇਹ ਹੈ ਕਿ ਉਸ ਦੀ ਸ਼ਕਤੀ ਸਿਰਫ ਸੰਵਿਧਾਨ ਤੱਕ ਸੀਮਿਤ ਹੁੰਦੀ ਹੈ ਜਦ ਕਿ ਪ੍ਰਭੂਸੱਤਾ ਅਸੀਮ ਹੁੰਦੀ ਹੈ। ਇਸ ਲਈ ਪ੍ਰਭੂਸੱਤਾ ਕਿਸੇ ਅਜਿਹੀ ਸੰਸਥਾ ਵਿਚ ਸੁੱਤੀ ਤੇ ਛੁੱਪੀ ਨਹੀਂ ਰਹਿ ਸਕਦੀ, ਜੋ ਸ਼ਾਇਦ ਹੀ ਕਦੇ ਹੋਂਦ ਵਿਚ ਆਉਂਦੀ ਹੋਵੇ। ਵਾਸਤਵ ਵਿਚ, ਪ੍ਰਭੂਸੱਤਾ ਉਸ ਅੰਗ ਵਿਚ ਅੰਕਿਤ ਹੁੰਦੀ ਹੈ, ਜੋ ਹਰ ਸਮੇਂ ਰਾਜ ਦੀ ਇੱਛਾ ਦਾ ਸੰਚਾਲਨ ਤੇ ਦਰਸਾਇਕ ਹੈ ਨਾ ਕਿ ਉਸ ਅੰਗ ਵਿਚ ਜੋ ਕੇਵਲ ਸੰਵਿਧਾਨ ਦੀ ਰਚਨਾ ਵੇਲੇ ਕਾਇਮ ਰਹਿੰਦੀ ਹੈ, ਅਤੇ ਨਾ ਹੀ ਸੰਵਿਧਾਨ ਸਿਰਜਕ ਅਤੇ ਸੰਵਿਧਾਨਕ ਸੋਧਕ ਅੰਗ ਨੂੰ ਕਾਨੂੰਨੀ ਤੌਰ ਤੇ ਅਸੀਮ ਸ਼ਕਤੀ ਦਾ ਅਧਿਕਾਰ ਹੁੰਦਾ ਹੈ, ਜੋ ਕਿ ਪ੍ਰਭੂਸੱਤਾ ਦਾ ਸਾਰ ਹੈ।

**2.4.10.4 ਕਾਨੂੰਨ ਬਣਾਉਣ ਵਾਲੀ ਸ਼ਕਤੀ ਦੀ ਪ੍ਰਭੂਸੱਤਾ (Sovereignty of the law-making Bodies)**

ਕੁਝ ਵਿਚਾਰਵਾਨਾਂ ਦਾ ਇਹ ਮੱਤ ਹੈ ਕਿ ਪ੍ਰਭੂਸੱਤਾ ਦਾ ਨਿਵਾਸ ਰਾਜ ਵਿਚ ਕਾਨੂੰਨ ਬਣਾਉਣ ਵਾਲੀਆਂ ਸਮੂਹ ਸੰਸਥਾਵਾਂ ਵਿਚ ਹੈ। ਰਾਜ ਦੀ ਪ੍ਰਭੂਸੱਤਾ, ਰਾਜ ਦੀ ਸਭ ਤੋਂ ਉੱਚੀ ਇੱਛਾ ਹੈ ਜਿਸ ਨੂੰ ਪ੍ਰਗਟ ਕਰਦੇ ਰਹਿਣਾ ਜ਼ਰੂਰੀ ਹੈ। ਇਸ ਲਈ ਉਹ ਸਾਰੀਆਂ ਕਾਨੂੰਨ ਬਣਾਉਣ ਵਾਲੀਆਂ ਸੰਸਥਾਵਾਂ, ਜੋ ਕਿਸੇ ਰਾਜ ਦੀ ਉਚਤਮ ਇੱਛਾ ਦਾ ਪ੍ਰਗਟਾ ਕਰਦੀਆਂ ਹਨ, ਪ੍ਰਭੂਸੱਤਾ ਦੀਆਂ ਧਾਰਨੀ ਹੁੰਦੀਆਂ ਹਨ। ਇਨ੍ਹਾਂ ਕਾਨੂੰਨੀ ਬਣਾਉਣ ਵਾਲੀਆਂ ਸੰਸਥਾਵਾਂ ਵਿਚ ਲੋਕਾਂ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਰਾਸ਼ਟਰੀ ਅਤੇ ਸਥਾਨਕ ਵਿਧਾਨ-ਪਾਲਿਕਾਵਾਂ, ਚੋਣ ਮੰਡਲ ਸਭਾਵਾਂ ਅਤੇ ਅਜਿਹੇ ਕਾਨੂੰਨ ਦਾ ਨਿਰਮਾਣ ਕਰਨ ਵਾਲੀਆਂ ਅਦਾਲਤਾਂ ਸ਼ਾਮਿਲ ਹਨ। ਉਨ੍ਹਾਂ ਵਿਚ ਉਹ ਪ੍ਰਸ਼ਾਸ਼ਨਿਕ ਅਧਿਕਾਰੀ ਵੀ ਆ ਜਾਂਦੇ ਹਨ ਜੋ ਕਾਨੂੰਨ ਬਣਾਉਣ ਸੰਬੰਧੀ ਵਿਵੇਕੀ ਅਖਤਿਆਰਾਂ (Discretionary Power) ਦੇ ਧਾਰਨੀ ਹੁੰਦੇ ਹਨ। ਗੈਟਲ ਇਸ ਸਿਧਾਂਤ ਨੂੰ ਰਾਜ ਵਿਚ ਪ੍ਰਭੂਸੱਤਾ ਦੇ ਨਿਵਾਸ ਦੀ ਔਖੀ ਸਮੱਸਿਆ ਦੇ ਹੱਲ ਦਾ ਸਭ ਤੋਂ ਸੰਤੋਖਜਨਕ ਯਤਨ ਸਮਝਦਾ ਹੈ। ਇਸ ਵਿਚ ਜਨਤਕ ਪ੍ਰਭੂਸੱਤਾ ਦੇ ਮੁੱਖ ਗੁਣਾਂ ਸੰਵਿਧਾਨ ਸਿਰਜਨ ਸਿਧਾਂਤ ਅਤੇ ਕਾਨੂੰਨੀ ਨਿਸ਼ਚਿਤਤਾ ਦਾ ਸੁੰਦਰ ਸੁਮੇਲ ਪ੍ਰਾਪਤ ਹੋ ਜਾਂਦਾ ਹੈ। ਇਸ ਤੋਂ ਇਲਾਵਾ ਇਹ ਵਾਸਤਵਿਕ ਤੱਥਾਂ ਦੇ ਬਹੁਤੇ ਨੇੜੇ ਰਹਿੰਦਾ ਹੈ। ਪ੍ਰਭੂਸੱਤਾ ਰਾਜ ਵਿਚ ਨਿਵਾਸ ਕਰਦੀ ਹੈ, ਪਰ ਇਸ ਦਾ ਪ੍ਰਗਟਾ ਸਿਰਫ ਰਾਜ ਦੀ ਸਰਕਾਰ ਦੁਆਰਾ ਸਿਰਜੇ ਤੇ ਲਾਗੂ ਕੀਤੇ ਕਾਨੂੰਨ ਦੁਆਰਾ ਹੀ ਹੋ ਸਕਦਾ ਹੈ।

ਇਨ੍ਹਾਂ ਸਾਰੀਆਂ ਗੱਲਾਂ ਤੋਂ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਪ੍ਰਭੂਸੱਤਾ ਭਾਵੇਂ ਅਜੇ ਵੀ ਆਧੁਨਿਕ ਰਾਜ ਦਾ ਇਕ ਲੱਛਣ ਹੈ ਪਰ ਇਸ ਦਾ ਅਰਥ ਹੁਣ ਬਦਲ ਚੁੱਕਾ ਹੈ। ਆਧੁਨਿਕ ਰਾਜ ਵਿਚ ਪ੍ਰਭੂਸੱਤਾ ਨੂੰ ਰਾਜ ਦੀ ਨਿਰਪੇਖ ਅਤੇ ਅਸੀਮ ਸ਼ਕਤੀ ਨਹੀਂ ਕਿਹਾ ਜਾ ਸਕਦਾ। ਆਧੁਨਿਕ ਲੇਖਕ ਸੱਤਾ ਨੂੰ ਨਿਰਪੇਖ

(Absolute) ਨਹੀਂ ਸਗੋਂ ਸਾਪੇਖ (Relative) ਕਹਿੰਦੇ ਹਨ। ਅਜੋਕੇ ਜ਼ਮਾਨੇ ਵਿਚ ਜਦ ਰਾਜ ਇਕ ਦੂਜੇ ਉਪਰ ਨਿਰਭਰ ਕਰਦੇ ਹਨ ਅਤੇ ਉਹਨਾਂ ਦਾ ਆਪਸ ਵਿਚ ਲੈਣ ਦੇਣ ਹੈ, ਕੋਈ ਵੀ ਰਾਜ ਭਾਵੇਂ ਉਹ ਕਿਤਨਾ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ ਉਸ ਦੀਆਂ ਘਰੋਗੀ ਅਤੇ ਅੰਤਰ-ਰਾਸ਼ਟਰੀ ਜ਼ਿੰਮੇਵਾਰੀਆਂ ਉਸ ਦੀ ਨਿਰਪੇਖ ਅਤੇ ਅਸੀਮ ਸੱਤਾ ਨੂੰ ਸੀਮਿਤ ਰੱਖਦੀਆਂ ਹਨ। ਅੰਤਰ-ਰਾਸ਼ਟਰੀ ਕਾਨੂੰਨ ਰਾਜ ਦੀ ਪ੍ਰਭੂਸੱਤਾ ਨੂੰ ਮਾਨਤਾ ਦੇਂਦਾ ਹੈ ਪਰ ਇਹ ਪ੍ਰਭੂਸੱਤਾ ਕਾਨੂੰਨ ਦੀਆਂ ਹੱਦਾਂ ਅੰਦਰ ਸੀਮਿਤ ਹੈ।

**ਸਵੈ ਅਭਿਆਸ ਲਈ ਪ੍ਰਸ਼ਨ-(ਅ)**

**ਨੋਟ : 1. ਹੇਠਾਂ ਦਿੱਤੇ ਸਵਾਲ 'ਤੇ ਉੱਤਰ ਲਿਖੋ।**

2. ਆਪਣੇ ਉੱਤਰਾਂ ਨੂੰ ਪਾਠ ਦੇ ਅੰਤ ਵਿਚ ਦਿੱਤੇ ਉੱਤਰਾਂ ਨਾਲ ਮਿਲਾਓ

I. ਹੇਠਾਂ ਲਿਖੇ ਪ੍ਰਸ਼ਨ ਧਿਆਨ ਨਾਲ ਪੜ੍ਹਕੇ ਖਾਲੀ ਸਥਾਨ ਭਰੋ :

i. ਬੋਦਿਨ ਅਨੁਸਾਰ ਪ੍ਰਭੂਸੱਤਾ ਨਾਗਰਿਕਾਂ ਅਤੇ ਪਰਜਾ ਉੱਤੇ ਸਰਬ ਸ੍ਰੇਸ਼ਟ ਸ਼ਕਤੀ ਹੈ ਜਿਸਨੂੰ........................ਸੀਮਿਤ ਨਹੀਂ ਕਰ ਸਕਦਾ।

ii. ਲੋਕ ਪ੍ਰਭੂਸੱਤਾ ਦਾ ਸਿਧਾਂਤ.....................ਤੇ........................ਸਦੀ ਵਿਚ ਪ੍ਰਚੱਲਿਤ ਹੋਇਆ।

iii. ਹੇਠਾਂ ਲਿਖਿਆਂ ਵਿਚੋਂ ਠੀਕ ਤੇ ਗਲਤ ਉੱਤਰ ਚੁਣੋ :

(1) ਆਧੁਨਿਕ ਲੇਖਕ ਸੱਤਾ ਨੂੰ ਨਿਰਪੇਖ ਮੰਨਦੇ ਹਨ।

(2) ਰਾਜਨੀਤਿਕ ਪ੍ਰਭੂਸੱਤਾ ਹੀ ਕਾਨੂੰਨੀ ਪ੍ਰਭੂਸੱਤਾ ਨੂੰ ਜਨਮ ਦਿੰਦੀ ਹੈ।

(3) ਵਾਸਤਵਿਕ ਪ੍ਰਭੂ ਹੀ ਹਮੇਸ਼ਾਂ ਕਾਨੂੰਨੀ ਪ੍ਰਭੂ ਨਹੀਂ ਹੁੰਦਾ।

(4) ਵਿਵਹਾਰ ਵਿਚ ਪ੍ਰਭੂਸੱਤਾ ਅਸੀਮ ਹੈ।

**2.4.11 ਪ੍ਰਭੂਸੱਤਾ ਦੇ ਸਿਧਾਂਤ ਦਾ ਮੁਲਾਂਕਣ ਤੇ ਆਧੁਨਿਕ ਯੁੱਗ ਵਿਚ ਇਸ ਦਾ ਮਹੱਤਵ (Evalution and Importance of the theory of Sovereignty)**

ਪ੍ਰਭੂਸੱਤਾ ਦੇ ਸਿਧਾਂਤ ਦਾ ਮਹੱਤਵ ਸਮਝਣ ਲਈ ਉਹਨਾਂ ਹਾਲਤਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ, ਜਿਹਨਾਂ ਵਿਚ ਇਹ ਧਾਰਨਾ ਹੋਂਦ ਵਿਚ ਆਈ।

ਪ੍ਰਭੂਸੱਤਾ ਦਾ ਇਕਵਾਦੀ ਸਿਧਾਂਤ ਰਾਜ ਨੂੰ ਸਾਮੰਤਵਾਦ ਅਤੇ ਧਾਰਮਿਕ ਨੇਤਾਵਾਂ ਦੀ ਜਕੜ ਵਿਚੋਂ ਆਜ਼ਾਦ ਕਰਨ ਵਿਚ ਅਤੇ ਆਧੁਨਿਕ ਧਰਮ ਨਿਰਪੱਖ ਰਾਜ ਦੀ ਸਥਾਪਨਾ ਵਿਚ ਸਹਾਇਕ ਹੋਇਆ। ਪਾਠ ਦੇ ਆਰੰਭ ਵਿਚ ਅਸੀਂ ਦੱਸਿਆ ਸੀ ਕਿ ਮੱਧ ਕਾਲ ਵਿਚ ਰਾਜ ਸਰਬ-ਉੱਚ ਨਹੀਂ ਸੀ, ਸਗੋਂ ਸੱਤਾ ਰਾਜੇ, ਚਰਚ ਅਤੇ ਸਾਮੰਤਾਂ ਵਿੱਚ ਵੰਡੀ ਹੋਈ ਸੀ। ਅਜਿਹੀ ਸਥਿਤੀ ਕਾਰਨ ਕਈ ਵਿਵਹਾਰਕ ਤੇ ਕਾਨੂੰਨੀ ਉਲਝਣਾਂ ਹੋਂਦ ਵਿਚ ਆਈਆਂ ਸਨ, ਜਿਹੜੀਆਂ ਸਰਬ ਸੱਤਾਧਾਰੀ ਰਾਜ ਦੀ ਸਥਾਪਨਾ ਨਾਲ ਦੂਰ ਹੋ ਗਈਆਂ।

ਪ੍ਰਭੂਸੱਤਾ ਭਾਵੇਂ ਅਜੇ ਵੀ ਆਧੁਨਿਕ ਰਾਜ ਦਾ ਲੱਛਣ ਹੈ, ਪਰ ਹੁਣ ਇਸ ਦਾ ਅਰਥ ਬਦਲ ਚੁੱਕਾ ਹੈ। ਆਧੁਨਿਕ ਰਾਜ ਵਿਚ ਪ੍ਰਭੂਸੱਤਾ ਨੂੰ ਰਾਜ ਦੀ ਨਿਰਪੇਖ ਅਤੇ ਅਸੀਮ ਸ਼ਕਤੀ ਨਹੀਂ ਕਿਹਾ ਜਾ ਸਕਦਾ। ਆਧੁਨਿਕ ਲੇਖਕ ਸੱਤਾ ਨੂੰ ਨਿਰਪੇਖਕ (Absolute) ਨਹੀਂ, ਸਗੋਂ ਸਾਪੇਖ (Relative) ਕਹਿੰਦੇ ਹਨ। ਅਜੋਕੇ ਯੁੱਗ ਵਿਚ ਜਦੋਂ ਰਾਜ ਇਕ ਦੂਜੇ ਤੇ ਨਿਰਭਰ ਕਰਦੇ ਹਨ ਤਾਂ ਉਹਨਾਂ ਦਾ ਆਪਸ ਵਿਚ ਲੈਣ ਦੇਣ ਹੈ, ਕੋਈ ਵੀ ਰਾਜ ਭਾਵੇਂ ਉਹ ਕਿੰਨਾ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ ਅਸੀਮਿਤ ਤੇ ਨਿਰਪੇਖ ਸੱਤਾ ਦਾ ਮਾਲਕ ਨਹੀਂ ਹੋ ਸਕਦਾ। ਅੰਤਰ ਰਾਸ਼ਟਰੀ ਕਾਨੂੰਨ ਰਾਜ ਦੀ ਪ੍ਰਭੂਸੱਤਾ ਨੂੰ ਮਾਨਤਾ ਤਾਂ ਦਿੰਦਾ ਹੈ, ਪਰ ਇਹ ਪ੍ਰਭੂਸੱਤਾ ਕਾਨੂੰਨ ਦੀਆਂ ਹੱਦਾਂ ਅੰਦਰ ਹੀ ਸੰਭਵ ਹੈ।

**2.4.12 ਸਾਰੰਸ਼ (Conclusion) :**

ਇਸ ਪਾਠ ਵਿਚ ਅਸੀਂ ਪ੍ਰਭੂਸੱਤਾ ਦੀ ਪਰਿਭਾਸ਼ਾ, ਕਿਸਮਾਂ ਤੇ ਮੁੱਖ ਲੱਛਣਾਂ ਦੀ ਚਰਚਾ ਕੀਤੀ ਹੈ। ਪ੍ਰਭੂਸੱਤਾ ਦੀ ਧਾਰਨਾ ਮੱਧਕਾਲੀਨ ਯੁੱਗ ਵਿਚ ਰਾਜੇ ਦੀ ਚਰਚ ਤੇ ਸਾਮੰਤਾਂ ਉੱਤੇ ਪ੍ਰਮੁੱਖਤਾ ਸਥਾਪਿਤ ਕਰਨ ਲਈ ਹੋਂਦ ਵਿਚ ਆਈ। ਇਸ ਲਈ ਪ੍ਰਭੂਸੱਤਾ ਦੇ ਇਕ ਵਾਦੀ ਸਿਧਾਂਤ ਅਨੁਸਾਰ ਪ੍ਰਭੂਸੱਤਾ ਰਾਜ ਵਿਚਲੇ

ਸਾਰੇ ਲੋਕਾਂ, ਸਮੂਹਾਂ ਅਤੇ ਸੰਸਥਾਵਾਂ ਉੱਤੇ ਸਰਬਉੱਚ ਅਧਿਕਾਰ ਹੈ ਅਤੇ ਦੂਜੇ ਰਾਜਾਂ ਤੋਂ ਪੂਰਨ ਤੌਰ ਤੇ ਸੁਤੰਤਰ ਹੈ। ਸਥਾਈਤਵ, ਅਨਿੰਨਤਾ, ਸਰਬਵਿਆਪਕਤਾ, ਅਨਿਖੜਤਾ ਅਤੇ ਨਿਰਪੇਖਤਾ ਪ੍ਰਭੂਸੱਤਾ ਦੇ ਵਿਸ਼ੇਸ਼ ਲੱਛਣ ਮੰਨੇ ਗਏ ਹਨ। ਪ੍ਰਭੂਸੱਤਾ ਦੇ ਅਨੇਕ ਰੂਪ ਹਨ ਜਿਵੇਂ ਨਾਂ-ਮਾਤਰ ਪ੍ਰਭੂਸੱਤਾ, ਕਾਨੂੰਨੀ ਪ੍ਰਭੂਸੱਤਾ, ਲੋਕ ਪ੍ਰਭੂਸੱਤਾ, ਰਾਜਨੀਤਿਕ ਪ੍ਰਭੂਸੱਤਾ ਅਤੇ ਵਾਸਤਵਿਕ ਪ੍ਰਭੂਸੱਤਾ ਆਦਿ। ਕਾਨੂੰਨੀ ਤੌਰ ਤੇ ਪ੍ਰਭੂਸੱਤਾ ਉਹ ਸਰਬ ਉੱਚ ਸ਼ਕਤੀ ਹੈ ਜਿਸ ਉੱਤੇ ਕਿਸੇ ਪ੍ਰਕਾਰ ਦੀ ਪਾਬੰਦੀ ਨਹੀਂ, ਪਰ ਅਸਲ ਵਿਚ ਆਧੁਨਿਕ ਰਾਜ ਜੋ ਅੰਤਰ ਰਾਸ਼ਟਰੀ ਸਮਾਜ ਦਾ ਮੈਂਬਰ ਹੈ, ਨਿਰਪੇਖ ਪ੍ਰਭੂਸੱਤਾ ਦੀ ਵਰਤੋਂ ਨਹੀਂ ਕਰ ਸਕਦਾ ਉਸ ਉੱਤੇ ਅਨੇਕਾਂ ਨੈਤਿਕ, ਸੰਵਿਧਾਨਕ ਅਤੇ ਅੰਤਰ ਰਾਸ਼ਟਰੀ ਕਾਨੂੰਨ ਅਤੇ ਸੰਬੰਧਾਂ ਦੀਆਂ ਪਾਬੰਦੀਆਂ ਹਨ।

## 2.4.13 ਅਭਿਆਸ ਲਈ ਦਿੱਤੇ ਪ੍ਰਸ਼ਨਾਂ ਦੇ ਉੱਤਰ :

### ਸਵੈ ਅਭਿਆਸ ਨੰ : (ੳ)

1. ਪ੍ਰਭੂਸੱਤਾ ਦਾ ਅਰਥ ਰਾਜ ਦੀ ਅੰਦਰੂਨੀ ਤੇ ਬਾਹਰਲੇ ਮਾਮਲਿਆਂ ਵਿਚ ਸਰਬ ਉੱਚ ਸ਼ਕਤੀ। ਅੰਗਰੇਜ਼ੀ ਸ਼ਬਦ (Sovereignty) ਲਾਤੀਨੀ (Superanus) ਸ਼ਬਦ ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ਸਰਬ ਸ੍ਰੇਸ਼ਟ ਜਾਂ ਸਰਬ ਉੱਚ।
2. ਤੁਸੀਂ ਕੋਈ ਦੋ ਲੱਛਣ ਦੇ ਸਕਦੇ ਹੋ ਜਿਵੇਂ :
   (ੳ) ਪ੍ਰਭੂਸੱਤਾ ਸਥਾਈ ਹੈ, ਜਦੋਂ ਤੱਕ ਰਾਜ ਹੋਂਦ ਵਿਚ ਹੈ ਇਸ ਦੀ ਸਰਬ ਉੱਚ ਕਾਨੂੰਨੀ ਸ਼ਕਤੀ ਕਾਇਮ ਰਹਿੰਦੀ ਹੈ।
   (ਅ) ਪ੍ਰਭੂਸੱਤਾ ਅਨਿੱਖੜ ਹੈ-ਭਾਵ ਇਸ ਨੂੰ ਰਾਜ ਤੋਂ ਨਿਖੇੜਿਆ ਨਹੀਂ ਜਾ ਸਕਦਾ। ਰਾਜ ਤੋਂ ਪ੍ਰਭੂਸੱਤਾ ਨੂੰ ਨਿਖੇੜਨ ਦਾ ਅਰਥ ਹੈ, ਰਾਜ ਨੂੰ ਖਤਮ ਕਰਨਾ।
3. ਪ੍ਰਭੂਸੱਤਾ ਦੇ ਦੋ ਪੱਖ ਹਨ (ੳ) ਅੰਦਰੂਨੀ ਸਰਬਉੱਚਤਾ ਜਾਂ ਪ੍ਰਭੂਸੱਤਾ (ਅ) ਬਾਹਰੀ ਪ੍ਰਭੂਸੱਤਾ ਜਾਂ ਬਾਹਰੀ ਮਾਮਲਿਆਂ ਵਿਚ ਆਜ਼ਾਦੀ

### ਸਵੈ ਅਭਿਆਸ ਨੰ : (ਅ)

(1) ਕਾਨੂੰਨ (2) 16ਵੀਂ ਤੇ 17ਵੀਂ ਸਦੀ ਵਿਚ (i) ਗਲਤ (ii) ਠੀਕ (iii) ਠੀਕ (iv) ਗਲਤ

## 2.4.14 ਸੁਝਾਈਆਂ ਪੁਸਤਕਾਂ (Suggested Readings)


1. J.S. Badyal - 'political Theory' - (Punjabi)
2. Eddy Adrvathan - 'Political Theory'
3. Sushila Ramaswamy - 'Political Theory'
4. O.P. Gauba "An Introduction to Political Theory"
5. www.wikipedia.org
6. www.oup.com

**ਪਾਠ ਨੰ: 2.5**

# ਆਸਟਿਨ ਦਾ ਪ੍ਰਭੂਸੱਤਾ ਦਾ ਇਕਵਾਦੀ ਸਿਧਾਂਤ ਅਤੇ ਪ੍ਰਭੂਸੱਤਾ ਦਾ ਬਹੁਵਾਦੀ ਸਿਧਾਂਤ

**(Austin's Theory or Monistic Theory of Sovereignty and Pluralistic Theory of Sovereignty)**

## ਪਾਠ ਦੀ ਰੂਪ ਰੇਖਾ

2.5.1 ਪਾਠ ਦਾ ਉਦੇਸ਼ ਅਤੇ ਭੂਮਿਕਾ
2.5.2 ਆਸਟਿਨ ਦਾ ਪ੍ਰਭੂਸੱਤਾ ਦੇ ਸਿਧਾਂਤ
2.5.3 ਆਸਟਿਨ ਦੇ ਪ੍ਰਭੂਸੱਤਾ ਦੇ ਸਿਧਾਂਤ ਦਾ ਵਿਸ਼ਲੇਸ਼ਣ
2.5.4 ਆਸਟਿਨ ਦੇ ਸਿਧਾਂਤ ਦੀ ਆਲੋਚਨਾ
2.5.5 ਬਹੁਵਾਦ ਦਾ ਅਰਥ
2.5.6 ਬਹੁਵਾਦ ਦੇ ਸਿਧਾਂਤ ਦੀ ਵਿਆਖਿਆ
2.5.7 ਬਹੁਵਾਦ ਦੇ ਸਿਧਾਂਤ ਦਾ ਵਿਕਾਸ
2.5.8 ਬਹੁਵਾਦ ਦੀ ਆਲੋਚਨਾ
2.5.9 ਬਹੁਵਾਦ ਦੇ ਸਿਧਾਂਤ ਦਾ ਮਹੱਤਵ
2.5.10 ਸਾਰੰਸ਼
2.5.11 ਪਾਠ ਨੰ: 10 ਅਤੇ 11 ਵਿਚ ਵਰਤੇ ਗਏ ਕੁਝ ਮਹੱਤਵਪੂਰਨ ਪ੍ਰਸ਼ਨ
2.5.12 ਸਵੈ-ਅਭਿਆਸ ਲਈ ਦਿੱਤੇ ਗਏ ਪ੍ਰਸ਼ਨ ਦੇ ਉੱਤਰ
2.5.13 ਸੁਝਾਈਆਂ ਪੁਸਤਕਾਂ

## 2.5.1 ਪਾਠ ਦਾ ਉਦੇਸ਼ ਤੇ ਭੂਮਿਕਾ (Objectives and Introduction) :

ਪਿਛਲੇ ਪਾਠ ਵਿਚ ਅਸੀਂ ਰਾਜ ਦੀ ਪ੍ਰਭੂਸੱਤਾ ਦੇ ਅਰਥ, ਲੱਛਣਾਂ ਅਤੇ ਉਸ ਦੀਆਂ ਕਿਸਮਾਂ ਬਾਰੇ ਚਰਚਾ ਕੀਤੀ ਸੀ ਇਸ ਪਾਠ ਵਿਚ ਅਸੀਂ ਰਾਜ ਦੀ ਪ੍ਰਭੂਸੱਤਾ ਦੇ ਪ੍ਰਸਪਰ ਦੋ ਵਿਰੋਧੀ ਸਿਧਾਂਤਾਂ, ਕਾਨੂੰਨੀ ਸਿਧਾਂਤ ਅਤੇ ਬਹੁਵਾਦੀ ਸਿਧਾਂਤ ਬਾਰੇ ਵਿਚਾਰ ਕਰਾਂਗੇ। ਇਸ ਪਾਠ ਨੂੰ ਚੰਗੀ ਤਰ੍ਹਾਂ ਪੜਨ ਤੋਂ ਬਾਅਦ ਤੁਹਾਨੂੰ ਇਹ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ :

—— ਕਾਨੂੰਨੀ ਪ੍ਰਭੂਸੱਤਾ ਕਿਸਨੂੰ ਆਖਦੇ ਹਨ ?
—— ਪ੍ਰਭੂਸੱਤਾ ਦੀ ਬਹੁਵਾਦੀ ਧਾਰਨਾ ਕੀ ਹੈ ?
—— ਬਹੁਵਾਦੀ ਪ੍ਰਭੂਸੱਤਾ ਦੀ ਕਾਨੂੰਨੀ ਧਾਰਨਾ ਦਾ ਕਿਉਂ ਤੇ ਕਿਹਨਾਂ ਆਧਾਰਾਂ ਤੇ ਖੰਡਨ ਕਰਦੇ ਹਨ?

ਪਹਿਲਾਂ ਅਸੀਂ **ਪ੍ਰਭੂਸੱਤਾ ਦੇ ਕਾਨੂੰਨੀ ਸਿਧਾਂਤ** ਦੀ ਚਰਚਾ ਕਰਦੇ ਹਾਂ।

## 2.5.2 ਆਸਟਿਨ ਦਾ ਪ੍ਰਭੂਸੱਤਾ ਦਾ ਸਿਧਾਂਤ (Austin's Theory of Sovereignty)

ਪ੍ਰਭੂਸੱਤਾ ਦੇ ਕਾਨੂੰਨੀ ਸਿਧਾਂਤ ਦੀ ਸਭ ਤੋਂ ਜ਼ੋਰਦਾਰ ਤੇ ਵਧੀਆ ਵਿਆਖਿਆ ਸਰ **ਜਾਨ ਆਸਟਿਨ** *(Sir John Austin),* ਨੇ ਜੋ ਕਿ ਅੰਗਰੇਜ਼ ਵਕੀਲ ਸੀ, ਨੇ ਆਪਣੀ **ਪੁਸਤਕ *"ਲੈਕਚਰਜ਼ ਆਨ ਜਿਉਰਿਸਪਰੂਡੈਂਸ*** *(Lectures on Jurisprudence)"* ਵਿੱਚ ਕੀਤੀ ਹੈ, ਜੋ 1832 ਈ. ਵਿਚ ਛਪੀ। ਆਸਟਿਨ ਦੇ ਪ੍ਰਭੂਸੱਤਾ ਦੇ ਸਿਧਾਂਤ ਦੀ ਰਾਜਨੀਤੀ ਵਿਗਿਆਨ ਦੇ ਵਿਸ਼ੇ ਤੇ ਲਿਖਣ ਵਾਲੇ ਹਰ ਲੇਖਕ ਨੇ ਬੜੀ ਕਰੜੀ ਆਲੋਚਨਾ ਕੀਤੀ। ਅਸਲ ਵਿਚ ਆਸਟਿਨ ਦੇ ਪ੍ਰਭੂਸੱਤਾ ਦੇ ਸਿਧਾਂਤ ਦੀ ਆਲੋਚਨਾ ਦੇ ਸਿੱਟੇ ਵਜੋਂ ਹੀ ਤਾਂ ਰਾਜ ਪ੍ਰਭੂਸੱਤਾ ਦੇ ਆਧੁਨਿਕ ਸਿਧਾਂਤ ਦਾ ਵਿਕਾਸ ਹੋਇਆ ਹੈ। ਆਸਟਿਨ ਦੇ ਵਿਚਾਰ ਵਧੇਰੇ ਕਰਕੇ **ਬੈਂਥਮ** **(Bentham)** ਤੇ **ਹਾਬਸ** **(Hobbes)** ਦੇ ਵਿਚਾਰਾਂ ਉਤੇ ਆਧਾਰਿਤ ਹਨ, ਪਰ ਇਸ ਵਿਸ਼ੇ

ਤੇ ਉਸ ਦੇ ਵਿਚਾਰ ਇੰਨ-ਬਿੰਨ ਉਨ੍ਹਾਂ ਵਾਲੇ ਹੀ ਨਹੀਂ। ਯਾਦ ਰੱਖਣ ਵਾਲੀ ਮੁੱਖ ਗੱਲ ਇਹ ਹੈ ਕਿ ਪ੍ਰਭੂਸੱਤਾ ਬਾਰੇ ਆਸਟਿਨ ਦੇ ਵਿਚਾਰ ਦਾ ਆਧਾਰ ਕਾਨੂੰਨ ਦੀ ਪ੍ਰਕ੍ਰਿਤੀ ਸੰਬੰਧੀ ਉਸਦੇ ਵਿਚਾਰ ਹਨ। ਆਸਟਿਨ d/ eEB nB[ ko, @*ਕਾਨੂੰਨ ਤਕੜੇ ਰਾਹੀ ਮਾੜੇ ਨੂੰ ਦਿੱਤਾ ਗਿਆ ਆਦੇਸ਼ ਹੈ (It is a command given by a superior to an inferior)"* ਇਸੇ ਧਾਰਨਾ ਨੂੰ ਆਧਾਰ ਬਣਾ ਕੇ ਆਸਟਿਨ ਨੇ ਆਪਣੇ ਪ੍ਰਭੂਸੱਤਾ ਸੰਬੰਧੀ ਸਿਧਾਂਤ ਨੂੰ ਵਿਕਸਿਤ ਕੀਤਾ ਹੈ।

ਪ੍ਰਭੂਸੱਤਾ ਦੇ ਸਿਧਾਂਤ ਦਾ ਆਸਟਿਨ ਦੁਆਰਾ ਕੀਤਾ ਗਿਆ ਵਿਵਰਣ ਇਸ ਪ੍ਰਕਾਰ ਹੈ 'ਜੇ ਇਕ ਨਿਸ਼ਚਿਤ ਸ੍ਰੇਸ਼ਟ (Determinate human superior) ਵਿਅਕਤੀ ਜੋ ਆਪਣੇ ਵਰਗੇ ਹੀ ਕਿਸੇ ਹੋਰ ਸ੍ਰੇਸ਼ਟ ਤੇ ਉਚੇਰੇ ਵਿਅਕਤੀ ਦੀ ਆਗਿਆ ਪਾਲਣ ਦਾ ਆਦੀ ਨਾ ਹੋਵੇ ਅਤੇ ਜਿਸ ਦੀ ਆਗਿਆ ਦਾ ਪਾਲਣ ਸਮਾਜ ਦਾ ਵਡੇਰਾ ਭਾਗ ਸੁਭਾਵਿਕ ਤੌਰ ਤੇ ਕਰਦਾ ਹੋਵੇ, ਤਾਂ ਉਹ ਨਿਸ਼ਚਿਤ ਸ੍ਰੇਸ਼ਟ ਵਿਅਕਤੀ ਉਸ ਸਮਾਜ ਵਿਚ ਪ੍ਰਭੂ ਹੈ, ਅਤੇ ਉਸ ਸ੍ਰੇਸ਼ਟ ਵਿਅਕਤੀ ਦੇ ਇਕ ਰਾਜਨੀਤਿਕ ਅਤੇ ਸੁਤੰਤਰ ਸਮਾਜ। ਆਸਟਿਨ ਅੱਗੇ ਚੱਲ ਕੇ ਆਖਦਾ ਹੈ ਕਿ 'ਨਿਸ਼ਚਿਤ ਸ੍ਰੇਸ਼ਟ ਵਿਅਕਤੀ ਲਈ ਸਮਾਜ ਦੇ ਬਾਕੀ ਬੰਦੇ ਪਰਜਾ ਹਨ, ਜਾਂ ਉਹ ਸਾਰੇ ਉਸ ਦੇ ਆਸ਼ਰਿਤ (Dependent) ਹਨ। ਉਸ ਸ੍ਰੇਸ਼ਟ ਵਿਅਕਤੀ ਸਾਹਮਣੇ ਉਸ ਸਮਾਜ ਦੇ ਹੋਰ ਬੰਦਿਆਂ ਦੀ ਸਥਿਤੀ ਅਧੀਨਤਾ ਵਾਲੀ ਹੁੰਦੀ ਹੈ। ਅਤੇ ਉਸ ਸ੍ਰੇਸ਼ਟ ਵਿਅਕਤੀ ਤੇ ਸਮਾਜ ਦੇ ਹੋਰ ਬੰਦਿਆਂ ਵਿਚਾਲੇ ਜੋ ਆਪਸੀ ਸੰਬੰਧ ਹੁੰਦੇ ਹਨ, ਉਹ ਰਾਜਾ ਤੇ ਪਰਜਾ ਵਾਲੇ ਜਾਂ ਪ੍ਰਭੂਸੱਤਾ ਅਤੇ ਅਧੀਨਤਾ ਦੇ ਸੰਬੰਧ ਆਖੇ ਜਾ ਸਕਦੇ ਹਨ।

### 2.5.3 ਸਿਧਾਂਤ ਦਾ ਵਿਸ਼ਲੇਸ਼ਣ (Analysis of the Theory)

ਜੇ ਆਸਟਿਨ ਦੇ ਸਿਧਾਂਤ ਦਾ ਵਿਸ਼ਲੇਸ਼ਣ ਕਰਕੇ ਵੇਖਿਆ ਜਾਵੇ ਤਾਂ ਕੁਝ ਸਿੱਟੇ ਸਾਹਮਣੇ ਆਉਂਦੇ ਹਨ ਜੋ ਇਸ ਪ੍ਰਕਾਰ ਹਨ :

**2.5.3.1. ਪ੍ਰਭੂਸੱਤਾਧਾਰੀ ਕੋਈ ਨਿਸ਼ਚਿਤ ਵਿਅਕਤੀ ਹੁੰਦਾ ਹੈ। (The Sovereign is a determinate human superior) :** ਹਰੇਕ ਰਾਜ ਵਿਚ ਪ੍ਰਭੂ ਇਕ ਨਿਸ਼ਚਿਤ ਵਿਅਕਤੀ ਜਾਂ ਸੰਸਥਾ ਹੋਣਾ ਚਾਹੀਦਾ ਹੈ। ਇਸ ਲਈ ਸਰਵ-ਵਿਆਪਕ ਇੱਛਾ (General Will) ਜਾਂ ਸਾਰੇ ਲੋਕਾਂ ਦਾ ਸਮੂਹ ਪ੍ਰਭੂਸੱਤਾਧਾਰੀ ਨਹੀਂ ਬਣ ਸਕਦਾ ਅਤੇ ਨਾ ਹੀ ਪ੍ਰਭੂਸੱਤਾ ਦਾ ਨਿਵਾਸ ਮਤਦਾਤਿਆਂ (Electorate) ਜਾਂ ਲੋਕ ਮਤ (Public opinion) ਵਿਚ ਹੋ ਸਕਦਾ ਹੈ। ਪ੍ਰਭੂ ਦਾ 'ਮਨੁੱਖ' (Human) ਹੋਣਾ ਜ਼ਰੂਰੀ ਹੈ, ਅਰਥਾਤ ਪ੍ਰਭੂਸੱਤਾ ਦਾ ਨਿਵਾਸ ਨਾ ਤਾਂ ਈਸ਼ਵਰ ਵਿਚ ਅਤੇ ਨਾ ਹੀ ਦੇਵਤਿਆਂ ਵਿਚ ਹੁੰਦਾ ਹੈ ਅਤੇ ਨਾ ਈਸ਼ਵਰ ਜਾਂ ਦੇਵ ਨਿਯਮ (Divine Law) ਦਾ ਪ੍ਰਭੂਸੱਤਾ ਨਾਲ ਕਿਸੇ ਤਰ੍ਹਾਂ ਦਾ ਕੋਈ ਸੰਬੰਧ ਹੈ। ਪ੍ਰਭੂਸੱਤਾ ਦਾ ਸੰਬੰਧ ਮਨੁੱਖਾਂ ਨਾਲ ਹੈ ਅਤੇ ਹਰੇਕ ਰਾਜ ਵਿਚ ਇਕ ਨਿਸ਼ਚਿਤ ਸ੍ਰੇਸ਼ਟ ਵਿਅਕਤੀ ਹੋਣਾ ਚਾਹੀਦਾ ਹੈ ਜੋ ਆਦੇਸ਼ ਰਾਹੀਂ ਕਾਨੂੰਨ ਦੀ ਸਿਰਜਣਾ ਕਰ ਸਕੇ। ਇਸ ਲਈ ਮਨੁੱਖੀ ਕਾਨੂੰਨ (Human Law) ਰਾਜ ਦੇ ਕਾਰਜ ਦਾ ਉਚਿਤ ਵਿਸ਼ਾ ਹਨ।

**2.5.3.2. ਪ੍ਰਭੂ ਰਾਜ ਵਿਚ ਗਰੂਤਾ ਦਾ ਕੇਂਦਰ ਹੁੰਦਾ ਹੈ (The Sovereign is the Centre of Gravity in a State) :** ਹਰ ਰਾਜਨੀਤਿਕ ਤੇ ਸੁਤੰਤਰ ਸਮਾਜ ਵਿਚ ਕੋਈ ਅਜਿਹਾ ਵਿਅਕਤੀ ਜਾਂ ਵਿਅਕਤੀ ਸਮੂਹ ਜ਼ਰੂਰ ਹੁੰਦਾ ਹੈ ਜੋ ਅਮਲੀ ਰੂਪ ਵਿਚ ਪ੍ਰਭੂਸੱਤਾ ਦੀ ਵਰਤੋਂ ਕਰਦਾ ਹੈ। ਹਰ ਰਾਜਸੀ ਸਮਾਜ ਵਿਚ ਪ੍ਰਭੂਸੱਤਾ ਦਾ ਹੋਣਾ ਉਨਾ ਹੀ ਜ਼ਰੂਰੀ ਹੈ ਜਿੰਨਾ ਕਿ ਕਿਸੇ ਮਾਦੇ ਦੇ ਢੇਰ ਲਈ ਗਰੂਤਾ ਕੇਂਦਰ ਦਾ ਹੋਣਾ ਜ਼ਰੂਰੀ ਹੈ, ਕਿਉਂਕਿ ਇਸ ਕੇਂਦਰ ਦੀ ਅਣਹੋਂਦ ਵਿਚ ਜੱਥੇਬੰਦ ਰਾਜਨੀਤਿਕ ਸਮਾਜ ਦੀ ਸਥਾਪਨਾ ਸੰਭਵ ਨਹੀਂ।

**2.5.3.3. ਪ੍ਰਭੂ ਨਿਰੰਕੁਸ਼ ਅਤੇ ਅਸੀਮ ਸ਼ਕਤੀ ਦਾ ਸੁਆਮੀ ਹੁੰਦਾ ਹੈ (The Sovereign exercises absolute and unlimited powers) :**

ਪ੍ਰਭੂ ਆਪਣੇ ਤੌਰ ਤੇ ਨਿਰੰਕੁਸ਼ ਤੇ ਅਸੀਮਿਤ ਕਾਨੂੰਨੀ ਸ਼ਕਤੀ ਦਾ ਸੁਆਮੀ ਹੁੰਦਾ ਹੈ। ਉਹ ਕਿਸੇ ਹੋਰ ਉਚੇਰੀ ਸ਼ਕਤੀ ਦੀ ਆਗਿਆ ਦਾ ਪਾਲਣ ਨਹੀਂ ਕਰਦਾ ਅਤੇ ਨਾ ਹੀ ਆਪਣੇ ਵਰਗੇ ਕਿਸੇ ਹੋਰ ਸ੍ਰੇਸ਼ਟ ਵਿਅਕਤੀ ਦੇ ਆਦੇਸ਼ ਮੰਨਦਾ ਹੈ। ਉਹ ਕਿਸੇ ਤਰ੍ਹਾਂ ਦੇ ਪ੍ਰਤੱਖ ਜਾਂ ਅਪ੍ਰਤੱਖ (Direct or Indirect) ਨਿਯੰਤਰਣ ਦੇ ਅਧੀਨ ਨਹੀਂ ਹੁੰਦਾ, ਉਸਦੀ ਇੱਛਾ ਸਾਰੇ ਵਿਅਕਤੀ ਜਾਂ ਵਿਅਕਤੀ ਸੰਸਥਾਵਾਂ ਨਾਲੋਂ ਸਰਬ

ਸ੍ਰੇਸ਼ਟ ਹੁੰਦੀ ਹੈ।

**2.5.3.4. ਪ੍ਰਭੂਸੱਤਾ ਅਖੰਡ ਹੁੰਦੀ ਹੈ (Sovereignty is indivisible) :** ਪ੍ਰਭੂਸੱਤਾ ਇਕ ਸੰਪੂਰਨ ਇਕਾਈ ਹੁੰਦੀ ਹੈ। ਇਹ ਦੋ ਜਾਂ ਦੋ ਤੋਂ ਵੱਧ ਵਿਅਕਤੀ ਸਮੂਹਾਂ ਵਿਚ, ਜੋ ਵੱਖ-ਵੱਖ ਤੌਰ ਤੇ ਕਾਰਜ ਕਰਦੇ ਹੋਣ, ਵੰਡੀ ਨਹੀਂ ਜਾ ਸਕਦੀ। ਇਸਨੂੰ ਵੰਡਣ ਨਾਲ ਇਹ ਨਸ਼ਟ ਹੋ ਜਾਂਦੀ ਹੈ।

**2.5.3.5. ਪ੍ਰਭੂ ਦੀ ਆਗਿਆ ਹੀ ਕਾਨੂੰਨ ਹੈ (Law is Command of the Sovereign)**

ਆਸਟਿਨ ਸਦਾਚਾਰ, ਧਰਮ ਜਾਂ ਲੋਕ-ਆਦਤਾਂ ਨੂੰ ਹੀ ਕਾਨੂੰਨ ਦਾ ਸੋਮਾ ਨਹੀਂ ਮੰਨਦਾ, ਉਸ ਅਨੁਸਾਰ ਪ੍ਰਭੂ ਦੀ ਇੱਛਾ ਹੀ ਕਾਨੂੰਨ ਹੈ। ਆਦੇਸ਼ ਕਾਨੂੰਨ ਦਾ ਸਾਰ ਹੈ। ਕਾਨੂੰਨ ਨਿਸ਼ਚਿਤ ਕਰਦਾ ਹੈ ਕਿਹੜੀਆਂ ਗੱਲਾਂ ਕਰਨੀਆਂ ਹਨ ਅਤੇ ਕਿਹੜੀਆਂ ਨਹੀਂ ਕਰਨੀਆਂ ਹਨ। ਜੇ ਪ੍ਰਭੂ ਦੇ ਆਦੇਸ਼ ਕਾਨੂੰਨ ਵਾਂਗ ਨਹੀਂ ਮੰਨੇ ਜਾਂਦੇ ਤਾਂ ਇਕ ਦੰਡ ਯੋਗ ਅਪਰਾਧ ਹੁੰਦਾ ਹੈ। ਆਸਟਿਨ ਅਨੁਸਾਰ ਕਾਨੂੰਨ ਦੀ ਪਾਲਣਾ ਦਾ ਇਹੋ ਆਧਾਰ ਹੈ।

**2.5.3.6. ਜਨਤਾ ਦਾ ਇਕ ਵੱਡਾ ਭਾਗ ਸੁਭਾਵਿਕ ਹੀ ਪ੍ਰਭੂ ਦੀ ਆਗਿਆ ਦਾ ਪਾਲਣ ਕਰਦਾ ਹੈ (The Sovereign receives habitual obedience from the bulk of the society) :**

ਪ੍ਰਭੂ ਦੀ ਆਗਿਆ ਦਾ ਪਾਲਣ ਰਾਜ ਦੀ ਜਨਤਾ ਦਾ ਵਡੇਰਾ ਭਾਗ ਸੁਭਾਵਿਕ ਹੀ ਕਰਦਾ ਹੈ। ਜਨਤਾ ਵਲੋਂ ਆਗਿਆ ਦਾ ਪਾਲਣ ਆਦਤ ਵਜੋਂ ਹੀ ਹੋਣਾ ਚਾਹੀਦਾ ਹੈ, ਨਾ ਕਿ ਕਦੇ-ਕਦਾਈ। ਇਸ ਦਾ ਅਰਥ ਇਹ ਹੋਇਆ ਕਿ ਜੇਕਰ ਥੋੜ੍ਹੇ ਜਿਹੇ ਲੋਕ ਪ੍ਰਭੂ ਦੇ ਆਦੇਸ਼ ਦਾ ਵਿਰੋਧ ਵੀ ਕਰਨ ਤਾਂ ਪ੍ਰਭੂਸੱਤਾ ਨਸ਼ਟ ਨਹੀਂ ਹੁੰਦੀ, ਪਰ ਇਸ ਦੇ ਨਾਲ ਹੀ ਜੇ ਥੋੜ੍ਹੇ ਸਮੇਂ ਲਈ ਕਿਸੇ ਦੀ ਆਗਿਆ ਦਾ ਪਾਲਣ ਕੀਤਾ ਜਾਵੇ ਤਾਂ ਉਹ ਪ੍ਰਭੂ ਨਹੀਂ ਬਣ ਜਾਂਦਾ। ਸਮਾਜ ਦੇ ਬਹੁ-ਗਿਣਤੀ ਭਾਗ ਨੂੰ (ਜ਼ਰੂਰੀ ਨਹੀਂ ਕਿ ਸਾਰੇ ਦਾ ਸਾਰਾ ਸਮਾਜ) ਪ੍ਰਭੂ ਦੀ ਅਧੀਨਤਾ ਸਥਾਈ ਤੌਰ ਤੇ ਸਵੀਕਾਰ ਕਰਨੀ ਚਾਹੀਦੀ ਹੈ ਅਤੇ ਪ੍ਰਭੂ ਦੀ ਆਗਿਆ ਦਾ ਪਾਲਣ ਬਕਾਇਦਾ ਇਕ ਸਾਰ, ਨਿਰੰਤਰ, ਨਿਰਵਿਘਨ ਤੇ ਅਰੋਕ ਹੋਣਾ ਚਾਹੀਦਾ ਹੈ।

ਇੰਜ ਆਸਟਿਨ ਦੇ ਪ੍ਰਭੂਸੱਤਾ ਦੇ ਸਿਧਾਂਤ ਦੇ ਵਿਸ਼ਲੇਸ਼ਣ ਤੋਂ ਇਹ ਸਪੱਸ਼ਟ ਹੈ ਕਿ ਸਰਬ-ਸ੍ਰੇਸ਼ਟ ਸ਼ਕਤੀ ਜਾਂ ਪ੍ਰਭੂਸੱਤਾ ਨਿਸ਼ਚਿਤ, ਨਿਰੰਕੁਸ਼, ਅਸੀਮ, ਅਪਰਿਵਰਤਨਸ਼ੀਲ, ਅਖੰਡ, ਸਰਬ-ਵਿਆਪਕ ਅਤੇ ਸਥਾਈ ਹੁੰਦੀ ਹੈ। ਇਹ ਕਿਸੇ ਸੀਮਾ ਜਾਂ ਆਦੇਸ਼ ਦੇ ਅਧੀਨ ਨਹੀਂ ਹੁੰਦੀ।

## ਸਵੈ ਅਭਿਆਸ ਲਈ ਪ੍ਰਸ਼ਨ

**ਨੋਟ :**

1. ਹੇਠਾਂ ਦਿੱਤੇ ਸਥਾਨ ਤੇ ਆਪਣੇ ਉੱਤਰ ਲਿਖੋ।
2. ਆਪਣੇ ਉੱਤਰਾਂ ਨੂੰ ਪਾਠ ਦੇ ਅੰਤ ਵਿਚ ਦਿੱਤੇ ਉੱਤਰਾਂ ਨਾਲ ਮਿਲਾਓ।

1. ਪ੍ਰਭੂਸੱਤਾ ਬਾਰੇ ਆਸਟਿਨ ਦੇ ਵਿਚਾਰਾਂ ਦਾ ਕੀ ਆਧਾਰ ਹੈ

.............................................................

.............................................................

.............................................................

.............................................................

2. ਆਸਟਿਨ ਦੁਆਰਾ ਦਿੱਤੀ ਗਈ ਪ੍ਰਭੂਸੱਤਾ ਦੀ ਪਰਿਭਾਸ਼ਾ ਲਿਖੋ।

.............................................................

.............................................................

.............................................................

.............................................................

3. ਖਾਲੀ ਥਾਵਾਂ ਭਰੋ :

ਪ੍ਰਭੂਸੱਤਾ ਬਾਰੇ ਆਸਟਿਨ ਦੇ ਵਿਚਾਰ ਉਸਦੀ ਪੁਸਤਕ ......... ਵਿੱਚ ਅੰਕਿਤ ਹਨ।

4. ਆਸਟਿਨ ਦੀ ਕਾਨੂੰਨੀ ਪ੍ਰਭੂਸੱਤਾ ਦੇ ਚਾਰ ਮੁੱਖ ਲੱਛਣਾਂ ਦਾ ਵਰਣਨ ਕਰੋ।

(ਸਿਰਫ ਸਿਰਲੇਖ)

1……………………………… 2…………………………………………

3……………………………… .4…………………………………………

### 2.5.4 ਆਸਟਿਨ ਦੇ ਸਿਧਾਂਤ ਦੀ ਆਲੋਚਨਾ (Criticism of Austin's Theory)

ਆਸਟਿਨ ਦੇ ਸਿਧਾਂਤ ਦੀ ਆਲੋਚਨਾ ਹੇਠ ਲਿਖੇ ਨੁਕਤਿਆਂ ਤੋਂ ਕੀਤੀ ਜਾਂਦੀ ਹੈ।

**2.5.4.1. ਇਹ ਸਿਧਾਂਤ ਰਾਜਨੀਤੀ ਪ੍ਰਭੂਸੱਤਾ ਨੂੰ ਅੱਖੋਂ ਉਹਲੇ ਕਰਦਾ ਹੈ (It ignores Political Sovereignty) :** ਆਸਟਿਨ ਨੇ ਪ੍ਰਭੂਸੱਤਾ ਦੇ ਸਿਧਾਂਤ ਨੂੰ ਇਕ ਵਕੀਲ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ ਇਸ ਲਈ ਉਸ ਦਾ ਸਿਧਾਂਤ ਨਿਰੋਲ ਕਾਨੂੰਨੀ ਪ੍ਰਭੂਸੱਤਾ (Legal Sovereignty) ਦਾ ਸਿਧਾਂਤ ਹੈ। ਉਹ ਰਾਜਨੀਤਿਕ ਪ੍ਰਭੂਸੱਤਾ (Political Sovereignty) ਨੂੰ ਅਸਲੋਂ ਹੀ ਅੱਖੋਂ ਉਹਲੇ ਕਰ ਦਿੰਦਾ ਹੈ। ਉਸ ਦੇ ਸਿਧਾਂਤ ਦਾ ਸਭ ਤੋਂ ਵੱਡਾ ਨੁਕਸ ਇਹ ਹੈ ਕਿ ਉਹ ਪ੍ਰਭੂਸੱਤਾ ਦੇ ਕਾਨੂੰਨੀ ਪੱਖ ਉਤੇ ਬਹੁਤ ਜ਼ੋਰ ਦਿੰਦਾ ਹੈ। ਗਿਲਕਰਾਈਸਟ (Gilchrist) ਨੇ ਠੀਕ ਆਖਿਆ ਹੈ ਕਿ ਬੇਸ਼ਕ ਬਾਦਸ਼ਾਹ ਸਹਿਤ ਸੰਸਦ ਕਾਨੂੰਨੀ ਤੌਰ ਤੇ ਨਿਰੰਕੁਸ਼ ਹਨ ਪਰ ਵਾਸਤਵ ਵਿਚ ਉਨ੍ਹਾਂ ਉਤੇ ਵਿਭਿੰਨ ਪ੍ਰਭਾਵਾਂ, ਜਿਨ੍ਹਾਂ ਨੂੰ ਕਿ ਰਾਜਨੀਤਿਕ ਪ੍ਰਭੂਸੱਤਾ ਆਖਿਆ ਜਾਂਦਾ ਹੈ, ਦਾ ਨਿਯੰਤਰਣ ਹੁੰਦਾ ਹੈ। ਕਾਨੂੰਨੀ ਪ੍ਰਭੂ ਨੂੰ ਰਾਜਨੀਤਿਕ ਪ੍ਰਭੂ ਸਾਹਮਣੇ ਅਵੱਸ਼ ਝੁੱਕਣਾ ਪੈਂਦਾ ਹੈ। ਪਰੰਤੂ ਆਸਟਿਨ ਇਹ ਗੱਲ ਅਖੋਂ ਓਹਲੇ ਕਰ ਗਿਆ ਹੈ।

**2.5.4.2. ਇਹ ਸਿਧਾਂਤ ਲੋਕ ਪ੍ਰਭੂਸੱਤਾ ਦੇ ਸਿਧਾਂਤ ਦੇ ਉਲਟ ਹੈ (It is against the doctrine of Popular Sovereignty) :** ਆਸਟਿਨ ਦਾ ਪ੍ਰਭੂਸੱਤਾ ਦਾ ਸਿਧਾਂਤ, ਰੂਸੋ ਦੁਆਰਾ ਪੇਸ਼ ਕੀਤੇ ਲੋਕ-ਪ੍ਰਭੂਸੱਤਾ ਦੇ ਸਿਧਾਂਤ ਦੇ ਉਲਟ ਹੈ ਜੋ ਲੋਕਤੰਤਰ ਦੀ ਬੁਨਿਆਦ ਹੈ। ਲੋਕ ਪ੍ਰਭੂਸੱਤਾ ਦੇ ਸਿਧਾਂਤ ਅਨੁਸਾਰ ਰਾਜ ਦੀ ਉੱਚਤਮ ਸੱਤਾ ਮੌਲਿਕ ਰੂਪ ਵਿਚ ਰਾਜ ਦੀ ਜਨਤਾ ਹੈ। ਇਸ ਲਈ ਆਸਟਿਨ ਦਾ ਸਿਧਾਂਤ, ਨਿਸ਼ਚੇ ਹੀ ਲੋਕ ਪ੍ਰਭੂਸੱਤਾ ਦੇ ਬਹੁ-ਪ੍ਰਵਾਣਿਤ ਵਿਚਾਰ ਦੇ ਉਲਟ ਹੈ।

**2.5.4.3. ਪ੍ਰਭੂ ਦੀ ਆਗਿਆ ਕਾਨੂੰਨੀ ਨਹੀਂ (Law is not the command of the Sovereign) :** ਸਰ ਹੈਨਰੀ ਮੇਨ (Sir Henry Maine) ਨੇ ਆਸਟਿਨ ਦੀ ਇਸ ਧਾਰਨਾ ਕਿ 'ਪ੍ਰਭੂ ਦੀ ਆਗਿਆ ਕਾਨੂੰਨੀ ਹੈ' ਦੀ ਬੜੀ ਸਖਤ ਆਲੋਚਨਾ ਕੀਤੀ ਹੈ। ਹੈਨਰੀ ਮੇਨ ਨੇ ਮਹਾਰਾਜਾ ਰਣਜੀਤ ਸਿੰਘ, ਜਿਸ ਵਿਚ ਕਿ ਆਸਟਿਨ ਦੇ ਕਲਪਿਤ ਕੀਤੇ ਪ੍ਰਭੂ (Sovereign) ਵਾਲੀਆਂ ਸਾਰੀਆਂ ਵਿਸ਼ੇਸ਼ਤਾਵਾਂ ਤੇ ਗੁਣ ਸਨ, ਦੀ ਉਦਾਹਰਣ ਦਿੰਦਿਆਂ ਆਖਿਆ ਕਿ 'ਰਣਜੀਤ ਸਿੰਘ ਨੇ ਆਪਣੇ ਸਾਰੇ ਜੀਵਨ ਵਿਚ ਕਦੇ ਵੀ ਕੋਈ ਅਜਿਹਾ ਆਦੇ ਸ਼ ਨਹੀਂ ਸੀ ਜਾਰੀ ਕੀਤਾ ਜਿਸ ਨੂੰ ਆਸਟਿਨ ਦੁਆਰਾ ਪ੍ਰੀਭਾਸ਼ਿਤ ਲੱਛਣਾਂ ਅਨੁਸਾਰ ਕਾਨੂੰਨ ਕਿਹਾ ਜਾ ਸਕੇ। ਉਹ ਨਿਯਮ ਜੋ ਉਸ ਦੀ ਪਰਜਾ ਦੇ ਜੀਵਨ ਨੂੰ ਵਿਨਿਯਮਿਤ ਕਰਦੇ ਸਨ, ਪ੍ਰਾਚੀਨ ਸਮਿਆਂ ਤੋਂ ਚਲਦੀਆਂ ਆ ਰਹੀਆਂ ਪ੍ਰੰਪਰਾਵਾਂ ਤੇ ਆਧਾਰਿਤ ਸਨ ਅਤੇ ਪੇਂਡੂ ਸਮਾਜ ਵਿਚ ਇਹ ਪ੍ਰੰਪਰਾਗਤ ਨਿਯਮ ਜਾਂ ਪ੍ਰੰਪਰਾਵਾਂ ਘਰੇਲੂ ਟ੍ਰਿਬਿਊਨਲਾਂ (Domestic Tribunal) ਦੁਆਰਾ ਲਾਗੂ ਕੀਤੇ ਜਾਂਦੇ ਸਨ। ਮੇਨ ਅਗੇ ਚੱਲ ਕੇ ਲਿਖਦਾ ਹੈ ਕਿ 'ਰਣਜੀਤ ਸਿੰਘ ਵਰਗਾ ਨਿਰੰਕੁਸ਼ ਰਾਜਾ ਵੀ ਕੋਈ ਅਜਿਹਾ ਆਦੇਸ਼ ਜਾਰੀ ਨਾ ਕਰ ਸਕਿਆ ਜੋ ਲੋਕਾਂ ਦੀ ਇੱਛਾ ਵਿਰੁੱਧ ਉਨ੍ਹਾਂ ਨੂੰ ਆਪਣੀਆਂ ਡੂੰਘੀਆਂ ਜੱਦੀ ਪਿਤਾ ਪੁਰਖੀ ਆਦਤਾਂ ਤੇ ਰਹੁ-ਰੀਤਾਂ ਨੂੰ ਬਦਲਣ ਲਈ ਮਜ਼ਬੂਰ ਕਰ ਸਕਦਾ। ਕੋਈ ਵੀ ਪ੍ਰਭੂਸੱਤਾਧਾਰੀ ਹਾਕਮ ਆਪਣੇ ਸਮਾਜ ਦੇ ਲੰਮੇ ਇਤਿਹਾਸ ਅਤੇ ਇਸ ਦੇ ਰਸਮਾਂ-ਰਿਵਾਜਾਂ ਤੋਂ ਬੇਧਿਆਨਾ ਨਹੀਂ ਹੋ ਸਕਦਾ ਭਾਵੇਂ ਉਹ ਅਥਾਹ ਅਤੇ ਅਸੀਮ ਸ਼ਕਤੀ ਦਾ ਮਾਲਕ ਹੋਵੇ। ਇਸ ਸ਼ਕਤੀ ਨੂੰ ਵਰਤਣ ਲਗਿਆ ਉਸ ਨੂੰ ਸਮਾਜ ਦੀਆਂ ਰਸਮਾਂ ਵੱਲ ਵੇਖਣਾ ਪੈਂਦਾ ਹੈ ਅਤੇ ਇਨ੍ਹਾਂ ਦੀ ਉਲੰਘਣਾ ਕਰਨ ਤੋਂ ਉਹ ਸਦਾ ਸੰਕੋਚ ਕਰਦਾ ਹੈ।'

ਵਾਸਤਵ ਵਿਚ, ਅਨੇਕਾ ਨੈਤਿਕ ਪ੍ਰਭਾਵ (Moral Influences) ਅਜਿਹੇ ਹਨ ਜੋ 'ਨਿਰੰਤਰ ਅਤੇ ਲਗਾਤਾਰ' ਪ੍ਰਭੂ ਨੂੰ ਉਸਦੀਆਂ ਸ਼ਕਤੀਆਂ ਦੀ ਵਾਸਤਵਿਕ ਵਰਤੋਂ ਤੋਂ ਵਰਜਦੇ ਹਨ, ਜਾਂ ਉਨ੍ਹਾਂ ਸ਼ਕਤੀਆਂ ਨੂੰ ਸੀਮਤ ਅਤੇ ਵਿਸ਼ੇਸ਼ ਰੂਪ ਵਿਚ ਰੱਖਦੇ ਹਨ।

**ਕਲਾਰਕ** (Clark)**,** **ਸਿਜਵਿਕ** (Sidgwick)**,** **ਟੀ.ਐਚ.ਗ੍ਰੀਨ** (T.H.Green) **ਚਾਰਲਸ ਮੇਰੀਅਮ** (Charles Marriam) **ਵਿਲੋਬੀ** ਤੇ ਹੋਰ ਬਹੁਤ ਸਾਰੇ ਰਾਜਨੀਤਿਕ ਚਿੰਤਕਾਂ ਨੇ ਆਸਟਿਨ ਦੇ ਇਸ ਵਿਚਾਰ ਦਾ ਵਿਰੋਧ ਤੇ ਖੰਡਨ ਕੀਤਾ ਹੈ ਕਿ 'ਪ੍ਰਭੂ ਦਾ ਆਦੇਸ਼ ਕਾਨੂੰਨ ਹੈ' ਆਸਟਿਨ ਦਾ ਸਿਧਾਂਤ ਕਾਨੂੰਨ ਦੇ ਕੇਵਲ ਇੱਕ ਪੱਖ ਤੇ ਹੀ ਬਹੁਤ ਜਿਆਦਾ ਜ਼ੋਰ ਦਿੰਦਾ ਹੈ ਅਤੇ ਦੂਸਰੇ ਪੱਖਾਂ ਨੂੰ ਨਜ਼ਰ ਅੰਦਾਜ਼ ਕਰ ਦਿੰਦਾ ਹੈ। ਮੈਕਾਈਵਰ (MacIver) ਨੇ ਠੀਕ ਹੀ ਆਖਿਆ ਕਿ 'ਰਾਜ ਵਿਚ ਰੀਤੀ-ਰਿਵਾਜ (Custom) ਬਣਾਉਣ ਦੀ ਸ਼ਕਤੀ ਘੱਟ ਹੀ ਹੁੰਦੀ ਹੈ ਪਰ ਬਣੇ ਹੋਏ ਰੀਤੀ ਰਿਵਾਜਾਂ ਨੂੰ ਨਸ਼ਟ ਕਰਨ ਦੀ ਸ਼ਕਤੀ ਉਸ ਤੋਂ ਵੀ ਘੱਟ ਹੁੰਦੀ ਹੈ, ਪਰ ਰਾਜ ਅਪ੍ਰੱਤਖ ਤੇ ਅਸਿੱਧੇ ਤੌਰ ਤੇ ਉਨ੍ਹਾਂ ਰੀਤੀ ਰਿਵਾਜਾਂ ਨੂੰ ਪ੍ਰਭਾਵਿਤ ਜ਼ਰੂਰ ਕਰ ਸਕਦਾ ਹੈ। ਸਮਾਜ-ਵਿਗਿਆਨੀਆਂ ਦਾ ਇਹ ਵਿਚਾਰ ਹੈ ਕਿ ਲੋਕ ਕਾਨੂੰਨ ਦੀ ਪਾਲਣਾ ਪ੍ਰਭੂ ਦਾ ਆਦੇਸ਼ ਹੋਣ ਦੇ ਨਾਤੇ ਨਹੀਂ ਕਰਦੇ ਸਗੋਂ ਇਸ ਲਈ ਕਰਦੇ ਹਨ ਕਿ ਅਜਿਹਾ ਕਰਨਾ ਸਮਾਜਿਕ ਸੰਗਠਨ ਲਈ ਜ਼ਰੂਰੀ ਹੈ। ਲਾਸਕੀ ਦਾ ਵਿਚਾਰ ਹੈ ਕਿ 'ਵਿਅਕਤੀ ਦੀ ਅੰਤਰ ਭਾਵਨਾ (Conscience) ਅਨੁਸਾਰ ਵੀ ਕਾਨੂੰਨ ਰਾਜ ਦੀ ਰਚਨਾ ਨਹੀਂ ਹੁੰਦੇ, ਸਗੋਂ ਇਸ ਦੇ ਉਲਟ ਰਾਜ ਕਾਨੂੰਨ ਦੀ ਰਚਨਾ ਹੈ। ਕਾਨੂੰਨ ਕੇਵਲ ਸਮਾਜਿਕ ਲੋੜਾਂ ਦਾ ਪ੍ਰਗਟਾ ਅਤੇ ਪ੍ਰਤੀਕ ਹੁੰਦੇ ਹਨ।

ਵਾਸਤਵ ਵਿਚ ਨਿਰੀ ਪੂਰੀ ਸ਼ਕਤੀ ਹੀ ਕਾਨੂੰਨਾਂ ਦਾ ਆਧਾਰ ਨਹੀਂ ਹੁੰਦੀ, ਸਗੋਂ ਕਾਨੂੰਨ ਲੋਕਾਂ ਦੀ ਆਪਣੀ ਇੱਛਾ (Will of People) ਤੇ ਆਧਾਰਿਤ ਹੁੰਦੇ ਹਨ। ਜਿਹੜੇ ਕਾਨੂੰਨ ਨਿਰੇ ਪੁਰੇ ਸ਼ਕਤੀ ਤੇ ਆਧਾਰਿਤ ਹੁੰਦੇ ਹਨ, ਉਨ੍ਹਾਂ ਦੇ ਵਿਚ ਜਨਤਾ ਵਿਚ ਰੋਸ ਤੇ ਵਿਦਰੋਹ ਜਾਗ ਪੈਂਦਾ ਹੈ ਅਤੇ ਉਹ ਜ਼ਿਆਦਾ ਸਮੇਂ ਲਈ ਲਾਗੂ ਨਹੀਂ ਕੀਤੇ ਜਾ ਸਕਦੇ।

**2.5.4.4. ਪ੍ਰਭੂਸੱਤਾ ਅਖੰਡ ਨਹੀਂ (Sovereignty is not Indivisible) :** ਬਹੁਵਾਦੀਆਂ (Pluralists) ਦਾ ਵਿਚਾਰ ਹੈ ਕਿ ਪ੍ਰਭੂਸੱਤਾ ਵੰਡੀ ਜਾ ਸਕਦੀ ਹੈ। ਉਨ੍ਹਾਂ ਦੇ ਕਥਨ ਅਨੁਸਾਰ, ਪ੍ਰਭੂਸੱਤਾ ਇਕ ਸਰਬ-ਸ਼ਕਤੀਮਾਨ (Omnipotent) ਰਾਜ ਵਿਚ ਹੀ ਨਿਵਾਸ ਨਹੀਂ ਕਰਦੀ, ਸਗੋਂ ਸਮੂਹਾਂ (Groups), ਸੰਸਥਾਵਾਂ (Associations) ਵਿਚ ਵੀ ਨਿਵਾਸ ਕਰਦੀ ਹੈ ਜੋ ਆਪਣੇ ਉਦੇਸ਼ਾਂ ਲਈ ਓਨੀ ਹੀ ਪ੍ਰਭੂਸੱਤਾ ਰੱਖਦੀਆਂ ਹਨ ਜਿੰਨੀ ਕਿ ਰਾਜ ਆਪਣੇ ਉਦੇਸ਼ਾਂ ਲਈ। ਇਸ ਲਈ ਪ੍ਰਭੂਸੱਤਾ ਨਾ ਹੀ ਇਕ ਇਕਾਈ ਹੈ ਅਤੇ ਨਾ ਹੀ ਨਿਰੰਕੁਸ਼। ਪ੍ਰਭੂਸੱਤਾ ਰਾਜ ਦੇ ਅੰਦਰ ਅਤੇ ਬਾਹਰ ਹਰ ਪਾਸੇ ਵਿਸਰਜਿਤ ਤੇ ਸੀਮਿਤ ਹੈ। ਅੰਦਰੂਨੀ ਤੌਰ ਤੇ ਇਹ ਸਮੂਹਾਂ ਤੇ ਸੰਸਥਾਵਾਂ ਵਿਚ ਵੰਡੀ ਹੋਈ ਹੋਦ ਕਰਕੇ ਸੀਮਿਤ ਹੁੰਦੀ ਹੈ ਅਤੇ ਬਾਹਰੀ ਤੌਰ ਤੇ ਇਹ ਅੰਤਰ ਰਾਸ਼ਟਰੀ ਕਾਨੂੰਨ ਦੁਆਰਾ ਸੀਮਿਤ ਹੁੰਦੀ ਹੈ। ਇਸ ਲਈ ਬਹੁਵਾਦੀ (Pluralists) ਪ੍ਰਭੂਸੱਤਾ ਨੂੰ ਇਕ ਕਾਨੂੰਨੀ ਕਾਲਪਨਿਕ ਵਸਤੂ ਹੀ ਸਮਝਦੇ ਹਨ ਅਤੇ ਇਕ ਸੁਤੰਤਰ ਪ੍ਰਭੂਸੱਤਾਧਾਰੀ ਰਾਜ (An Independent Sovereign state) ਦੀ ਕਲਪਨਾ ਨੂੰ ਇਕ ਖਤਰਨਾਕ ਹੱਠ ਮੱਤ (Dogma) ਮੰਨਦੇ ਹਨ। ਇਹ ਵਿਚਾਰ ਅੰਤਰ-ਰਾਸ਼ਟਰੀ, ਅਮਨ, ਸ਼ਾਂਤੀ ਤੇ ਮਾਨਵਤਾ ਦੀ ਭਲਾਈ ਲਈ ਮਾਰੂ ਹੈ। **ਲਾਸਕੀ** (Laski) ਨੇ ਠੀਕ ਆਖਿਆ ਹੈ, ''ਪ੍ਰਭੂਸੱਤਾ ਦੇ ਕਾਨੂੰਨੀ ਸਿਧਾਂਤ (Legal Theory of Sovereignty) ਨੂੰ ਰਾਜਸੀ ਦਰਸ਼ਨ ਲਈ ਜਾਇਜ਼ ਸਮਝਣਾ ਅਸੰਭਵ ਹੈ। ਜੇ ਪ੍ਰਭੂਸੱਤਾ ਦੇ ਸਾਰੇ ਸਿਧਾਂਤਾਂ ਦਾ ਹੀ ਤਿਆਗ ਕਰ ਦਿੱਤਾ ਜਾਵੇ ਤਾਂ ਰਾਜਨੀਤਿਕ ਵਿਗਿਆਨ ਲਈ ਇਹ ਗੱਲ ਸਥਾਈ ਤੇ ਲਾਭਦਾਇਕ ਹੋਵੇਗੀ।

**2.5.4.5. ਸੰਘਾਤਮਕ ਰਾਜ ਵਿਚ ਪ੍ਰਭੂਸੱਤਾ ਇਕ ਨਿਸ਼ਚਿਤ ਸ੍ਰੇਸ਼ਟ ਵਿਅਕਤੀ ਵਿਚ ਨਿਵਾਸ ਨਹੀਂ ਕਰਦੀ। (Sovereignty does not reside with in a determinate human superior in a federal state) :** ਕੁਝ ਆਲੋਚਕ ਸੰਘਾਤਮਕ ਰਾਜ ਵਾਲੀ ਪ੍ਰਭੂਸੱਤਾ ਨੂੰ ਨਿਸ਼ਚਿਤ ਵਿਅਕਤੀ ਜਾਂ ਸੰਸਥਾ ਦੇ ਹੱਥ ਵਿਚ ਸੌਂਪਣ ਦੀ ਔਕੜ ਵੱਲ ਇਸ਼ਾਰਾ ਕਰਦੇ ਹਨ। ਉਹ ਇਹ ਦਲੀਲ ਦੇਂਦੇ ਹਨ ਕਿ ਸੰਘਾਤਮਕ ਰਾਜ ਵਿਚ ਪ੍ਰਭੂਸੱਤਾ ਸੰਘੀ ਵਿਧਾਨ ਮੰਡਲ (Federal legislature) ਤੇ ਸੰਘ ਦੀ ਰਚਨਾ ਕਰਨ ਵਾਲੇ ਵਿਭਿੰਨ ਰਾਜਾਂ ਦੇ ਵਿਧਾਨ ਮੰਡਲਾਂ ਵਿਚ ਵੰਡੀ ਹੁੰਦੀ ਹੈ। ਆਪਣੇ ਆਪਣੇ ਖੇਤਰਾਂ ਵਿਚ ਇਹ ਵਿਧਾਨ-ਮੰਡਲ ਸਰਬ ਸ੍ਰੇਸ਼ਟ ਹੁੰਦੇ ਹਨ। ਪ੍ਰਭੂਸੱਤਾ ਕਿਸੇ ਨਿਸ਼ਚਿਤ ਵਿਅਕਤੀ ਜਾਂ ਸੰਸਥਾ ਵਿਚ ਨਿਵਾਸ ਨਹੀਂ ਕਰਦੀ। ਪ੍ਰੰਤੂ ਪ੍ਰਭੂਤਾ ਦੇ ਸਿਧਾਂਤ ਤੇ ਸਮਰੱਥਕਾਂ ਦਾ ਨਿਸ਼ਚਾ ਹੈ ਕਿ ਸੰਘਾਤਮਕ ਰਾਜ ਵਿਚ ਸੰਵਿਧਾਨ ਹੀ ਪ੍ਰਭੂ ਹੁੰਦਾ ਹੈ ਜੋ ਚੀਜ਼

ਸੰਘ ਤੇ ਇਕਾਈਆਂ ਵਿਚ ਵੰਡੀ ਹੁੰਦੀ ਹੈ ਉਹ ਪ੍ਰਭੂਸੱਤਾ ਨਹੀਂ ਸਗੋਂ ਸਰਕਾਰ ਦੀ ਸ਼ਕਤੀ ਹੁੰਦੀ ਹੈ। ਇਸੇ ਤਰ੍ਹਾਂ ਗਿਲਕ੍ਰਾਈਸਟ (Gilchrist) ਦਾ ਵਿਚਾਰ ਹੈ ਕਿ ਚੂੰਕਿ ਸੰਘਾਤਮਕ ਰਾਜ ਇਕ ਇਕਾਈ ਹੁੰਦਾ ਹੈ, ਇਸ ਲਈ ਇਸ ਵਿਚ ਕੇਵਲ ਅਧਿਕਾਰ ਦੀ ਵਰਤੋਂ ਹੀ ਵੰਡੀ ਹੋਈ ਹੁੰਦੀ ਹੈ, ਪ੍ਰਭੂਸੱਤਾ ਨਹੀਂ। ਡਾਇਸੀ (Dicey) ਤੇ ਉਹਦੇ ਵਿਚਾਰਾਂ ਦੇ ਸਮਰਥਕ ਆਲੋਚਕਾਂ ਦਾ ਵੀ ਵਿਚਾਰ ਹੈ ਕਿ ਪ੍ਰਭੂਸੱਤਾ ਇਕ ਇਕਾਈ ਹੁੰਦੀ ਹੈ। ਕਾਨੂੰਨੀ ਤੇ ਰਾਜਨੀਤਿਕ ਪ੍ਰਭੂਸੱਤਾ ਕੇਵਲ ਉਸ ਇਕਾਈ ਦੇ ਦੋ ਪੱਖ ਹੁੰਦੇ ਹਨ। ਪਰੰਤੂ ਲਾਸਕੀ (Laski) ਦੀ ਇਹ ਰਾਏ ਹੈ ਕਿ ਪ੍ਰਭੂਸੱਤਾ ਵੰਡੀ ਜਾ ਸਕਦੀ ਹੈ, ਜਦੋਂ ਕਿ ਅਜਿਹੀ ਧਾਰਨਾ ਪ੍ਰਭੂਸੱਤਾ ਦੀ ਮੂਲ ਪਰਿਭਾਸ਼ਾ ਦੇ ਐਨ ਉਲਟ ਹੈ।

**2.5.4.6. ਪ੍ਰਭੂਸੱਤਾ ਦਾ ਨਿਵਾਸ-ਅਸਥਾਨ ਨਿਰਧਾਰਿਤ ਕਰਨਾ ਔਖਾ ਹੈ (Difficulty in locating Sovereignty) :** ਇਕ ਸੰਘਾਤਮਕ ਰਾਜ (Federal State) ਵਿਚ ਪ੍ਰਭੂਸੱਤਾ ਦਾ ਨਿਵਾਸ ਕਿਸੇ ਇਕ ਨਿਸ਼ਚਿਤ ਵਿਅਕਤੀ (Determinate) ਵਿਚ ਨਹੀਂ ਹੁੰਦਾ। ਇਸ ਲਈ ਸੰਘ (Federation) ਵਿਚ ਪ੍ਰਭੂਸੱਤਾ ਦੇ ਨਿਵਾਸ ਸਥਾਨ ਦਾ ਪਤਾ ਕਰਨਾ ਬਹੁਤ ਔਖਾ ਹੈ। ਆਸਟਿਨ ਨੇ ਆਪ ਇਹ ਵਿਚਾਰ ਦਿੱਤਾ ਹੈ ਕਿ ਇੰਗਲੈਂਡ ਵਿਚ ਪ੍ਰਭੂਸੱਤਾ ਬਾਦਸ਼ਾਹ ਸਹਿਤ ਸੰਸਦ (King in Parliament) ਵਿਚ ਨਿਵਾਸ ਕਰਦੀ ਹੈ ਪਰੰਤੂ ਜਦੋਂ ਸੰਸਦ ਭੰਗ (Dissolve) ਕਰ ਦਿੱਤੀ ਜਾਂਦੀ ਹੈ, ਤਾਂ ਪ੍ਰਭੂਸੱਤਾ ਮੁੜ ਮੱਤ ਦਾਤਿਆਂ ਦੇ ਹੱਥਾਂ ਵਿਚ ਆ ਜਾਂਦੀ ਹੈ, ਇਸ ਗੱਲ ਦਾ ਪ੍ਰਮਾਣ ਹੈ ਪ੍ਰਭੂਸੱਤਾ ਦੇ ਨਿਵਾਸ ਦਾ ਠੀਕ ਪਤਾ ਲਾਉਣਾ ਔਖਾ ਹੈ।

**2.5.4.7. ਪ੍ਰਭੂਸੱਤਾ ਰਾਜ ਵਾਸਤੇ ਜ਼ਰੂਰੀ ਨਹੀਂ (Sovereignty is not necessary for State) :** ਬਹੁਤ ਸਾਰੇ ਹੋਰ ਲੇਖਕ ਇਹ ਦਲੀਲ ਦੇਂਦੇ ਹਨ ਕਿ ਪ੍ਰਭੂਸੱਤਾ ਰਾਜਤਵ (Statehood) ਲਈ ਜ਼ਰੂਰੀ ਨਹੀਂ। ਉਨ੍ਹਾਂ ਦਾ ਇਹ ਵਿਚਾਰ ਹੈ ਕਿ ਰਾਜ ਅੰਸ਼ਿਕ ਤੌਰ ਤੇ ਪ੍ਰਭੂ ਹੋ ਸਕਦਾ ਹੈ ਅਤੇ ''ਰਾਜਤਵ ਦਾ ਟੈਸਟ ਹੈ ਸ਼ਾਸਨ ਕਰਨ ਦਾ ਅਧਿਕਾਰ (Right to Govern) ਅਤੇ ਆਦੇਸ਼ ਦੇਣ ਦੀ ਅਜਿਹੀ ਸ਼ਕਤੀ, ਜੋ ਕਿਸੇ ਹੋਰ ਸੱਤਾ ਤੋਂ ਪ੍ਰਾਪਤ ਨਾ ਹੋਵੇ।'' ਇਸ ਸਿਧਾਂਤ ਅਨੁਸਾਰ ਸਵਿਟਜ਼ਰਲੈਂਡ ਦੇ ਕੈਨਟਨ (Swiss Cantons) ਅਤੇ ਅਮਰੀਕਾ ਸੰਘ ਦੀਆਂ ਇਕਾਈਆਂ ਰਾਜ ਹਨ, ਭਾਵੇਂ ਕਿ ਉਹ ਸੰਪੂਰਨ ਤੌਰ ਤੇ ਪ੍ਰਭੂ ਨਹੀਂ ਹਨ। ਪਰ ਕਈ ਹੋਰ ਵਿਧੀਵੇਤਾ (Jurists) ਵੀ ਇਸ ਵਿਚਾਰ ਨਾਲ ਸਹਿਮਤ ਨਹੀਂ, ਕਿਉਂਕਿ ਉਹ ਪ੍ਰਭੂਸੱਤਾ ਨੂੰ ਰਾਜ ਦਾ ਇਕ ਜ਼ਰੂਰੀ ਲੱਛਣ ਸਮਝਦੇ ਹਨ।

**2.5.4.8. ਪ੍ਰਭੂਸੱਤਾ ਵਿਅਕਤੀਗਤ ਸੁਤੰਤਰਤਾ ਲਈ ਘਾਤਕ (Destructive of Individual liberty) :** ਆਸਟਿਨ ਦੇ ਸਿਧਾਂਤ ਦੀ ਇਕ ਹੋਰ ਗੱਲੋਂ ਵੀ ਸਖਤ ਆਲੋਚਨਾ ਹੋਈ ਹੈ, ਉਹ ਇਹ ਕਿ ਇਸ ਅਨੁਸਾਰ ਸੱਤਾਧਾਰੀ ਪ੍ਰਭੂ ਨਿਰੰਕੁਸ਼ ਤੇ ਅਸੀਮ ਸ਼ਕਤੀਆਂ ਦਾ ਸੁਆਮੀ ਹੁੰਦਾ ਹੈ ਅਤੇ ਜਦੋਂ ਪ੍ਰਭੂ ਪਾਸ ਨਿਰੰਕੁਸ਼ ਸ਼ਕਤੀਆਂ ਹੋਣ ਤਾਂ ਉਸਦੇ ਸਨਮੁੱਖ ਵਿਅਕਤੀ ਸੁਤੰਤਰਤਾ ਕਾਇਮ ਨਹੀਂ ਰਹਿ ਸਕਦੀ। ਇਸ ਲਈ ਲੋਕਤੰਤਰ ਦੇ ਯੁਗ ਵਿਚ ਇਸ ਸਿਧਾਂਤ ਦਾ ਅਸਵੀਕਾਰ ਹੋਣਾ ਆਵੱਸ਼ਕ ਹੈ।

ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਪ੍ਰਭੂਸੱਤਾ ਦੇ ਕਾਨੂੰਨੀ ਸਿਧਾਂਤ (Legal Theory of Sovereignty) ਨੂੰ ਰਾਜਨੀਤੀ ਦਰਸ਼ਨ ਵਜੋਂ ਪ੍ਰਮਾਣਿਕ ਨਹੀਂ ਸਮਝਿਆ ਜਾ ਸਕਦਾ ਕਿਉਂਕਿ ਇਹ ਲੋਕਤੰਤਰ, ਮਨੁੱਖੀ ਆਜ਼ਾਦੀ ਅਤੇ ਅੰਤਰ-ਰਾਸ਼ਟਰੀ ਅਮਨ ਲਈ ਮਾਰੂ ਤੇ ਘਾਤਕ ਹੈ। ਇਸ ਤੋਂ ਇਲਾਵਾ ਜਿਵੇਂ ਕਿ ਬਹੁਵਾਦੀਆਂ (Pluralists) ਦਾ ਮੱਤ ਹੈ, ਰਾਜ ਨਿਰੰਕੁਸ਼ ਅਤੇ ਅਸੀਮ ਸ਼ਕਤੀਆਂ ਦਾ ਮਾਲਕ ਨਹੀਂ ਹੁੰਦਾ। ਹੋਰ ਸੰਗਠਨ ਤੇ ਸੰਸਥਾਵਾਂ ਇਸ ਦੀਆਂ ਸ਼ਕਤੀਆਂ ਤੇ ਬੰਦਸ਼ਾਂ ਲਾਉਂਦੀਆਂ ਹਨ। ਇਹੀ ਕਾਰਣ ਹੈ ਕਿ ਪ੍ਰਭੂਸੱਤਾ ਦੇ ਸਿਧਾਂਤ ਦਾ ਮਹੱਤਵ ਸਿਰਫ ਕਾਲਪਨਿਕ ਹੈ। ਇਸ ਲਈ ਬਹੁਵਾਦੀਆਂ ਦਾ ਮੱਤ ਹੈ ਕਿ ਇਹ ਚੰਗਾ ਹੋਵੇਗਾ ਜੇ 'ਸ਼ਬਦ ਪ੍ਰਭੂਸੱਤਾ' (Sovereignty) ਨੂੰ ਰਾਜਨੀਤੀ ਵਿਗਿਆਨ ਦੇ ਸ਼ਬਦ ਕੋਸ਼ ਵਿਚੋਂ ਖਾਰਜ ਹੀ ਕਰ ਦਿੱਤਾ ਜਾਵੇ।

ਪਰ ਸਾਨੂੰ ਇਹ ਗੱਲ ਅਵੱਸ਼ ਯਾਦ ਰੱਖਣੀ ਚਾਹੀਦੀ ਹੈ ਕਿ ਕਾਨੂੰਨੀ ਦ੍ਰਿਸ਼ਟੀ ਤੋਂ ਆਸਟਿਨ ਦਾ ਸਿਧਾਂਤ ਤਰਕਪੂਰਨ ਤੇ ਨਿਆਂ ਯੁਕਤ ਹੈ। ਰਾਜ ਇਕ ਸਰਬ ਸ੍ਰੇਸ਼ਟ ਸੰਸਥਾ ਹੈ ਅਤੇ ਸਮਾਜ ਵਿਚ ਇਕ

ਸੱਤਾਧਾਰੀ ਦੀ ਲੋੜ ਹੁੰਦੀ ਹੈ ਜੋ ਕਾਨੂੰਨੀ ਤੌਰ ਤੇ ਸਰਬ ਉੱਚ ਹੋਵੇ। ਪਰ ਅਜਿਹੇ ਸੱਤਾਧਾਰੀ ਦਾ ਨੈਤਿਕਤਾ, ਧਰਮ, ਰੀਤੀ ਰਿਵਾਜ, ਲੋਕ-ਮਤ ਤੇ ਅੰਤਰ-ਰਾਸ਼ਟਰੀ ਸੰਧੀਆਂ ਵਲੋਂ ਅਵੇਸਲਾ ਨਹੀਂ ਹੋਣਾ ਚਾਹੀਦਾ।

**ਸਵੈ ਅਭਿਆਸ ਲਈ-I**

ਨੋਟ :

1. ਹੇਠਾਂ ਦਿੱਤੇ ਸਥਾਨ ਤੇ ਆਪਣੇ ਉੱਤਰ ਲਿਖੋ।
2. ਆਪਣੇ ਉੱਤਰ ਨੂੰ ਪਾਠ ਦੇ ਅੰਤ ਵਿਚ ਦਿੱਤੇ ਉੱਤਰਾਂ ਨਾਲ ਮਿਲਾਓ।

1. ਹੇਠ ਲਿਖਿਆਂ ਵਿਚੋਂ ਠੀਕ ਤੇ ਗਲਤ ਉਤਰ ਚੁਣੋ :
   1. ਆਸਟਿਨ ਦਾ ਪ੍ਰਭੂਸੱਤਾ ਦਾ ਸਿਧਾਂਤ ਜਨਤਕ ਤੇ ਰਾਜਨੀਤਿਕ ਪ੍ਰਭੂਸੱਤਾ ਨੂੰ ਅੱਖੋਂ ਓਹਲੇ ਕਰਦਾ ਹੈ।
   2. ਆਸਟਿਨ ਅਨੁਸਾਰ ਕਾਨੂੰਨ ਪ੍ਰਭੂ ਦਾ ਆਦੇਸ਼ ਨਹੀਂ।
   3. ਕਾਨੂੰਨੀ ਦ੍ਰਿਸ਼ਟੀ ਤੋਂ ਆਸਟਿਨ ਦਾ ਪ੍ਰਭੂਸੱਤਾ ਦਾ ਸਿਧਾਂਤ ਤਰਕ ਪੂਰਣ ਅਤੇ ਨਿਆਂ ਯੁਕਤ ਹੈ।
   4. ਆਲੋਚਕਾਂ ਦਾ ਮੱਤ ਹੈ ਕਿ ਆਸਟਿਨ ਦਾ ਪ੍ਰਭੂਸੱਤਾ ਦਾ ਸਿਧਾਂਤ ਰਾਜ ਦੇ ਨਿਰੰਕੁਸ਼ਵਾਦ ਨੂੰ ਜਨਮ ਦਿੰਦਾ ਹੈ।
2. ਹੇਠਾਂ ਲਿਖੇ ਪ੍ਰਸੰਗ ਧਿਆਨ ਨਾਲ ਪੜ੍ਹਕੇ ਖਾਲੀ ਸਥਾਨ ਭਰੋ :
   1. ਸ਼ਕਤੀ ਨਹੀਂ ਸਗੋਂ .................ਕਾਨੂੰਨ ਦਾ ਆਧਾਰ ਹੈ।
   2. ਕਾਨੂੰਨ ਪ੍ਰਭੂ ਦਾ ਆਦੇਸ਼ ਹੈ। ਆਸਟਿਨ ਦੀ ਇਸ ਧਾਰਨਾ ਦੀ ਕਰੜੀ ਆਲੋਚਨਾ .......ਦੁਆਰਾ ਕੀਤੀ ਹੈ।
   3. HHHHHHHHHHHHHHHh B[ ko g{ Zk nyz (Indivisible) ਨਹੀਂ ਹੈ।
   4. ਆਸਟਿਨ ਦੇ ਪ੍ਰਭੂਸੱਤਾ ਦੇ ਸਿਧਾਂਤ ਨੂੰ ਪ੍ਰਭੂਸੱਤਾ ਦਾ ................ਸਿਧਾਂਤ ਵੀ ਕਹਿੰਦੇ ਹਨ।
   5. ਪ੍ਰਭੂਸੱਤਾ ਦੇ ਏਕਤਾਵਾਦੀ ਸਿਧਾਂਤ ਦੇ ਕੁੱਝ ਮੁੱਖ ਸਮਰਥਕ ਹਨ............................ਅਤੇ .....................................

## ਬਹੁਵਾਦ ਜਾਂ ਪ੍ਰਭੂਸੱਤਾ ਦਾ ਬਹੁਵਾਦੀ ਸਿਧਾਂਤ

## (Pluralism or Pluralistic Theory of Sovereignty)

### 2.5.5 ਬਹੁਵਾਦ ਦਾ ਅਰਥ (Meaning of Pluralism)

ਬਹੁਵਾਦ, ਪ੍ਰਭੂਸੱਤਾ ਦੇ ਇਕਵਾਦੀ ਸਿਧਾਂਤ (Monistic Theory of Sovereignty) ਜਿਸ ਦਾ ਸਮਰਥਨ ਬੋਦਿਨ (Bodin), ਗਰੋਸ਼ੀਅਸ (Grotius), ਹਾਬਜ਼ (Hobbes) ਤੇ ਆਸਟਿਨ (Austin) ਆਦਿ ਵਰਗੇ ਰਾਜਨੀਤਿਕ ਦਰਸ਼ਨ ਵਿਗਿਆਨੀਆਂ ਨੇ ਕੀਤਾ ਸੀ, ਅਤੇ ਜਿਸਦੀ ਚਰਚਾ ਅਸੀਂ ਹੁਣੇ ਉਪਰ ਕੀਤੀ ਹੈ, ਦੇ ਪ੍ਰਤੀਕਰਮ ਵਜੋਂ ਹੋਂਦ ਵਿਚ ਆਇਆ। ਸੋ ਇਹ ਸਿਧਾਂਤ ਰਾਜ ਦੇ ਨਿਰੰਕੁਸ਼ਵਾਦ (Absolutism) ਵਿਰੁਧ ਇਕ ਪ੍ਰਤੀਕਰਮ ਹੈ। ਪ੍ਰਭੂਸੱਤਾ ਦਾ ਇਕਵਾਦੀ ਸਿਧਾਂਤ ਰਾਜ ਨੂੰ ਅਸੀਮ, ਇਕਮਾਤਰ ਤੇ ਅਥਾਹ ਪ੍ਰਭੂਸੱਤਾ ਪ੍ਰਦਾਨ ਕਰਦਾ ਹੈ। ਪ੍ਰਭੂਸੱਤਾ ਦਾ ਬਹੁਵਾਦੀ ਸਿਧਾਂਤ ਸਰਬ ਸ਼ਕਤੀਮਾਨ ਰਾਜ ਦੀ ਆਲੋਚਨਾ ਤੇ ਨਿਖੇਧੀ ਕਰਦਾ ਹੈ ਇਸ ਨੂੰ ਇਸ ਸਤਿਕਾਰ ਯੋਗ ਸਥਾਨ ਤੋਂ ਥੱਲੇ ਖਿੱਚ ਕੇ ਸੇਵਕ ਦੇ ਸਥਾਨ ਤੱਕ ਲੈ ਆਉਂਦਾ ਹੈ। ਬਹੁਵਾਦੀਆਂ ਦਾ ਮਤ ਹੈ ਕਿ ਰਾਜ, ਸਮਾਜ ਦੀਆਂ ਹੋਰ ਜ਼ਰੂਰੀ ਸੰਸਥਾਵਾਂ ਨਾਲੋਂ ਸ੍ਰੇਸ਼ਟ ਨਹੀਂ। ਇਨ੍ਹਾਂ ਵਿਚੋਂ ਕਈ ਸੰਸਥਾਵਾਂ ਰਾਜ ਨਾਲੋਂ ਵੀ ਪੁਰਾਣੀਆਂ ਹਨ। ਇਹ ਸੰਸਥਾਵਾਂ ਚਾਹੇ ਧਾਰਮਿਕ ਹੋਣ ਜਾਂ ਆਰਥਿਕ, ਤੇ ਸਮਾਜਿਕ ਹੋਣ ਜਾਂ ਰਾਜਨੀਤਿਕ, ਰਾਜ ਦੀ ਰਚਨਾ ਨਹੀਂ ਹੁੰਦੀਆਂ। ਉਹ ਆਪ ਮੁਹਾਰੀਆਂ ਹੀ ਪੈਦਾ ਹੁੰਦੀਆਂ ਤੇ ਵਿਕਾਸ ਕਰਦੀਆਂ ਹਨ ਅਤੇ ਉਨ੍ਹਾਂ ਦਾ ਕਾਰਜਾਂ ਤੇ ਸ਼ਕਤੀਆਂ ਦਾ ਸੋਮਾ ਰਾਜ ਨਹੀਂ ਹੁੰਦਾ। ਇਸ ਲਈ ਇਹ ਰਾਜ ਦੀਆਂ ਸਹਿਸੱਤਾਧਾਰੀ (Co-Sovereign) ਹੁੰਦੀਆਂ ਹਨ। ਬਹੁਵਾਦੀ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਸਮਾਜ ਦੇ ਵਿਭਿੰਨ ਵਿਅਕਤੀ, ਅਨੇਕਾਂ, ਸਮੂਹਾਂ ਨਾਲ ਸੰਬੰਧ ਰੱਖਦੇ ਹਨ ਜੋ ਅੱਜ ਦੇ ਅਤਿ ਵਿਕਸਿਤ ਸਮਾਜ ਵਿਚ

ਧਾਰਮਿਕ, ਰਾਜਨੀਤਿਕ, ਪੇਸ਼ਾਵਰਾਨਾ ਤੇ ਵਪਾਰਕ ਆਦਿ ਕਈ ਤਰ੍ਹਾਂ ਦੇ ਹੋ ਸਕਦੇ ਹਨ। ਅਸਲ ਵਿਚ ਆਪਣੇ ਨਿੱਤ ਪ੍ਰਤੀ ਜੀਵਨ ਵਿਚ ਇੱਕ ਵਿਅਕਤੀ ਰਾਜ ਦੀ ਨਾਗਰਿਕਤਾ ਨਾਲੋਂ ਅਜਿਹੇ ਸਮੂਹਕ ਜੀਵਨ ਨਾਲ ਵਧੇਰੇ ਸੰਬੰਧਿਤ ਹੁੰਦਾ ਹੈ ਉਹ ਕਿਸੇ ਪੇਸ਼ਾਵਰਾਨਾ ਸੰਸਥਾ, ਕਿਸੇ ਟਰੇਡ ਯੂਨੀਅਨ ਜਾਂ ਕਿਸੇ ਧਾਰਮਿਕ ਸਭਾ ਸੁਸਾਇਟੀ ਦਾ ਮੈਂਬਰ ਹੋ ਸਕਦਾ ਹੈ। ਅਣਗਿਣਤ ਲੋਕ ਅਜਿਹੇ ਬਹੁਤ ਸਾਰੇ ਸਮੂਹਾਂ ਦੇ ਕੰਮਾਂ ਵਿਚ ਸਰਗਰਮ ਹਿੱਸਾ ਲੈਂਦੇ ਹਨ। ਇਸ ਸਿਧਾਂਤ ਦੇ ਸਮਰਥਕ ਵਿਦਵਾਨਾਂ ਦਾ ਮਤ ਹੈ ਕਿ ਅਜਿਹੇ ਸਮੂਹਾਂ ਦੀ ਆਪਣੀ ਇਕ ਸੁਤੰਤਰ ਹੋਂਦ ਹੁੰਦੀ ਹੈ। ਜਿਸ ਨਾਲ ਰਾਜ ਜਾਂ ਸਰਕਾਰ ਦਾ ਕੋਈ ਵਾਸਤਾ ਨਹੀਂ ਹੁੰਦਾ। ਭਾਵੇਂ ਰਾਜ ਅਜਿਹੇ ਸਾਰੇ ਸਮੂਹਾਂ ਦਾ ਸ਼ਰੋਮਣੀ ਹੁੰਦਾ ਹੈ, ਪਰ ਫਿਰ ਵੀ ਉਸ ਦੀ ਹੈਸੀਅਤ 'ਬਰਾਬਰ ਦੇ ਸਮੂਹਾਂ ਵਿਚ ਪ੍ਰਥਮ ਸਮੂਹ ਦੀ' (First Among Equals) ਹੈ। ਉਹ ਸ਼ਕਤੀ ਦਾ ਧਾਰਨੀ ਜਾਂ ਨਾਗਰਿਕਾਂ ਦੀ ਵਫਾਦਾਰੀ ਦਾ ਇਕੋ-ਇਕ ਕੇਂਦਰ ਨਹੀਂ ਹੁੰਦਾ। ਇਸ ਲਈ ਇਹ ਨਹੀਂ ਆਖਿਆ ਜਾ ਸਕਦਾ ਹੈ ਕਿ ਉਹ ਨਿਰੰਕੁਸ਼ ਤੇ ਸਰਬ-ਵਿਆਪੀ ਪ੍ਰਭੂਸੱਤਾ ਦਾ ਮਾਲਕ ਹੈ। **ਲਾਸਕੀ (Laski), ਡੂਗੁਈ (Duguit) ਕਰੈਬ (Krabbe) ਜੀ.ਡੀ.ਐਚ.ਕੋਲ (G.D.H. Cole) ਲਿੰਡਸੇ (Lindsay) ਤੇ ਗਿਰਕੇ (Gierke)** ਆਦਿ ਵਰਗੇ ਪ੍ਰਸਿੱਧ ਤੇ ਪ੍ਰਮੁੱਖ ਬਹੁਵਾਦੀਆਂ ਦਾ ਮਤ ਹੈ ਕਿ ਬਹੁਤ ਸਾਰੀਆਂ ਸੰਸਥਾਵਾਂ ਪ੍ਰਭੂਸੱਤਾ ਦੀਆਂ ਸੁਆਮੀ ਹੁੰਦੀਆਂ ਹਨ ਅਤੇ ਰਾਜ ਸਰਬ-ਸ੍ਰੇਸ਼ਟ ਤੇ ਅਸੀਮ ਸ਼ਕਤੀਆਂ ਦਾ ਮਾਲਕ ਨਹੀਂ ਹੁੰਦਾ। ਇਉਂ ਪ੍ਰਭੂਸੱਤਾ ਨੂੰ ਵੰਡਿਆ (Divisible) ਜਾ ਸਕਦਾ ਹੈ। ਰਾਜ ਨਾ ਹੀ ਆਪਣੀਆਂ ਇਲਾਕਾਈ ਹੱਦਾਂ (Territorial Limits) ਦੇ ਅੰਦਰਲੇ ਸਾਰੇ ਵਿਅਕਤੀਆਂ ਅਤੇ ਵਿਅਕਤੀ ਸਮੂਹ ਦੀਆਂ ਸੰਸਥਾਵਾਂ ਆਦਿ ਨਾਲੋਂ ਸਰਬ ਸ੍ਰੇਸ਼ਟ ਹੁੰਦਾ ਹੈ ਅਤੇ ਨਾ ਇਹ ਦੂਸਰੇ ਰਾਜਾਂ ਤੋਂ ਜਾਂ ਬਾਹਰੀ ਤੌਰ ਤੇ ਸੁਤੰਤਰ (Externally Independent) ਹੁੰਦਾ ਹੈ। ਬਹੁਵਾਦੀ ਪ੍ਰਭੂਸੱਤਾ ਦੇ ਇਕ-ਵਾਦੀ ਸਿਧਾਂਤ (Monistic Theory of Sovereign) ਨੂੰ ਖਤਰਨਾਕ ਤੇ ਨਿਰਾਰਥਕ ਸਮਝਦੇ ਹਨ। ਲਿੰਡਸੇ (Lindsay) ਆਖਦਾ ਹੈ ਕਿ 'ਪ੍ਰਾਪਤ ਤੱਥਾਂ ਦੀ ਦ੍ਰਿਸ਼ਟੀ ਤੋਂ ਦੇਖਣ ਨਾਲ ਇਹ ਸਪਸ਼ਟ ਹੋ ਜਾਵੇਗਾ ਕਿ ਰਾਜ ਦੀ ਪ੍ਰਭੂਸੱਤਾ ਦੇ ਸਿਧਾਂਤ ਦਾ ਖੰਡਨ ਹੋ ਚੁੱਕਾ ਹੈ। ਕਰੈਬ ਤਾਂ ਪ੍ਰਭੂਸੱਤਾ ਦੀ ਧਾਰਨਾ ਨੂੰ ਰਾਜਨੀਤਿਕ ਸਿਧਾਂਤ ਵਿਚੋਂ ਕੱਢਣ ਦਾ ਹਾਮੀ ਹੈ। ਸੰਖੇਪ ਵਿਚ ਇਹ ਆਖਿਆ ਜਾ ਸਕਦਾ ਹੈ ਕਿ ਬਹੁਵਾਦੀ ਆਧੁਨਿਕ ਵਿਅਕਤੀਵਾਦ (Individulism) ਦਾ ਸਮਰਥਕ ਹੈ।

### 2.5.6 ਬਹੁਵਾਦ ਦੀ ਵਿਆਖਿਆ (The Statement of Pluralism)

ਬਹੁਵਾਦ ਦੀ ਮੁੱਖ ਧਾਰਨਾ ਦਾ ਸਾਰ ਗੈਟਲ ਨੇ ਬੜੇ ਸੁੰਦਰ ਢੰਗ ਨਾਲ ਇਨ੍ਹਾਂ ਸ਼ਬਦਾਂ ਵਿਚ ਪੇਸ਼ ਕੀਤਾ ਹੈ 'ਬਹੁਵਾਦੀ ਇਸ ਗੱਲ ਤੋਂ ਮੁਨਕਰ ਹਨ ਕਿ ਰਾਜ ਇਕ ਅਜੋੜ ਤੇ ਵਿਲੱਖਣ ਸੰਸਥਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਹੋਰ ਸੰਸਥਾਵਾਂ ਵੀ ਉਤਨੀਆਂ ਹੀ ਮਹੱਤਵਪੂਰਨ ਤੇ ਕੁਦਰਤੀ ਹਨ। ਉਹ ਦਲੀਲ ਪੇਸ਼ ਕਰਦੇ ਹਨ ਕਿ ਇਹ ਦੂਸਰੀਆਂ ਸੰਸਥਾਵਾਂ ਵੀ ਆਪਣੇ ਆਪਣੇ ਮੰਤਵ ਪ੍ਰਤੀ ਓਨੀਆਂ ਸੱਤਾਧਾਰੀ ਹੁੰਦੀਆਂ ਹਨ ਜਿਨ੍ਹਾਂ ਕਿ ਰਾਜ ਆਪਣੇ ਮੰਤਵ ਪ੍ਰਤੀ। ਉਹ ਇਸ ਗੱਲ ਤੇ ਬਹੁਤ ਜ਼ੋਰ ਦਿੰਦੇ ਹਨ ਕਿ ਰਾਜ ਆਪਣੀਆਂ ਇੱਛਾਵਾਂ ਨੂੰ ਰਾਜ ਵਿਚਲੇ ਸਮੂਹਾਂ ਜਾਂ ਦਲਾਂ ਦੀ ਵਿਰੋਧਤਾ ਦੇ ਸਨਮੁੱਖ, ਅਮਲੀ ਰੂਪ ਵਿਚ ਲਾਗੂ ਕਰਨ ਦੇ ਅਸਮਰਥ ਹੁੰਦਾ ਹੈ। ਉਹ ਇਸ ਗੱਲ ਤੋਂ ਵੀ ਇਨਕਾਰ ਕਰਦੇ ਹਨ ਕਿ ਰਾਜ ਦੀ ਸ਼ਕਤੀ ਉਤੇ ਕਬਜ਼ਾ ਹੋ ਜਾਣ ਨਾਲ ਇਸ ਨੂੰ ਕੋਈ ਉਚੇਰੇ ਅਧਿਕਾਰ ਮਿਲ ਜਾਂਦੇ ਹਨ। ਉਹ ਅਜਿਹੇ ਸਾਰੇ ਸਮੂਹਾਂ ਤੇ ਸਾਰੀਆਂ ਸੰਸਥਾਵਾਂ ਦੇ ਸਮਾਨ ਅਧਿਕਾਰਾਂ ਤੇ ਜ਼ੋਰ ਦਿੰਦੇ ਹਨ ਜਿਨ੍ਹਾਂ ਦੇ ਆਪਣੇ ਮੈਂਬਰ ਉਨ੍ਹਾਂ ਪ੍ਰਤੀ ਵਫਾਦਾਰ ਹੁੰਦੇ ਹਨ ਅਤੇ ਜੋ ਸਮਾਜ ਵਿਚ ਬਹੁਤ ਲਾਭਕਾਰੀ ਤੇ ਉਪਯੋਗੀ ਕੰਮ ਕਰਦੀਆਂ ਹਨ। ਇਉਂ ਪ੍ਰਭੁਸੱਤਾ ਬਹੁਤ ਸਾਰੀਆਂ ਸੰਸਥਾਵਾਂ ਤੇ ਸਮੂਹਾਂ ਵਿਚ ਵੰਡੀ ਹੋਈ ਹੁੰਦੀ ਹੈ। ਇਸ ਲਈ ਇਸ ਨੂੰ 'ਅਵੰਡ ਜਾਂ ਅਖੰਡ ਨਹੀਂ ਆਖਿਆ ਜਾ ਸਕਦਾ ਅਤੇ ਰਾਜ ਸਰਬ-ਸ੍ਰੇਸ਼ਟ ਨਹੀਂ ਹੁੰਦਾ'

#### 2.5.6.1. ਪ੍ਰਭੂਸੱਤਾ 'ਤੇ ਰਾਜ ਦਾ ਇਕ ਮਾਤਰ ਅਧਿਕਾਰ ਨਹੀਂ :

ਇਕ ਰਾਜ ਵਿਚ ਇਕੋ ਹੀ ਪ੍ਰਭੂਸੱਤਾ ਨਹੀਂ ਹੁੰਦੀ ਹੈ ਤੇ ਰਾਜ ਇਕੱਲਾ ਹੀ ਪ੍ਰਭੂਸੱਤਾਧਾਰੀ ਨਹੀਂ ਹੁੰਦਾ। ਮਨੁੱਖ ਦੀ ਸਮਾਜਕ ਪ੍ਰਕਿਰਤੀ (Social Nature) ਬਹੁਤ ਸਾਰੇ ਸਮੂਹਾਂ ਵਿਚ ਪ੍ਰਗਟ ਹੁੰਦੀ ਹੈ, ਜੋ ਵੱਖ-ਵੱਖ ਕਾਰਜ ਕਰਦੇ ਹਨ ਅਤੇ ਉਹਨਾਂ ਦੇ ਉਦੇਸ਼ ਵੀ ਵੱਖ ਵੱਖ ਹੁੰਦੇ ਹਨ। ਜਿਵੇਂ ਕਿ ਧਾਰਮਿਕ,

ਸਮਾਜਿਕ, ਸਭਿਆਚਾਰ, ਆਰਥਿਕ ਅਤੇ ਰਾਜਨੀਤਿਕ ਆਦਿ। ਮਨੁੱਖ ਦੇ ਸਮੁੱਚੇ ਤੇ ਸਰਬ ਪੱਖੀ ਵਿਕਾਸ ਲਈ ਇਹ ਸਮੂਹ ਜਾਂ ਸੰਸਥਾਵਾਂ ਜ਼ਰੂਰੀ ਹਨ। ਇਹ ਸਮੂਹ ਜਾਂ ਸੰਸਥਾਵਾਂ ਰਾਜ ਦੁਆਰਾ ਨਹੀਂ ਬਣਾਈਆਂ ਜਾਂਦੀਆਂ ਸਗੋਂ ਇਹ ਆਪਣੇ ਆਪ ਕੁਦਰਤੀ ਤੌਰ ਤੇ ਹੀ ਹੋਂਦ ਵਿਚ ਆ ਜਾਂਦੀਆਂ ਹਨ। ਇਨ੍ਹਾਂ ਸਮੂਹਾਂ ਅਤੇ ਸੰਸਥਾਵਾਂ ਦਾ ਸੁਤੰਤਰ ਹੋਣਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਉਹ ਉਨ੍ਹਾਂ ਦੇ ਉਦੇਸ਼ਾਂ ਦੀ ਪੂਰਤੀ ਨਹੀਂ ਕਰ ਸਕਣਗੇ ਜਿਨ੍ਹਾਂ ਲਈ ਹੋਂਦ ਵਿਚ ਆਉਂਦੇ ਹਨ

**2.5.6.2. ਰਾਜ ਵਿਅਕਤੀ ਦੀ ਪੂਰਠ ਤੇ ਅਵੰਡ ਵਫਾਦਾਰੀ ਦਾ ਦਾਅਵਾ ਠਹੀਂ ਕਰ ਸਕਦਾ :**

ਇਹ ਸਮੂਹ ਮਨੁੱਖ ਦੀ ਵਫਾਦਾਰੀ ਪ੍ਰਾਪਤ ਕਰਨ ਲਈ ਰਾਜ ਦੇ ਮੁਕਾਬਲੇ ਵਿਚ ਆਉਂਦੇ ਹਨ ਅਤੇ ਆਪਣੇ-ਆਪਣੇ ਖੇਤਰ ਵਿਚ ਉਨੇ ਹੀ ਸੱਤਾਧਾਰੀ ਹੁੰਦੇ ਹਨ ਜਿੰਨਾ ਕਿ ਰਾਜ ਆਪਣੇ ਖੇਤਰ ਵਿਚ। ਕਿਉਂਕਿ ਰਾਜ, ਵਿਭਿੰਨ ਪ੍ਰਕਾਰ ਦੀਆਂ ਸੰਸਥਾਵਾਂ ਵਿਚੋਂ ਕੇਵਲ ਇਕ ਹੀ ਹੁੰਦਾ ਹੈ, ਇਸ ਲਈ ਵਿਅਕਤੀਆਂ ਦੀ ਪੂਰਨ ਤੇ ਅਵੰਡ ਵਫਾਦਾਰੀ ਦਾ ਦਾਅਵਾ ਨਹੀਂ ਕਰ ਸਕਦਾ। ਰਾਜ ਕੋਲ ਲੋਕਾਂ ਪਾਸੋਂ ਵਿਅਕਤੀਗਤ ਵਫਾਦਾਰੀ ਪ੍ਰਾਪਤ ਕਰਨ ਦਾ ਕੋਈ ਉਚੇਰਾ ਦਾਅਵਾ ਨਹੀਂ ਹੁੰਦਾ ਭਾਵੇਂ ਸ਼ਕਤੀ ਜ਼ਰੂਰ ਹੁੰਦੀ ਹੈ।

**2.5.6.3. ਰਾਜ ਆਪਣੀ ਇੱਛਾ ਮਠਮਰਜ਼ੀ ਠਾਲ ਲਾਗੂ ਕਰਠ ਦੇ ਸਮਰਥ ਠਹੀਂ :**

ਰਾਜ ਆਪਣੀ ਇੱਛਾ, ਰਾਜ ਅੰਦਰਲੇ ਕੁੱਝ ਹੋਰ ਸਮੂਹਾਂ ਦੀ ਵਿਰੋਧਤਾ ਕਾਰਨ, ਮਨ-ਮਰਜ਼ੀ ਨਾਲ ਲਾਗੂ ਕਰਨ ਦੇ ਅਸਮਰਥ ਹੁੰਦਾ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਰਾਜ ਸਰਬ ਸ੍ਰੇਸ਼ਟ ਤੇ ਅਸੀਮ ਨਹੀਂ ਹੈ।

**2.5.6.4. ਰਾਜ ਮਾਠਵ ਜੀਵਠ ਦੇ ਕੇਵਲ ਇਕ ਪੱਖ ਦੀਆਂ ਲੋੜਾਂ ਦੀ ਗੀ ਪੂਰਤੀ ਕਰਦਾ ਗੈ:**

ਰਾਜ ਮਨੁੱਖ ਦੀਆਂ ਰਾਜਨੀਤਿਕ ਲੋੜਾਂ ਪੂਰੀਆਂ ਕਰਦਾ ਹੈ, ਇਸ ਲਈ ਬਹੁਵਾਦੀ ਇਸ ਨੂੰ ਕੇਵਲ ਰਾਜਨੀਤਿਕ ਕਾਰਵਾਈਆਂ ਤੱਕ ਹੀ ਸੀਮਿਤ ਰੱਖਣ ਦ ਸਮਰਥਕ ਹਨ। ਦੂਸਰੀਆਂ ਸੰਸਥਾਵਾਂ, ਜਿਵੇ ਕਿ ਧਾਰਮਿਕ, ਆਰਥਿਕ ਤੇ ਸਮਾਜਿਕ ਆਦਿ, ਆਪਣੇ ਖੇਤਰਾਂ ਵਿਚ, ਆਪਣੇ ਉਦੇਸ਼ਾਂ ਤੇ ਮੰਤਵਾਂ ਦੀ ਪੂਰਤੀ ਲਈ ਖੁਦਮੁਖਤਾਰ ਅਤੇ ਸੁਤੰਤਰ ਹੋਣੀਆਂ ਚਾਹੀਦੀਆਂ ਹਨ।

**2.5.6.5. ਬਗੁਵਾਦੀ ਰਾਜ ਦਾ ਠਹੀਂ ਸਗੋਂ ਪ੍ਰਭੂਸੱਤਾ ਦੇ ਇਕਵਾਦੀ ਸਿਧਾਂਤ ਦਾ ਵਿਰੋਧ ਕਰਦੇ ਗਠ :**

ਬਹੁਵਾਦੀ ਰਾਜ ਦੇ ਵਿਰੋਧੀ ਨਹੀਂ ਸਗੋਂ ਰਾਜ ਦੀ ਪ੍ਰਭੂਸੱਤਾ ਦੇ ਇਕਵਾਦੀ ਸਿਧਾਂਤ (Monistic Theory of Sovereignty) ਦੇ ਵਿਰੋਧੀ ਹਨ। ਉਹ ਰਾਜ ਨੂੰ ਸੰਸਥਾਵਾਂ ਵਾਂਗੂੰ ਇਕ ਉਪਯੋਗੀ ਤੇ ਲਾਭਕਾਰੀ ਸੰਸਥਾ ਸਮਝਦੇ ਹਨ, ਪਰ ਨਾਲ ਇਹ ਵੀ ਕਹਿੰਦੇ ਹਨ ਕਿ ਪ੍ਰਭੂਸੱਤਾ ਤੇ ਇਸਦਾ ਇਕਮਾਤਰ ਅਧਿਕਾਰ ਨਹੀਂ।

**2.5.6.6 ਸਮਾਜ ਦਾ ਢਾਂਚਾ ਸੰਘਾਤਮਕ ਗੈ, ਇਸ ਲਈ ਸ਼ਕਤੀ ਵੀ ਸੰਘਾਤਮਕ ਗੋਣੀ ਚਾਗੀਦੀ ਗੈ :**

ਬਹੁਵਾਦੀਆਂ ਦਾ ਮਤ ਹੈ ਕਿ ਸਮਾਜ ਦਾ ਢਾਂਚਾ ਸੰਘਾਤਮਕ ਹੁੰਦਾ ਹੈ, ਇਕਾਤਮਕ (Unitary) ਨਹੀਂ। ਮਨੁੱਖ ਦੀਆਂ ਬੇਸ਼ੁਮਾਰ ਲੋੜਾਂ ਹੁੰਦੀਆਂ ਹਨ ਜਿਵੇਂ ਕਿ ਸਮਾਜਿਕ, ਆਰਥਿਕ, ਸਭਿਆਚਾਰਕ, ਰਾਜਨੀਤਿਕ ਤੇ ਧਾਰਮਿਕ ਆਦਿ। ਉਹ ਉਨ੍ਹਾਂ ਲੋੜਾਂ ਤੇ ਭਾਵਨਾਵਾਂ ਦੀ ਪੂਰਤੀ ਲਈ ਵਿਭਿੰਨ ਸੰਸਥਾਵਾਂ ਵਿਚ ਸ਼ਾਮਿਲ ਹੁੰਦਾ ਹੈ। ਇਹ ਸਾਰੀਆਂ ਸੰਸਥਾਵਾਂ ਮਨੁੱਖ ਦੇ ਵਿਅਕਤਿਤਵ ਨੂੰ ਪੂਰਨ ਤੌਰ ਤੇ ਪ੍ਰਫੁਲਤ ਕਰਨ, ਅਮੀਰ ਬਣਾਉਣ ਤੇ ਵਿਕਸਿਤ ਕਰਨ ਵਿਚ ਆਪਣਾ ਆਪਣਾ ਵਿਸ਼ੇਸ਼ ਹਿੱਸਾ ਪਾਉਂਦੀਆਂ ਹਨ। ਅਧਿਕਾਰ ਤੇ ਸ਼ਕਤੀਆਂ ਕਾਰਜਾਂ ਦੇ ਅਨੁਸਾਰ ਹੀ ਹੁੰਦੀਆਂ ਹਨ, ਕਿਉਂਕਿ ਸਮਾਜ ਸੰਘਾਤਮਕ ਹੈ ਇਸ ਲਈ ਰਾਜ ਨਿਰੰਕੁਸ਼ ਸ਼ਕਤੀਆਂ ਦਾ ਦਾਅਵਾ ਨਹੀਂ ਕਰ ਸਕਦਾ ਕਿਉਂ ਜੋ ਇਹ ਮਨੁੱਖ ਦੀਆਂ ਕੇਵਲ ਰਾਜਨੀਤਿਕ ਲੋੜਾਂ ਦੀ ਪੂਰਤੀ ਕਰਦਾ ਹੈ।

ਸਮਾਜ ਦਾ ਢਾਂਚਾ ਸੰਘਾਤਮਕ ਹੋਣਾ ਚਾਹੀਦਾ ਹੈ। ਇਸ ਦਾ ਅਰਥ ਇਹ ਹੈ ਕਿ ਸ਼ਕਤੀ ਵਿਭਿੰਨ ਸੰਸਥਾਵਾਂ ਵਿਚਕਾਰ ਵੰਡੀ ਹੋਣੀ ਚਾਹੀਦੀ ਹੈ।

**2.5.6.7. ਬਗੁਵਾਦੀ ਸ਼ਕਤੀ ਦੇ ਵਿਕੇਂਦਰੀਕਰਣ ਦੇ ਸਮਰਥਕ ਗਠ :**

ਬਹੁਵਾਦੀਆਂ ਸ਼ਕਤੀਆਂ ਦੇ ਕੇਂਦਰੀਕਰਣ (Centralisation) ਦਾ ਵਿਰੋਧ ਕਰਦੇ ਹਨ ਅਤੇ ਸ਼ਕਤੀ ਦੇ ਵਿਕੇਂਦਰੀਕਰਣ (Decentralisation) ਦੇ ਹੱਕ ਵਿਚ ਹਨ। ਬਹੁਵਾਦੀਆਂ ਦਾ ਵਿਸ਼ਵਾਸ ਹੈ ਕਿ 'ਰਾਜ ਇਕਾਤਮਕ

ਨਹੀਂ ਅਤੇ ਨਾ ਹੀ ਸੁਤੰਤਰ ਹੈ। ਇਹ ਬਹੁਵਾਦੀ, ਸੰਘਾਤਮਕ ਤੇ ਜ਼ਿੰਮੇਵਾਰ ਹੁੰਦਾ ਹੈ।' ਇਸ ਦੀਆਂ ਅਮਲੀ ਸ਼ਕਤੀਆਂ ਸੀਮਤ ਹੁੰਦੀਆਂ ਹਨ, ਇਹ ਪ੍ਰਬਲ ਹੋਣ ਨਾਲੋਂ ਨਿਰਦੇਸ਼ਕੀ ਵਧੇਰੇ ਹੁੰਦਾ ਹੈ। ਰਾਜ ਦਾ ਵਿਸ਼ੇਸ਼ ਕਾਰਜ ਦੂਸਰੇ ਸਮੂਹਾਂ ਤੇ ਸੰਸਥਾਵਾਂ ਵਿਚ ਤਾਲਮੇਲ ਪੈਦਾ ਕਰਨਾ ਹੈ। ਬਹੁਵਾਦੀਆਂ ਦਾ ਇਹ ਮਤ ਹੈ ਕਿ ਰਾਜ 'ਚ ਕੋਈ ਨਿਸ਼ਚਿਤ ਸ੍ਰੇਸ਼ਟ ਵਿਅਕਤੀ (Determinate human superior) ਪ੍ਰਭੂਸੱਤਾਧਾਰੀ ਨਹੀਂ ਹੁੰਦਾ।

**2.5.6.8. ਰਾਜ ਦੀ ਅਸੀਮ ਸ਼ਕਤੀ ਦੇ ਵਿਰੋਧੀ ਹੋਣ ਦੇ ਬਾਵਜੂਦ ਵੀ ਬਹੁਵਾਦੀ ਵਿਅਕਤੀ ਦੀ ਅਰੋਕ ਤੇ ਅਸੀਮ ਸੁਤੰਤਰਤਾ ਦੇ ਸਮਰਥਕ ਨਹੀਂ :**

ਬਹੁਵਾਦ ਰਾਜ ਦੀ ਅਸੀਮ ਸ਼ਕਤੀ ਦਾ ਵਿਰੋਧ ਕਰਦਾ ਹੈ ਪਰ ਨਾਲ ਹੀ ਇਹ ਕਿਸੇ ਤਰ੍ਹਾਂ ਵੀ ਇਕ ਵਿਅਕਤੀ ਦੀ ਅਰੋਕ ਤੇ ਅਸੀਮ ਸੁਤੰਤਰਤਾ ਦੇ ਹੱਕ ਵਿਚ ਨਹੀਂ, ਇਹ ਵਿਅਕਤੀਗਤ ਅਧਿਕਾਰਾਂ ਤੇ ਆਜਾਦੀ ਉਤੇ ਉਨ੍ਹਾ ਜ਼ੋਰ ਨਹੀਂ ਦਿੰਦਾ ਜਿੰਨ੍ਹਾ ਕਿ ਸਮੂਹਾਂ ਤੇ ਸੰਸਥਾਵਾਂ ਦੀ ਸੁਤੰਤਰਤਾ ਅਤੇ ਖੁਦਮੁਖਤਾਰੀ ਉਤੇ ਦਿੰਦਾ ਹੈ। ਬਹੁਵਾਦੀ ਦੇ ਸਿਧਾਂਤ ਅਨੁਸਾਰ ਇਕਾਈ 'ਵਿਅਕਤੀ' ਨਹੀਂ ਸਗੋਂ 'ਸਮੂਹ' ਹੈ। ਬਾਰਕਰ ਦੇ ਕਥਨ ਅਨੁਸਾਰ 'ਰਾਜ ਅਜਿਹੇ ਵਿਅਕਤੀਆਂ ਦੀ ਇਕ ਸਭਾ ਹੈ ਜਿਹੜੇ ਪਹਿਲੇ ਹੀ ਕਿਸੇ ਨਾ ਕਿਸੇ ਮੰਤਵ ਲਈ ਵਿਭਿੰਨ ਸਮੂਹਾਂ ਵਿਚ ਸੰਗਠਿਤ ਹੁੰਦੇ ਹਨ ਅਤੇ ਇਸ ਦਾ ਟੀਚਾ ਵਧੇਰੇ ਵਿਸ਼ਾਲ ਤੇ ਸਾਂਝੇ ਉਦੇਸ਼ਾਂ ਦੀ ਪੂਰਤੀ ਹੈ।

**2.5.6.9. ਕਾਨੂੰਨ ਕੇਵਲ ਰਾਜ ਦਾ ਆਦੇਸ਼ ਨਹੀਂ ਸਗੋਂ ਸਮਾਜ ਦੀਆਂ ਮਾਨਤਾਵਾਂ ਦਾ ਵੀ ਪ੍ਰਤੀਕ ਹੁੰਦਾ ਹੈ:**

ਕਰੈਬ (Krabbe) ਅਤੇ ਡੁਗੁਈ (Duguit) ਵਰਗੇ ਬਹੁਵਾਦੀਆਂ ਦਾ ਮਤ ਹੈ ਕਿ ਰਾਜ ਪ੍ਰਭੂਸੱਤਾਧਾਰੀ ਨਹੀਂ ਹੁੰਦਾ ਕਿਉਂਕਿ ਇਹ ਆਪ ਕਾਨੂੰਨ ਦੁਆਰਾ ਸੀਮਿਤ ਹੁੰਦਾ ਹੈ। ਕਰੈਬ (Krabbe) ਦੇ ਕਥਨ ਅਨੁਸਾਰ ਰਾਜ ਆਪ ਕਾਨੂੰਨ ਦੀ ਹੀ ਸਿਰਜਣਾ ਹੈ ਅਤੇ ਕੇਵਲ ਕਾਨੂੰਨ ਹੀ ਸੱਤਾਧਾਰੀ ਹੈ। ਮੈਕਾਈਵਰ (MacIver) ਵੀ ਇਸ ਕਥਨ ਦੀ ਹੀ ਪ੍ਰੋੜ੍ਹਤਾ ਕਰਦਾ ਹੈ, ਜਦੋਂ ਉਹ ਇਹ ਆਖਦਾ ਹੈ ਕਿ ਕਾਨੂੰਨ ਕੇਵਲ ਰਾਜ ਦਾ ਆਦੇਸ਼ ਹੀ ਨਹੀਂ ਹੁੰਦਾ।

**2.5.6.10. ਇਤਿਹਾਸ ਤੇ ਨੈਤਿਕ ਆਧਾਰਾਂ ਤੇ ਆਲੋਚਨਾ :**

ਲਾਸਕੀ ਵਰਗੇ ਬਹੁਵਾਦੀ ਪ੍ਰਭੂਸੱਤਾ ਤੇ ਇਕਵਾਦੀ ਸਿਧਾਂਤ ਦਾ ਖੰਡਨ ਇਤਿਹਾਸਕ ਤੇ ਨੈਤਿਕ ਆਧਾਰਾਂ ਤੇ ਵੀ ਕਰਦੇ ਹਨ। 1916 ਵਿਚ ਸੰਯੁਕਤ ਰਾਜ ਅਮਰੀਕਾ ਵਿਚ, ਕਾਂਗਰਸ ਨੂੰ ਰੇਲਵੇ ਕਰਮਚਾਰੀਆਂ (Railway Labour Union) ਦੀ ਦਿਨ ਵਿਚ 8 ਘੰਟੇ ਕੰਮ ਕਰਨ ਦੀ ਮੰਗ ਅੱਗੇ ਝੁਕਣਾ ਪਿਆ ਸੀ। ਅਜਿਹੀਆਂ ਹੋਰ ਵੀ ਅਨੇਕਾਂ ਉਦਾਹਰਣਾਂ ਮਿਲ ਸਕਦੀਆਂ ਹਨ ਜਦੋਂ ਕਿ ਸਰਕਾਰ ਨੂੰ ਟਰੇਡ ਯੂਨੀਅਨਾਂ ਤੇ ਹੋਰ ਸੰਸਥਾਵਾਂ ਦੀਆਂ ਮੰਗਾਂ ਮੂਹਰੇ ਗੋਡੇ ਟੇਕਣੇ ਪਏ ਹਨ। ਆਸਟਿਨ ਦਾ ਪ੍ਰਭੂਸੱਤਾ ਦਾ ਸਿਧਾਂਤ ਨੈਤਿਕ ਪੱਖ ਤੋਂ ਅਨੁਚਿਤ ਤੇ ਕਮਜ਼ੋਰ ਹੈ ਕਿਉਂਕਿ ਇਹ ਨਾਗਰਿਕ ਵਿਚ ਦਾਸਤਾ ਦੀ ਭਾਵਨਾ ਪੈਦਾ ਕਰਦਾ ਹੈ ਅਤੇ ਮਨੁੱਖ ਦੇ ਨੈਤਿਕ ਵਿਕਾਸ ਵਿਚ ਵਿਘਨ ਪਾਉਂਦਾ ਹੈ।

**2.5.7 ਬਹੁਵਾਦ ਦੇ ਸਿਧਾਂਤ ਦਾ ਵਿਕਾਸ (Development of the Theory of Pluralism)**

ਬਹੁਵਾਦ ਦਾ ਵਿਕਾਸ ਵੀਹਵੀਂ ਸਦੀ ਵਿਚ ਹੀ ਹੋਇਆ ਭਾਵੇਂ ਕਿ ਇਸ ਦਾ ਪਿਛੋਕੜ ਮੱਧ-ਯੁੱਗ ਵਿਚ ਹੀ ਹੈ। ਯੂਰਪ ਵਿਚ ਮੱਧ-ਕਾਲ ਵਿਚ, ਚਰਚ (ਧਰਮ), ਪੇਸਾਵਰਾਨਾ ਸੰਸਥਾਵਾਂ ਤੇ ਸੰਘਾਂ (Vocational Associations and Guilds) ਆਦਿ ਦਾ ਸਮਾਜ ਵਿਚ ਮਹੱਤਵਪੂਰਨ ਰੋਲ ਸੀ, ਕਿਉਂਕਿ ਸੰਗਠਨ ਦੇ ਪੱਖ ਤੋਂ ਰਾਜ ਕਮਜ਼ੋਰ ਹੰਦਾ ਸੀ, ਸੋਲ੍ਹਵੀਂ ਅਤੇ ਸਤਾਰ੍ਹਵੀਂ ਸਦੀ ਵਿਚ ਸਾਰੇ ਯੂਰਪ ਵਿਚ ਰਾਸ਼ਟਰਵਾਦ (Nationalism) ਦੀ ਇਕ ਪ੍ਰਬਲ ਸ਼ਕਤੀਸ਼ਾਲੀ ਲਹਿਰ ਫੈਲ ਗਈ, ਸਤਾਰ੍ਹਵੀਂ ਸਦੀ ਵਿਚ ਸਾਰੇ ਯੂਰਪ ਵਿਚ ਰਾਸ਼ਟਰਵਾਦ (Nationalism) ਦੀ ਸਥਾਪਨਾ ਹੋਣੀ ਸ਼ੁਰੂ ਹੋਈ। ਇਹਦਾ ਸਿੱਟਾ ਇਹ ਹੋਇਆ ਕਿ ਰਾਜੇ ਬਹੁਤ ਸ਼ਕਤੀਸ਼ਾਲੀ ਹੋ ਗਏ ਅਤੇ ਸਾਰੀਆਂ ਸ਼ਕਤੀਆਂ ਉਨ੍ਹਾਂ ਦੇ ਹੱਥਾਂ ਵਿਚ ਕੇਂਦਰਿਤ ਹੋ ਗਈਆਂ। ਇਸ ਦੇ ਪ੍ਰਤੀਕਰਮ ਵਜੋਂ ਜਨਤਾ ਲਈ, ਲੋਕ-ਤੰਤਰੀ ਅਧਿਕਾਰ ਪ੍ਰਾਪਤ ਕਰਨ ਵਾਸਤੇ ਬਹੁਤ ਸਾਰੀਆਂ ਲੋਕ ਲਹਿਰਾਂ ਚਲੀਆਂ। ਇਨ੍ਹਾਂ ਲੋਕ-ਲਹਿਰਾਂ ਦਾ ਅਸਰ ਹੋਇਆ ਕਿ ਹੌਲੀ-ਹੌਲੀ ਰਾਜਿਆਂ ਦੇ ਹੱਥਾਂ ਵਿਚੋਂ ਖੁਸ ਕੇ ਲੋਕਾਂ ਦੇ ਪ੍ਰਤੀਨਿਧਾਂ ਦੇ ਹੱਥਾਂ ਵਿਚ ਵਧੇਰੇ ਸ਼ਕਤੀ ਆ ਗਈ। ਪਰ ਸਰਕਾਰ ਫਿਰ ਵੀ ਪਹਿਲਾਂ ਵਾਂਗ ਹੀ ਸ਼ਕਤੀਸ਼ਾਲੀ ਰਹੀ।

ਕਲਿਆਣਕਾਰੀ ਰਾਜ ਦੀ ਧਾਰਨਾ (Idea of the Welfare State) ਦੇ ਵਾਧੇ ਤੇ ਵਿਕਾਸ ਨਾਲ ਅਸੀਮ ਸ਼ਕਤੀ ਸਰਕਾਰ ਦੇ ਹੱਥਾਂ ਵਿਚ ਆ ਗਈ। ਨਤੀਜੇ ਵਜੋਂ ਲੋਕਾਂ ਦੇ ਦਿਲਾਂ ਵਿਚ ਡਰ ਪੈਦਾ ਹੋ ਗਿਆ ਕਿ ਸ਼ਕਤੀਆਂ ਦਾ ਕੇਂਦਰੀਕਰਣ ਮਨੁੱਖੀ ਆਜਾਦੀ ਤੇ ਅਧਿਕਾਰਾਂ ਲਈ ਹਾਨੀਕਾਰਕ ਤੇ ਮਾਰੂ ਸਿੱਧ ਹੋਵੇਗਾ। ਇਉਂ ਸਰਬ ਸੱਤਾਧਾਰੀ (Omnipotent) ਰਾਜ ਦੇ ਪ੍ਰਤੀਕਰਮ ਵਜੋਂ ਬਹੁਵਾਦੀ ਸਿਧਾਂਤ ਜਾਂ ਆਧੁਨਿਕ ਵਿਅਕਤੀਵਾਦ (Modern Individualism) ਦਾ ਜਨਮ ਹੋਇਆ।

**ਬਹੁਵਾਦ ਦੇ ਵਿਕਾਸ ਵਿਚ ਸਹਾਇਕ ਤੱਤ (Factors which promoted Pluralism)**

ਬਹੁਵਾਦ ਦੇ ਵਿਕਾਸ ਵਿਚ ਹੇਠ ਲਿਖਿਆਂ ਗੱਲਾਂ ਨੇ ਸਹਾਇਤਾ ਦਿੱਤੀ।

1. ਵਿਅਕਤੀਵਾਦੀਆਂ (Individualists) ਨੇ ਰਾਜ ਦੀ ਨਿਰੰਕੁਸ਼ ਪ੍ਰਭੂਸੱਤਾ ਦੀ ਵਿਰੋਧਤਾ ਕਰਦਿਆਂ ਹੋਇਆ ਵਿਅਕਤੀ ਦੀ ਸੁਤੰਤਰਤਾ ਤੇ ਜ਼ੋਰ ਦਿੱਤਾ, ਉਹਨਾਂ ਨੇ ਸ਼ਕਤੀਆਂ ਦੇ ਕੇਂਦਰੀਕਰਣ ਦਾ ਵਿਰੋਧ ਕੀਤਾ ਅਤੇ ਪ੍ਰਭੂਸੱਤਾ ਦੀ ਵਰਤੋਂ ਉਤੇ ਯੋਗ ਕੁੰਡਾ ਤੇ ਨਿਯੰਤਰਣ ਰੱਖਣ ਦੀ ਭਾਵਨਾ ਪੈਦਾ ਕੀਤੀ। ਭਾਵੇਂ ਵਿਅਕਤੀਵਾਦ ਦੇ ਇਹਨਾਂ ਸਮਰਥਕਾਂ ਨੇ ਸਮੂਹਾਂ ਦੀ ਖੁਦ-ਮੁਖਤਾਰੀ ਦੀ ਮੰਗ ਤਾਂ ਨਾ ਕੀਤੀ ਪਰ ਇਸ ਸੇਧ ਵਿਚ ਉਹਨਾਂ ਦੀ ਦੇਣ ਬੜੀ ਮਹੱਤਵਪੂਰਣ ਹੈ।
2. ਜਰਮਨੀ ਵਿਚ ਗਿਰਕੇ (Gierke) ਅਤੇ ਇੰਗਲੈਂਡ ਵਿਚ ਮੇਟਲੈਂਡ (Maitland) ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਮੱਧ-ਯੁੱਗ ਵਿਚ ਚਰਚ ਤੇ ਆਰਥਿਕ ਗਿਲਡ (Guild) ਰਾਜ ਵਾਂਗ ਹੀ ਪ੍ਰਭੂਸੱਤਾਧਾਰੀ ਸਨ ਉਹ ਰਾਜ ਦੀ ਦਖਲ-ਅੰਦਾਜ਼ੀ ਤੋਂ ਆਜ਼ਾਦ ਸਨ। ਇਨ੍ਹਾਂ ਲੇਖਕਾਂ ਨੇ ਇਹ ਵਿਚਾਰ ਪੇਸ਼ ਕੀਤਾ ਕਿ ਅੱਜ ਵੀ ਰਾਜ ਦੀਆਂ ਵਿਭਿੰਨ ਸੰਸਥਾਵਾਂ ਸਹਿਸੱਤਾਧਾਰੀ ਹੋਣੀਆਂ ਚਾਹੀਦੀਆਂ ਹਨ। ਮੱਧ-ਯੁੱਗ ਦੀਆਂ ਸੰਸਥਾਵਾਂ ਦੇ ਮਹੱਤਵ ਦੇ ਪੁਨਰ-ਜਾਗਰਣ ਨੇ ਹੀ ਆਧੁਨਿਕ ਯੁੱਗ ਵਿਚ ਰਾਜਨੀਤਿਕ ਬਹੁਵਾਦ ਦਾ ਵਿਕਾਸ ਕੀਤਾ ਹੈ।
3. ਅਰਾਜਕਤਾਵਾਦ (Anarchism) ਸੰਘ ਅਧਿਪਤੀਵਾਦ (Syndicalism) ਅਤੇ ਸ਼ਰੇਣੀ ਸਮਾਜਵਾਦ (Guild Socialism) ਆਦਿ ਨੇ ਵੀ ਰਾਜ ਦੀ ਸ਼ਕਤੀ ਦਾ ਵਿਰੋਧ ਕੀਤਾ। ਅਰਾਜਕਤਾਵਾਦੀ ਤਾਂ ਰਾਜ ਨੂੰ ਬਿਲਕੁਲ ਹੀ ਖਤਮ ਕਰਨ ਦੀ ਗੱਲ ਕਰਦੇ ਹਨ ਕਿਉਂਕਿ ਉਹ ਇਸ ਨੂੰ ਵਿਅਕਤੀ ਦੀ ਸੱਚੀ ਆਜਾਦੀ ਲਈ ਹਾਨੀਕਾਰਕ ਤੇ ਮਾਰੂ ਸਮਝਦੇ ਹਨ, ਜਦ ਕਿ ਸੰਘ-ਅਧਿਪਤੀਵਾਦ ਦੇ ਸਮਰਥਕ ਟਰੇਡ-ਯੂਨੀਅਨਾਂ ਦੇ ਪਰਸਪਰ ਸਹਿਯੋਗ ਤੇ ਆਧਾਰਿਤ ਸਮਾਜ ਦੀ ਉਸਾਰੀ ਕਰਨਾ ਚਾਹੁੰਦੇ ਹਨ। ਸ਼ਰੇਣੀ ਸਮਾਜਵਾਦੀ (Guild Socialism) ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਰਾਜ ਨੂੰ ਮਨੁੱਖ ਦੇ ਆਰਥਿਕ ਕਾਰਜਾਂ ਵਿਚ ਦਖਲ ਨਹੀਂ ਦੇਣਾ ਚਾਹੀਦਾ। ਇੰਜ ਇਹਨਾਂ ਸਿਧਾਂਤਾਂ ਨੇ ਬਹੁਵਾਦ ਦੇ ਵਿਕਾਸ ਵਿਚ ਮਹੱਤਵਪੂਰਨ ਹਿੱਸਾ ਪਾਇਆ।
4. ਕਰੈਬ (Krabbe) ਤੇ ਡੂਇਟ (Duguit) ਵਰਗੇ ਲੇਖਕਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਕਾਨੂੰਨ ਰਾਜ ਤੋਂ ਉਚੇਰੇ ਹੈ ਅਤੇ ਇਹ ਰਾਜ ਦੇ ਆਦੇਸ਼ ਦੀ ਰਚਨਾ ਨਹੀਂ। ਇਹਨਾਂ ਵਿਚਾਰਾਂ ਨਾਲ ਹੀ ਬਹੁਵਾਦ ਦੇ ਸਿਧਾਂਤ ਨੂੰ ਬਲ ਤੇ ਸ਼ਕਤੀ ਮਿਲੀ ਅਤੇ ਇਸ ਦਾ ਵਿਕਾਸ ਹੋਇਆ ਹੈ।
5. ਅੰਤਰ ਰਾਸ਼ਟਰੀਵਾਦ (Internationalism) ਦੇ ਸਿਧਾਂਤ ਨੇ ਵੀ ਇਹ ਪ੍ਰਗਟ ਤੇ ਸਪਸ਼ਟ ਕਰ ਦਿੱਤਾ ਹੈ ਕਿ ਆਧੁਨਿਕ ਰਾਜ ਹਰ ਪੱਖੋਂ ਅੰਤਰ-ਨਿਰਭਰ ਹਨ। ਇਸ ਸਿਧਾਂਤ ਨੇ ਵੀ ਰਾਜਨੀਤਿਕ ਬਹੁਵਾਦ ਦੇ ਵਿਕਾਸ ਵਿਚ ਸ਼ਲਾਘਾਯੋਗ ਤੇ ਪ੍ਰਮੁੱਖ ਹਿੱਸਾ ਪਾਇਆ ਹੈ। ਕੋਈ ਰਾਜ ਆਪਣੇ ਆਪ ਵਿਚ ਨਿਰਪੇਖ ਤੇ ਇਕੱਲਾ ਨਹੀਂ ਰਹਿ ਸਕਦਾ। ਇਸ ਵਿਚਾਰ ਦੇ ਸਮਰਥਕ ਆਸਟਿਨ ਪ੍ਰਭੂਸੱਤਾ ਦੇ ਸਿਧਾਂਤ ਦਾ ਖੰਡਨ ਇਹ ਆਖ ਕੇ ਕਰਦੇ ਹਨ ਕਿ ਇਹ

ਅੰਤਰ-ਰਾਸ਼ਟਰੀ ਅਮਨ ਤੇ ਸ਼ਾਂਤੀ ਲਈ ਮਾਰੂ ਹੈ। ਬਹੁਵਾਦੀਆਂ ਦਾ ਵਿਸ਼ਵਾਸ ਹੈ ਕਿ ਰਾਜ ਇਕਾਤਮਕ ਨਹੀਂ, ਨਿਰੰਕੁਸ਼ ਨਹੀਂ ਅਤੇ ਨਾ ਹੀ ਸੁਤੰਤਰ ਹੈ। ਇਹ ਬਹੁਵਾਦੀ, ਸੰਘਾਤਮਕ ਤੇ ਜ਼ਿੰਮੇਵਾਰ ਹੁੰਦਾ ਹੈ। ਇਸ ਦੀਆਂ ਅਮਲੀ ਸ਼ਕਤੀਆਂ ਖਤਰਨਾਕ ਹੋਣ ਕਾਰਨ, ਇਹ ਨਿਰਾਰਥਕ ਸਿਧਾਂਤ ਹੈ।

**ਸਵੈ ਅਭਿਆਸ ਲਈ ਪ੍ਰਸ਼ਨ**-II

**ਨੋਟ :**

1. ਹੇਠਾਂ ਦਿੱਤੇ ਸਥਾਨ ਤੇ ਉੱਤਰ ਲਿਖੋ :
2. ਆਪਣੇ ਉੱਤਰਾਂ ਨੂੰ ਪਾਠ ਦੇ ਅੰਤ ਵਿੱਚ ਦਿੱਤੇ ਉੱਤਰਾਂ ਨਾਲ ਮਿਲਾਓ :

1. ਬਹੁਵਾਦ ਦਾ ਅਰਥ ਲਿਖੋ

...........................................................
...........................................................
...........................................................
...........................................................

2. ਬਹੁਵਾਦ ਦੇ ਚਾਰ ਲੱਛਣਾਂ ਦੀ ਸੰਖੇਪ ਚਰਚਾ ਕਰੋ :

1.
2.
3.
4.
1.
2.

3. ਬਹੁਵਾਦ ਦੇ ਚਾਰ ਸਮਰਥਕਾਂ ਦੇ ਨਾਂ ਲਿਖੋ...........................................................
4. ਖਾਲੀ ਸਥਾਨ ਭਰੋ :

(i) ਬਹੁਵਾਦ ਦਾ ਵਿਕਾਸ ਭਾਵੇਂ ਵੀਹਵੀਂ ਸਦੀ ਵਿਚ ਹੋਇਆ ਪਰ ਇਸਦਾ ਪਿਛੋਕੜ ...........................................................ਵਿਚ ਹੈ।

(ii) ........................................ਰਾਜ ਦੇ ਪ੍ਰਤੀਕਰਮ ਵਜੋਂ ਬਹੁਵਾਦ ਦਾ ਜਨਮ ਹੋਇਆ।

(iii) ਬਹੁਵਾਦੀਆਂ ਅਨੁਸਾਰ ਕਾਨੂੰਨ ਕੇਵਲ ਰਾਜ ਦਾ ਆਦੇਸ਼ ਨਹੀਂ, ਸਗੋਂ ਸਮਾਜ ਦੀਆਂ............................ਦਾ ਪ੍ਰਤੀਕ ਹੁੰਦਾ ਹੈ।

### 2.5.8 ਬਹੁਵਾਦ ਦੇ ਸਿਧਾਂਤ ਦੀ ਆਲੋਚਨਾ (Criticism of the theory of Pluralism)

**ਬਹੁਵਾਦ ਦੇ ਸਿਧਾਂਤ ਦੀ ਹੇਠ ਲਿਖੇ ਕਾਰਨਾਂ ਕਰਕੇ ਆਲੋਚਨਾ ਹੋਈ ਹੈ :**

**2.5.8.1 ਬਹੁਵਾਦ ਅਰਾਜਕਤਾ ਫੈਲਾਉਂਦਾ ਹੈ (Pluralism leads to anarchy) :** ਬਹੁਵਾਦ ਦੇ ਸਿਧਾਂਤ ਦਾ ਪੂਰਣ ਤੇ ਨਿਆਂ-ਯੁਕਤ ਸਿੱਟਾ ਅਰਾਜਕਤਾ ਤੇ ਗੜਬੜ ਦੇ ਰੂਪ 'ਚ ਨਿਕਲਦਾ ਹੈ। ਇਹ ਠੀਕ ਹੈ ਕਿ ਬਹੁਵਾਦ ਅਰਾਜਕਤਾ ਨਹੀਂ ਸਗੋਂ ਪ੍ਰਭੂਸੱਤਾ-ਰਹਿਤ ਰਾਜ ਦਾ ਸਿਧਾਂਤ ਹੈ, ਪਰ ਜਿਸ ਬਹੁਪੱਖੀ ਸਮਾਜ ਵਿਚ ਬਹੁਤ ਸਾਰੇ ਪ੍ਰਭੂਸੱਤਾਧਾਰੀ ਹੋਣਗੇ, ਉੱਥੇ ਅਰਾਜਕਤਾ ਦਾ ਆ ਜਾਣਾ ਲਾਜ਼ਮੀ ਹੈ। ਜੇ ਪ੍ਰਭੂਸੱਤਾ ਨੂੰ ਬਹੁਤ ਸਾਰੀਆਂ ਸੰਸਥਾਵਾਂ ਵਿਚ ਵੰਡ ਦਿੱਤਾ ਜਾਵੇ ਤਾਂ ਅਵੱਸ਼ ਗੜਬੜ ਹੋ ਜਾਏਗੀ। ਮੱਧ-ਯੁੱਗ ਵਿਚ ਚਰਚ, ਰਾਜ ਤੇ ਆਰਥਿਕ ਗਿਲਡਾਂ (Economic Guilds) ਵਿਚ ਸੰਘਰਸ਼ ਹੋਣ ਕਰਕੇ ਕਾਫੀ ਅਰਾਜਕਤਾ ਤੇ ਗੜਬੜ ਫੈਲੀ ਰਹੀ ਹੈ।

ਇਹ ਠੀਕ ਹੈ ਕਿ ਬਹੁਵਾਦੀ ਲੇਖਕ ਕੇਵਲ ਪ੍ਰਭੂਸੱਤਾ ਨੂੰ ਖਤਮ ਕਰਨਾ ਚਾਹੁੰਦੇ ਹਨ, ਰਾਜ ਨੂੰ ਨਹੀਂ, ਪਰ ਉਹ ਭੁੱਲ ਜਾਂਦੇ ਹਨ ਕਿ ਪ੍ਰਭੂਸੱਤਾ ਰਾਜ ਦੀ ਧਾਰਨਾ ਲਈ ਅਤਿ ਅਵੱਸ਼ਕ ਹੈ। ਜੇ ਰਾਜ

ਆਪਣੀ ਪ੍ਰਭੂਸੱਤਾ ਦਾ ਤਿਆਗ ਕਰ ਦੇਵੇ ਤਾਂ ਰਾਜ ਵੀ ਖਤਮ ਹੋ ਗਿਆ। ਗਿਲਕ੍ਰਾਈਸਟ (Gilchrist) ਦਾ ਵਿਚਾਰ ਹੈ ਕਿ 'ਪ੍ਰਭੂਸੱਤਾ ਨਹੀਂ ਤਾਂ ਰਾਜ ਵੀ ਨਹੀਂ.........ਅਤੇ ਰਾਜ ਨਹੀਂ ਤਾਂ ਪ੍ਰਭੂਸੱਤਾ ਵੀ ਨਹੀਂ.......ਕੋਈ ਹੋਰ ਵਿਚਲਾ ਰਾਹ ਨਹੀਂ ਹੈ।

**2.5.8.2 ਇਹ ਕ੍ਰਾਂਤੀ ਦਾ ਸਿਧਾਂਤ (It is a doctrine of Revolution) :** ਕੁਝ ਆਲੋਚਕਾਂ ਦੇ ਵਿਚਾਰ ਅਨੁਸਾਰ ਬਹੁਵਾਦ ਗੜਬੜੀ ਅਤੇ ਕ੍ਰਾਂਤੀ ਦਾ ਸਿਧਾਂਤ ਹੈ, ਕਿਉਂਕਿ ਇਸ ਦਾ ਮਤਲਬ ਹੈ ਕਿ ਅੰਤਰ-ਰਾਸ਼ਟਰੀ ਸਮੂਹਾਂ ਨੂੰ ਰਾਸ਼ਟਰੀ-ਰਾਜਾਂ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੋਣਾ ਚਾਹੀਦਾ ਹੈ।

**2.5.8.3 ਦੇਸ਼ ਭਗਤੀ ਦੀ ਭਾਵਨਾ ਲਈ ਮਾਰੂ ਹੈ (Destructive of Patriotism) :** ਗਿਲਕ੍ਰਾਈਸਟ (Gilchrist) ਦਾ ਕਥਨ ਹੈ ਕਿ ਬਹੁਵਾਦ ਦਾ ਸਿਧਾਂਤ ਰਾਸ਼ਟਰੀ ਵਫਾਦਾਰੀ ਤੇ ਦੇਸ਼ ਭਗਤੀ ਦੀ ਭਾਵਨਾ ਨੂੰ ਮੁੱਢੋਂ ਹੀ ਨਸ਼ਟ ਕਰ ਦੇਂਦਾ ਹੈ। ਕੁਝ ਅਨੇਕਵਾਦੀਆਂ ਦਾ ਮਤ ਹੈ ਕਿ ਰਾਸ਼ਟਰੀ ਵਫਾਦਾਰੀ ਤੇ ਦੇਸ਼ ਭਗਤੀ ਸਮਾਜ ਵਿਰੋਧੀ (Anti-Social) ਭਾਵਨਾਵਾਂ ਹਨ ਕਿਉਂਕਿ ਉਹ ਅੰਤਰ-ਰਾਸ਼ਟਰੀ ਏਕਤਾ ਦੇ ਰਾਹ ਵਿਚ ਰੁਕਾਵਟ ਹਨ ਪਰੰਤੂ ਬਹੁਵਾਦੀਆਂ ਦਾ ਅਜਿਹਾ ਵਿਚਾਰ ਅਨ-ਯਥਾਰਥਿਕ (Unrealistic) ਹੈ, ਕਿਉਂਕਿ ਦੇਸ਼ ਭਗਤੀ ਸਮਾਜਿਕ ਜੀਵਨ ਵਿਚ ਇਕ ਬਹੁਤ ਹੀ ਪ੍ਰਬਲ ਸ਼ਕਤੀ ਹੈ।

**2.5.8.4 ਰਾਜ ਦੂਜਿਆਂ ਸੰਸਥਾਵਾਂ ਲਈ ਜ਼ਰੂਰੀ ਹੈ (The state in necessary for other associations) :** ਰਾਜ ਦੂਸਰੀਆਂ ਸੰਸਥਾਵਾਂ ਲਈ ਜ਼ਰੂਰੀ ਹੈ। ਜਦ ਕਿ ਰਾਜ ਵਿਭਿੰਨ ਵਿਅਕਤੀਆਂ ਤੇ ਸੰਸਥਾਵਾਂ ਤੇ ਆਪਣੀ ਸ਼ਥਤੀ ਦਾ ਦਾਅਵਾ ਨਹੀਂ ਰੱਖਦਾ, ਉਹ ਆਪੋ ਵਿਚ ਹੀ ਲੜਨ ਭਿੜਨਗੀਆਂ ਤੇ ਟਕਰਾਉਣਗੀਆਂ, ਜਿਸ ਦਾ ਨਤੀਜਾ ਇਹ ਹੋਵੇਗਾ ਕਿ ਸਮਾਜ ਛਿੰਨ-ਭਿੰਨ ਤੇ ਖਤਮ ਹੋ ਜਾਵੇਗਾ। ਬਹੁਵਾਦ ਇਸ ਪੱਖੋਂ ਵੀ ਗਲਤ ਹੈ ਕਿ ਉਹ ਇਕ ਵਿਅਕਤੀ ਨੂੰ ਦੋ ਜਾਂ ਦੋ ਤੋਂ ਵੱਧ ਵਫਾਦਾਰੀਆਂ ਪਾਲਣ ਦੀ ਆਗਿਆ ਦਿੰਦਾ ਹੈ। ਇਹ ਸਮਾਜ ਤੇ ਰਾਜ ਦੋਹਾਂ ਲਈ ਮਾਰੂ ਸਿੱਧ ਹੋ ਸਕਦਾ ਹੈ। ਇਸ ਦਾ ਅਰਥ ਇਹ ਹੋਵੇਗਾ 'ਸਾਮੰਤਵਾਦੀ ਅਰਾਜਕਤਾ ਵੱਲ ਵਾਪਸੀ।' ਇਸ ਲਈ ਵਿਅਕਤੀਆਂ ਤੇ ਸੰਸਥਾਵਾਂ ਉਤੇ ਨਿਯੰਤਰਣ ਰੱਖਣ ਲਈ ਰਾਜ ਦੀ ਸ਼ਕਤੀ ਦਾ ਹੋਣਾ ਬਹੁਤ ਜ਼ਰੂਰੀ ਹੈ ਜੋ ਕਿ ਇਹ ਉਨ੍ਹਾਂ ਦੇ ਕਾਰਜਾਂ ਤੇ ਸਰਗਰਮੀਆਂ ਵਿੱਚ ਤਾਲ-ਮੇਲ ਪੈਦਾ ਕਰਕੇ ਉਹਨਾਂ ਨੂੰ ਸੂਤਰਬੱਧ ਕਰ ਸਕੇ।

**2.5.8.5 ਸੰਸਥਾਵਾਂ ਦੇ ਅਤਿਆਚਾਰ ਤੋਂ ਬਚਾਉਣ ਲਈ ਵੀ ਰਾਜ ਜ਼ਰੂਰੀ :** ਸੰਸਥਾਵਾਂ ਦੇ ਮੈਂਬਰ ਨੂੰ ਸੰਸਥਾਵਾਂ ਦੇ ਅਤਿਆਚਾਰ ਤੋਂ ਬਚਾਉਣ ਲਈ ਰਾਜ ਜਰੂਰੀ ਹੈ। ਰਾਜ ਨੂੰ ਏਨਾ ਸ਼ਕਤੀਸ਼ਾਲੀ ਹੋਣਾ ਚਾਹੀਦਾ ਹੈ ਕਿ ਉਹ ਦੂਸਰੀਆਂ ਸੰਸਥਾਵਾਂ ਨੂੰ ਆਪਣੇ ਮੈਂਬਰਾਂ ਤੇ ਅਤਿਆਚਾਰ ਕਰਨ ਤੋਂ ਰੋਕ ਸਕੇ ਅਤੇ ਇਸ ਤਰ੍ਹਾਂ ਵਿਅਕਤੀ ਦੀ ਸੁਤੰਤਰਤਾ ਦੀ ਰੱਖਿਆ ਹੋ ਸਕੇ।

**2.5.8.6 ਕੁਝ ਬੁਰੇ ਮੰਤਵ ਵਾਲੀਆਂ ਸੰਸਥਾਵਾਂ ਵੀ ਸ਼ਕਤੀ ਦਾ ਦਾਅਵਾ ਕਰਨਗੀਆਂ (Associations with evil designs will also claim authority) :** ਸਮੂਹਾਂ ਦੀ ਖੁਦਮੁਖਤਾਰੀ ਦੀ ਧਾਰਨਾ ਸਮਾਜ ਦੀ ਭਲਾਈ ਲਈ ਹਾਨੀਕਾਰਕ ਤੇ ਖਤਰਨਾਕ ਸਾਬਤ ਹੋਵੇਗੀ। ਕਈ ਸਮਾਜ ਤੇ ਦੇਸ਼ ਵਿਰੋਧੀ ਸੰਸਥਾਵਾਂ ਵੀ ਸ਼ਕਤੀ ਦਾ ਦਾਅਵਾ ਕਰਨਗੀਆਂ ਅਤੇ ਇਸ ਨਾਲ ਰਾਸ਼ਟਰੀ ਹਿੱਤਾਂ ਨੂੰ ਨੁਕਸਾਨ ਪਹੁੰਚੇਗਾ। ਇਸ ਲਈ ਅਜਿਹੀਆਂ ਸੰਸਥਾਵਾਂ ਦੀਆਂ ਅਣਉਚਿਤ ਤੇ ਅਯੋਗ ਕਾਰਵਾਈਆਂ ਨੂੰ ਕੁੱਚਲਣ ਲਈ ਰਾਜ-ਸੱਤਾ ਦਾ ਹੋਣਾ ਜ਼ਰੂਰੀ ਹੈ।

**2.5.8.7 ਕਾਨੂੰਨ ਰਾਜ ਤੋਂ ਉੱਚਾ ਨਹੀਂ ਹੈ (Law is not supperior to the state) :** ਬਹੁਵਾਦੀਆਂ ਦਾ ਇਹ ਵਿਚਾਰ ਹੈ ਕਿ ਕਾਨੂੰਨ ਰਾਜ ਤੋਂ ਉੱਚਾ ਹੁੰਦਾ ਹੈ, ਕਦਾਚਿਤ ਸਵੀਕਾਰ ਨਹੀਂ ਕੀਤਾ ਜਾ ਸਕਦਾ ਹੈ। ਇਹ ਠੀਕ ਹੈ ਕਿ ਕਾਨੂੰਨ ਹਮੇਸ਼ਾਂ ਸੱਤਾਧਾਰੀ ਪ੍ਰਭੂ ਦਾ ਆਦੇਸ਼ ਹੀ ਨਹੀਂ ਹੁੰਦਾ, ਪਰ ਕਾਨੂੰਨੀ ਸਰਬ ਸ੍ਰੇਸ਼ਟਤਾ ਤੋਂ ਬਿਨਾਂ ਰਾਜ, ਸਮਾਜਿਕ ਜੀਵਨ ਨੂੰ ਨਿਯਮਿਤ ਤੇ ਸੂਤਰ-ਬੱਧ ਕਰਨ ਦਾ ਮਹੱਤਵਪੂਰਨ ਕਾਰਜ ਨੇ ਪਰੇ ਨਹੀਂ ਚਾੜ੍ਹ ਸਕਦਾ। ਗੈਟਲ ਦਾ ਇਹ ਕਥਨ ਠੀਕ ਹੈ ਕਿ ਇਹ ਸਿਧਾਂਤ ਕਿ ਰਾਜ ਕਾਨੂੰਨ ਦੁਆਰਾ ਸੀਮਤ ਹੁੰਦਾ ਹੈ 'ਰਾਜ' ਅਤੇ ਸਰਕਾਰ ਦੇ ਅਰਥਾਂ ਵਿਚ ਭੁਲੇਖਾ ਪਾਉਂਦਾ ਹੈ। ਅਸਲੀਅਤ ਇਹ ਹੈ ਕਿ ਕਾਨੂੰਨ ਰਾਜ ਨੂੰ ਨਹੀਂ, ਸਰਕਾਰ ਦੇ ਵਿਭਿੰਨ ਅੰਗਾਂ ਨੂੰ ਸੀਮਿਤ ਕਰਦਾ ਹੈ।

**2.5.8.8 ਰਾਜ ਵਿਆਪਕ ਲੋੜਾਂ ਦੀ ਪੂਰਤੀ ਕਰਦਾ ਹੈ (State fulfils a large variety of human needs)**

: ਜਿੱਥੇ ਦੂਸਰੀਆਂ ਸੰਸਥਾਵਾਂ ਮਨੁੱਖੀ ਜੀਵਨ ਦੀਆਂ ਕੁੱਝ ਗਿਣਵੀਆਂ ਜ਼ਰੂਰਤਾਂ ਦੀ ਹੀ ਪੂਰਤੀ ਕਰਦੀਆਂ ਹਨ, ਉਥੇ ਰਾਜ ਲੋਕਾਂ ਦੀਆਂ ਬਹੁਤ ਸਾਰੀਆਂ ਅਤੇ ਵਿਆਪਕ ਲੋੜਾਂ ਪੂਰੀਆਂ ਕਰਦਾ ਹੈ। ਆਧੁਨਿਕ ਕਲਿਆਣਕਾਰੀ ਰਾਜ ਦੇ ਕਾਰਜ ਦਾ ਖੇਤਰ ਕਿਸੇ ਵੀ ਹੋਰ ਸੰਸਥਾ ਦੇ ਕਾਰਜ-ਖੇਤਰ ਨਾਲੋਂ ਕਿਤੇ ਵਿਸ਼ਾਲ ਤੇ ਚੌੜਾ ਹੁੰਦਾ ਹੈ ਇਸ ਲਈ ਬਹੁਵਾਦੀਆਂ ਦਾ ਰਾਜ ਤੇ ਹੋਰ ਸੰਸਥਾਵਾਂ ਨੂੰ ਸਮਾਨ ਸਮਝਣਾ ਇਕ ਭੁੱਲ ਹੈ।

**2.5.8.9 ਬਹੁਵਾਦੀ ਧਾਰਣਾ ਤਰਕ-ਪੂਰਣ ਨਹੀਂ (Pluralistic disposition is not logical) :** ਭਾਵੇਂ ਬਹੁਵਾਦੀ ਇਹ ਮੰਨਦੇ ਹਨ ਕਿ ਰਾਜ ਸੰਸਥਾਵਾਂ ਦੀ ਸੰਸਥਾ (Association of Associations) ਹੈ, ਜਿਸ ਨੂੰ ਕਿ ਉਨ੍ਹਾਂ ਸੰਸਥਾਵਾਂ ਵਿਚ ਅਮਲੀ ਤਾਲਮੇਲ ਪੈਦਾ ਕਰਨ ਤੇ ਉਨ੍ਹਾਂ ਨੂੰ ਸੂਤਰ-ਬੱਧ ਅਤੇ ਵਿਨਿਯਮਿਤ ਕਰਨ ਦੀ ਸੱਤਾ ਪ੍ਰਾਪਤ ਹੁੰਦੀ ਹੈ, ਪਰ ਫਿਰ ਵੀ ਉਹ ਰਾਜ ਦੀ ਸੱਤਾ ਤੋਂ ਮੁਨਕਰ ਹੋ ਜਾਂਦੇ ਹਨ। ਇਹ ਗੱਲ ਤਰਕ ਰਹਿਤ ਹੈ। ਇਸ ਤੋਂ ਇਲਾਵਾ ਉਹ ਆਪਣੇ ਮੱਤ ਦੇ ਮੰਤਵ ਵਿਚ ਵੀ ਸਪਸ਼ਟ ਨਹੀਂ ਹਨ। ਬਹੁਵਾਦੀ ਵਿਚਾਰਕ ਆਪਣੇ ਰਾਜਨੀਤਿਕ ਸਿਧਾਂਤ ਵਿਚੋਂ ਪ੍ਰਭੂਸੱਤਾ ਦੀ ਧਾਰਨਾ ਨੂੰ ਕੱਢਣ ਵਿਚ ਸਫਲ ਨਹੀਂ ਹੋ ਸਕੇ। ਕਰੈਬ (Krabbe) ਦੇ ਕਾਨੂੰਨੀ ਭਾਈਚਾਰੇ (Legal Community) ਜਾਂ 'ਕੋਲ ਦੀ ਵਿਵਸਾਇਕ ਸੁਨੀਤੀ ਦੀ ਗਣਤੰਤਰੀ 'ਸਰਬ-ਉੱਚ ਅਦਾਲਤ' (Cole's democratic supreme court of functional equity) ਵਿਚੋਂ ਵੀ ਪ੍ਰਭੂਸੱਤਾ ਸਪਸ਼ਟ ਨਜ਼ਰ ਆਉਂਦੀ ਹੈ। ਇਹ ਤਾਂ ਪ੍ਰਭੂਸੱਤਾ ਨੂੰ ਚੋਰ ਦਰਵਾਜ਼ੇ ਰਾਹੀਂ ਦਾਖਲ ਕਰਕੇ ਉਸ ਨੂੰ ਨਵਾਂ ਨਾਂ ਦੇਣ ਵਾਲੀ ਗੱਲ ਮਾਤਰ ਹੈ।

## 2.5.9 ਬਹੁਵਾਦ ਦੇ ਸਿਧਾਂਤ ਦਾ ਮਹੱਤਵ

**(Importance of the theory of Pluralism)**

ਜਿਵੇਂ ਕਿ ਉਪਰੋਕਤ ਆਲੋਚਨਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਬਹੁਵਾਦ ਵਿਚ ਅਨੇਕਾਂ ਨੁਕਸ ਹਨ ਪਰ ਇਸ ਵਿਚ ਕਈ ਮਹੱਤਵਪੂਰਨ ਤੇ ਅਮਲੋਕ ਵਿਚਾਰ ਹਨ :

**2.5**.9.1. ਬਹੁਵਾਦ ਦੇ ਸਿਧਾਂਤ ਦਾ ਜਨਮ ਉਨ੍ਹੀਵੀਂ ਸਦੀ ਦੇ ਸ਼ਕਤੀਸ਼ਾਲੀ ਕੇਂਦਰ ਪਿਤਾ-ਪੁਰਖੀ (Paternalistic) ਰਾਜ ਵਿਰੁੱਧ ਪ੍ਰਤੀ-ਕ੍ਰਿਆ ਦੇ ਰੂਪ ਵਿਚ ਹੋਇਆ ਸੀ ਅਤੇ ਇਸ ਦਾ ਮੰਤਵ ਵਿਕੇਂਦਰੀਕਰਣ (Decentralization) ਵਿਅਕਤੀ ਲਈ ਵਧੇਰੇ ਆਜ਼ਾਦੀ ਦੀ ਪ੍ਰਾਪਤੀ ਸੀ।

**2.5**.9.2. ਬਹੁਵਾਦੀਆਂ ਦਾ ਇਸ ਗੱਲ ਤੇ ਜ਼ੋਰ ਜਾਇਜ਼ ਹੈ ਕਿ ਕਾਨੂੰਨੀ ਸਰਬ ਸੱਤਾ ਦੇ ਬਾਵਜੂਦ ਰਾਜ ਉੱਤੇ ਕੁੱਝ ਨਾ ਕੁੱਝ ਨੈਤਿਕ ਬੰਦਸ਼ਾਂ ਅਵੱਸ਼ ਲਾਗੂ ਹੋਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਬਹੁਵਾਦ ਇਕ ਵਾਦੀਆਂ ਦੁਆਰਾ ਰਾਜ ਦੇ ਆਦਰਸ਼ੀ-ਕਰਣ (Idealization) ਤੇ ਜੱਸਵਤਾ (Glorification) ਦੇ ਵਿਰੁੱਧ ਇਕ ਉੱਚਿਤ ਪ੍ਰਤੀਕਰਮ ਸੀ। ਬਹੁਵਾਦ ਰਾਜ ਦੇ ਆਪਣੇ ਆਪ ਵਿਚ ਇਕ ਉਦੇਸ਼ ਹੋਣ ਦੇ ਸਿਧਾਂਤ ਨੂੰ ਰੱਦ ਕਰਦਾ ਹੈ।

**2.5**.9.3. ਬਹੁਵਾਦੀ ਠੀਕ ਹੀ ਗੈਰ-ਰਾਜਨੀਤਿਕ (Non-Political) ਸਮੂਹਾਂ ਦੀ ਵੱਧਦੀ ਹੋਈ ਮਹੱਤਤਾ ਅਤੇ ਅਜਿਹੇ ਸਮੂਹਾਂ ਦੇ ਉਚਿਤ ਕਾਰਜਾਂ ਵਿੱਚ ਰਾਜ ਦੁਆਰਾ ਲੋੜ ਤੋਂ ਵਧੇਰੇ ਦਖਲ ਅੰਦਾਜ਼ੀ ਦੇ ਖਤਰਿਆਂ ਵੱਲ ਸੰਕੇਤ ਕਰਦੇ ਹਨ। ਉਹਨਾਂ ਦਾ ਇਹ ਕਥਨ ਵੀ ਠੀਕ ਹੈ ਕਿ ਅਜਿਹੇ ਸਮੂਹਾਂ ਨੂੰ ਰਾਜਨੀਤਿਕ ਪ੍ਰਣਾਲੀ ਵਿੱਚ ਵਧੇ ਰੇ ਕਾਨੂੰਨੀ-ਮਾਨਤਾ ਮਿਲਣੀ ਚਾਹੀਦੀ ਹੈ। ਸਮੁਦਾਇਕ ਪ੍ਰਤੀਨਿਧਤਾ ਦਾ ਸਿਧਾਂਤ (Principle of group representation in legislative assemblies) ਹੀ ਬਹੁਤ ਸਾਰੇ ਲੋਕਾਂ ਨੂੰ ਇਸ ਸਮੱਸਿਆ ਦਾ ਸੰਭਵ ਹੱਲ ਜਾਪਦਾ ਹੈ।

**2.5**.9.4. ਮਿਸ ਫੋਲੇਟ (Miss Follet) ਦਾ ਕਹਿਣਾ ਠੀਕ ਹੈ ਕਿ 'ਬਹੁਵਾਦ ਸਿਧਾਂਤ ਤੇ ਸਚਾਈ ਨੂੰ ਇੱਕ ਦੂਸਰੇ ਨਾਲ ਸੰਬੰਧਿਤ ਅਤੇ ਇਕਸੁਰ ਕਰਦਾ ਹੈ।' ਇਹ ਬਹੁਸੰਮਤੀ ਦੇ ਰਾਜ ਅਤੇ ਬਹੁਸੰਮਤੀ ਦੇ ਅਤਿਆਚਾਰ ਦਾ ਵਿਰੋਧ ਕਰਦਾ ਹੈ। ਇਹ ਸਮੂਹਿਕ ਤੇ ਸਥਾਨਿਕ ਖੁਦ-ਮੁਖਤਿਆਰੀ ਨੂੰ ਉੱਨਤ ਕਰਦਾ ਹੈ। ਇਹ ਰਾਜ ਨੂੰ 'ਪ੍ਰਬਲ ਸ਼ਕਤੀ' ਦੀ ਬਜਾਏ ਸੇਵਾਦਾਰ ਦੇ ਰੂਪ ਵਿਚ ਵੇਖਦਾ ਹੈ।

**2.5**.9.5. ਬਹੁਵਾਦ ਉਥੋਂ ਤੱਕ ਹੀ ਲਾਭਕਾਰੀ ਹੈ ਜਿੱਥੋਂ ਤੱਕ ਇਹ ਰਾਜ ਦੀ ਨੈਤਿਕ ਪ੍ਰਭੂਸੱਤਾ ਅਤੇ ਗੈਰ-ਜ਼ਿੰਮੇਵਾਰੀ ਤੋਂ ਇਨਕਾਰ ਕਰਦਾ ਹੈ ਅਤੇ ਇਸ ਗੱਲ ਤੇ ਜ਼ੋਰ ਦੇਂਦਾ ਹੈ ਕਿ ਰਾਜ ਉਤੇ ਕਾਨੂੰਨ ਅਤੇ ਨੈਤਿਕਤਾ ਦੀਆਂ ਬੰਦਸ਼ਾਂ ਲਾਗੂ ਹੁੰਦੀਆਂ ਹਨ।

**2.5**.9.6. ਇਹ ਇਸ ਪੱਖੋਂ ਵੀ ਉਪਯੋਗੀ ਹੈ ਕਿ ਇਹ ਸਮਾਜਿਕ ਸੰਗਠਨ ਦੇ ਸੰਘੀਕਰਨ ਉਤੇ ਜ਼ੋਰ ਦੇਂਦਾ

ਹੈ। ਇਸ ਨੇ ਇਹ ਦਰਸਾਇਆ ਹੈ ਕਿ ਪ੍ਰਭੂਸੱਤਾ ਦੇ ਇਕਵਾਦੀ ਸਿਧਾਂਤ ਅੰਤਰ-ਰਾਸ਼ਟਰੀ ਅਮਨ ਤੇ ਸ਼ਾਤੀ ਲਈ ਮਾਰੂ ਹੈ।

ਰਾਜ ਪ੍ਰਭੂਸੱਤਾ ਦਾ ਇਕਵਾਦੀ ਸਿਧਾਂਤ ਇਸ ਪੱਖੋਂ ਵੀ ਠੀਕ ਨਹੀਂ ਹੈ ਕਿ ਇਹ ਰਾਜ ਨੂੰ ਲੋੜ ਤੋਂ ਵੱਧ ਮਹੱਤਤਾ ਦਿੰਦਾ ਹੈ ਪਰ ਇਸ ਦੀ ਮਹੱਤਤਾ ਇਸ ਤੱਥ ਦੇ ਕਾਰਨ ਹੈ ਕਿ ਇਹ ਇਸ ਸਚਾਈ ਨੂੰ ਉਜਾਗਰ ਕਰਦਾ ਹੈ ਕਿ ਸੰਗਠਿਤ ਸਮਾਜਿਕ ਜੀਵਨ ਵਿੱਚ ਕਿਧਰੇ ਤਾਂ ਅਜਿਹੀ ਅੰਤਿਮ ਸੱਤਾ ਦਾ ਹੋਣਾ ਜ਼ਰੂਰੀ ਹੈ ਜੋ ਕਾਨੂੰਨ ਦੀ ਸਹਾਇਤਾ ਨਾਲ ਸਮਾਜਿਕ ਕੰਟਰੋਲ ਰੱਖੇ। ਅਜੋਕੇ ਸੰਸਾਰ ਵਿਚ ਅੰਤਿਮ ਕੰਟਰੋਲ ਰਾਜ ਦੇ ਹੱਥਾਂ ਵਿਚ ਹੁੰਦਾ ਹੈ। ਰਾਜ ਦਾ ਪ੍ਰਭੂਸੱਤਾਧਾਰੀ ਹੋਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਰਾਜ ਨੂੰ ਇਹ ਅਹਿਸਾਸ ਵੀ ਹੋਣਾ ਚਾਹੀਦਾ ਹੈ ਕਿ ਸਾਰੇ ਸਮਾਜਿਕ ਸੰਬੰਧਾਂ ਉੱਤੇ ਕਾਨੂੰਨੀ ਕੰਟਰੋਲ ਰੱਖਣ ਦੀ ਲੋੜ ਨਹੀਂ ਹੁੰਦੀ ਅਤੇ ਬਹੁਤ ਸਾਰੀਆਂ ਹੋਰ ਸੰਸਥਾਵਾਂ ਨੂੰ ਵੀ ਆਪਣੇ ਹਿੱਤਾਂ ਤੇ ਕਾਫੀ ਹੱਦ ਤੱਕ ਕੰਟਰੋਲ ਰੱਖਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ।

**2.5.10 ਸਾਰੰਸ਼ (Conclusion) :** ਇਸ ਪਾਠ ਵਿਚ ਅਸੀਂ ਪ੍ਰਭੂਸੱਤਾ ਸੰਬੰਧੀ ਆਸਟਿਨ ਤੇ ਬਹੁਵਾਦੀਆਂ ਦੇ ਵਿਚਾਰਾਂ ਦਾ ਅਧਿਐਨ ਕੀਤਾ ਹੈ। ਆਸਟਿਨ ਦਾ ਸਿਧਾਂਤ ਪ੍ਰਭੂਸੱਤਾ ਦਾ ਕਾਨੂੰਨੀ ਸਿਧਾਂਤ ਹੈ। ਆਸਟਿਨ ਅਨੁਸਾਰ ਪ੍ਰਭੂਸੱਤਾ ਰਾਜ ਵਿੱਚ ਕਿਸੇ ਨਿਸ਼ਚਿਤ ਸ੍ਰੇਸ਼ਟ ਵਿਅਕਤੀ ਪਾਸ ਹੁੰਦੀ ਹੈ। ਉਹ ਨਿਰੰਕੁਸ਼ ਤੇ ਅਸੀਮ ਸ਼ਕਤੀਆਂ ਦਾ ਮਾਲਕ ਹੁੰਦਾ ਹੈ। ਉਸ ਦੀ ਆਗਿਆ ਹੀ ਕਾਨੂੰਨੀ ਹੁੰਦੀ ਹੈ ਜਿਸ ਦੀ ਪਾਲਣਾ ਜਨਤਾ ਦਾ ਬਹੁਤ ਵੱਡਾ ਹਿੱਸਾ ਸੁਭਾਵਿਕ ਤੌਰ ਤੇ ਕਰਦਾ ਹੈ। ਇਸ ਦੇ ਉਲਟ ਬਹੁਵਾਦੀ ਸਿਧਾਂਤ ਤੇ ਸਮਰਥਕ ਇਹ ਕਹਿੰਦੇ ਹਨ ਕਿ ਰਾਜ ਹੀ ਇਕੱਲਾ ਪ੍ਰਭੂਸੱਤਾਧਾਰੀ ਨਹੀਂ ਹੁੰਦਾ ਤੇ ਨਾ ਹੋਣਾ ਚਾਹੀਦਾ ਹੈ। ਪ੍ਰਭੂਸੱਤਾ ਤਾਂ ਵੱਖ-ਵੱਖ ਸੰਸਥਾਵਾਂ ਵਿਚ ਵੰਡੀ ਹੁੰਦੀ ਹੈ। ਰਾਜ ਵੀ ਕਈ ਹੋਰ ਸਭਾਵਾਂ ਵਾਂਗ ਇਕ ਸਭਾ ਹੈ ਅਤੇ ਮਨੁੱਖ ਕੇਵਲ ਰਾਜ ਦਾ ਹੀ ਨਹੀਂ ਸਗੋਂ ਕਈ ਹੋਰ ਸਭਾਵਾਂ ਤੇ ਸੰਸਥਾਵਾਂ ਦਾ ਵੀ ਮੈਂਬਰ ਹੁੰਦਾ ਹੈ। ਇਸ ਨਾਤੇ ਉਸ ਦੀ ਵਫਾਦਾਰੀ ਕੇਵਲ ਰਾਜ ਪ੍ਰਤੀ ਹੀ ਨਹੀਂ ਸਗੋਂ ਕਈ ਹੋਰ ਸੰਸਥਾਵਾਂ ਤੇ ਸਭਾਵਾਂ ਪ੍ਰਤੀ ਵੀ ਹੁੰਦੀ ਹੈ। ਇਨ੍ਹਾਂ ਦੋਹਾਂ ਸਿਧਾਂਤਾਂ ਦੀ ਹੀ ਕਰੜੀ ਆਲੋਚਨਾ ਕੀਤੀ ਗਈ ਹੈ। ਆਸਟਿਨ ਦਾ ਸਿਧਾਂਤ ਰਾਜ ਨੂੰ ਨਿਰੰਕੁਸ਼ ਤੇ ਸਰਬ-ਸੱਤਾਧਾਰੀ ਬਣਾਉਂਦਾ ਹੈ ਜਿਸ ਵਿਚ ਨਾਗਰਿਕਾਂ ਤੇ ਹੋਰ ਸੰਸਥਾਵਾਂ ਦੀ ਸੁਤੰਤਰਤਾ ਸੁਰੱਖਿਅਤ ਨਹੀਂ ਰਹਿ ਸਕਦੀ। ਇਸ ਦੇ ਉਲਟ ਬਹੁਵਾਦੀ ਸਿਧਾਂਤ ਦੀ ਰਾਜ ਦੀ ਪ੍ਰਭੂਸੱਤਾ ਉਤੇ ਇਸ ਤਰ੍ਹਾਂ ਸੱਟ ਮਾਰਦਾ ਹੈ ਕਿ ਇਸ ਦਾ ਸਿੱਟਾ ਅਰਾਜਕਤਾ ਵਿਚ ਨਿਕਲ ਸਕਦਾ ਹੈ। ਸਚਾਈ ਤਾਂ ਇਹ ਹੈ ਕਿ ਰਾਜ ਦਾ ਪ੍ਰਭੂਸੱਤਾ ਧਾਰੀ ਹੋਣਾ ਜਰੂਰੀ ਹੈ ਪਰ ਨਾਲ ਹੀ ਰਾਜ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਸਮਾਜ ਵਿਚ ਮੌਜੂਦ ਹੋਰ ਬਹੁਤ ਸਾਰੀਆਂ ਸੰਸਥਾਵਾਂ ਨੂੰ ਵੀ ਆਪਣੇ ਹਿੱਤਾਂ ਤੇ ਕਾਫੀ ਹੱਦ ਤਕ ਕੰਟਰੋਲ ਰੱਖਣ ਦੀ ਇਜ਼ਾਜ਼ਤ ਦਿੱਤੀ ਜਾਣੀ ਚਾਹੀਦੀ ਹੈ।

**ਸਵੈ ਅਭਿਆਸ ਲਈ-V**

1. ਹੇਠਾਂ ਦਿੱਤੇ ਸਥਾਨ ਤੇ ਉੱਤਰ ਲਿਖੋ :
2. ਆਪਣੇ ਉੱਤਰਾਂ ਨੂੰ ਪਾਠ ਦੇ ਅੰਤ ਵਿਚ ਦਿੱਤੇ ਉੱਤਰਾਂ ਨਾਲ ਮਿਲਾਓ :

1. ਹੇਠਾਂ ਲਿਖਿਆਂ ਵਿਚੋਂ ਠੀਕ ਤੇ ਗਲਤ ਉੱਤਰ ਚੁਣੋ :
   1. ਰਾਜ ਦੂਜੀਆਂ ਸੰਸਥਾਵਾਂ ਲਈ ਵੀ ਜਰੂਰੀ ਹੈ।
   2. ਬਹੁਵਾਦ ਦੀ ਮਹੱਤਤਾ ਸਮਾਜ ਦੇ ਸੰਘੀ ਸਰੂਪ ਉਤੇ ਜ਼ੋਰ ਦੇਣ ਕਾਰਨ ਹੈ।
2. ਅਜਿਹੇ ਚਾਰ ਕਾਰਨਾਂ ਦੀ ਚਰਚਾ ਕਰੋ ਜਿਹਨਾਂ ਕਰਕੇ ਬਹੁਵਾਦ ਦੀ ਆਲੋਚਨਾ ਕੀਤੀ ਜਾਂਦੀ ਹੈ।

   ..............................................................

   ..............................................................

   ..............................................................

   ..............................................................
3. ਚਾਰ ਅਜਿਹੇ ਨੁਕਤਿਆਂ ਦਾ ਵਰਣਨ ਕਰੋ ਜਿਹਨਾਂ ਕਾਰਨ ਪ੍ਰਭੂਸੱਤਾ ਦੇ ਬਹੁਵਾਦੀ ਸਿਧਾਂਤ ਦਾ ਮਹੱਤਵ ਹੈ :

.................................................................

.................................................................

.................................................................

.................................................................

### 2.5.11 ਕੁੱਝ ਮਹੱਤਵਪੂਰਨ ਸ਼ਬਦ (ਪਾਠ ਨੰ.10 ਅਤੇ 11 ਵਿਚੋਂ)

ਸੰਵਿਧਾਨਿਕ ਸਰਕਾਰ : ਅਜਿਹੀ ਸਰਕਾਰ ਜਿਸਦੀ ਸ਼ਕਤੀ ਸੰਵਿਧਾਨ ਦੁਆਰਾ ਸੀਮਿਤ ਹੈ ਤੇ ਜੋ ਸੰਵਿਧਾਨ ਅਨੁਸਾਰ ਹੀ ਕਾਰਜ ਕਰਦੀ ਹੈ।

ਪ੍ਰਭੂਸੱਤਾ : ਉਹ ਸਰਬਉੱਚ ਸ਼ਕਤੀ ਜੋ ਹੁਕਮ ਦੇ ਸਕਦੀ ਹੈ ਤੇ ਮੰਨਵਾ ਸਕਦੀ ਹੈ।

ਵਾਸਤਵਿਕ ਪ੍ਰਭੂਸੱਤਾ (De facto Sovereignty) : ਕਿਸੇ ਵਿਅਕਤੀ ਜਾਂ ਸੰਸਥਾ ਦੁਆਰਾ ਪ੍ਰਭੂਸੱਤਾ ਦੀ ਅਸਲੀ ਵਰਤੋਂ, ਜੋ ਭਾਵੇਂ ਕਾਨੂੰਨੀ ਨਾ ਹੋਵੇ।

ਕਾਨੂੰਨੀ ਪ੍ਰਭੂਸੱਤਾ (De jure Sovereignty) : ਪ੍ਰਭੂਸੱਤਾ ਦਾ ਕਾਨੂੰਨੀ ਅਧਿਕਾਰ, ਕਾਨੂੰਨ ਅਨੁਸਾਰ ਪ੍ਰਭੂਸੱਤਾ ਦੀ ਵਰਤੋਂ।

ਪ੍ਰਭੂਸੱਤਾ ਦਾ ਇਕਵਾਦੀ ਸਿਧਾਂਤ (Monistic) : ਇਸ ਸਿਧਾਂਤ ਜਿਸ ਅਨੁਸਾਰ ਸਰਬ ਉੱਚ ਸ਼ਕਤੀ ਇਕ ਅਜਿਹੀ ਕੇਂਦਰੀ ਸੱਤਾ ਵਿਚ ਨਿਹਿਤ ਹੈ, ਜਿਸ ਕੋਲ ਕਾਨੂੰਨ ਬਣਾਉਣ ਦਾ ਅਧਿਕਾਰ ਹੈ।

ਬਹੁਵਾਦ (Pluralism) : ਪ੍ਰਭੂਸੱਤਾ ਦੇ ਇਕਵਾਦੀ ਸਿਧਾਂਤ ਦੇ ਪ੍ਰਤੀਕਰਮ ਵਜੋਂ ਹੋਂਦ ਵਿੱਚ ਆਇਆ ਉਹ ਸਿਧਾਂਤ ਜਿਹੜਾ ਸਮੂਹਾਂ ਦੇ ਅਧਿਕਾਰ ਨੂੰ ਮਾਨਤਾ ਦਿੰਦਾ ਹੈ ਤੇ ਇਸ ਤਰ੍ਹਾਂ ਰਾਜ ਦੀ ਅਸੀਮ ਸੱਤਾ ਉੱਤੇ ਬੰਧਨ ਲਗਾਉਣ ਦਾ ਯਤਨ ਕਰਦਾ ਹੈ।

**ਸਾਮੰਤਵਾਦ :** ਉਹ ਸ਼ਾਸਨ ਵਿਵਸਥਾ, ਜਿਸ ਅਧੀਨ ਰਾਜ ਅਨੇਕਾਂ ਖੇਤਰਾਂ ਵਿਚ ਵੰਡਿਆ ਸੀ ਤੇ ਹਰ ਖੇਤਰ ਇਕ ਅਜਿਹੇ ਸਾਮੰਤ ਦੇ ਅਧੀਨ ਸੀ ਜੋ ਆਪਣੇ ਵਿਚ ਸੁਤੰਤਰ ਅਤੇ ਸਰਬ ਉੱਚ ਸੱਤਾ ਦਾ ਮਾਲਕ ਸੀ।

### 2.5.12 ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ

### ਸਵੈ ਅਭਿਆਸ ਨੰ. : I

1. ਪ੍ਰਭੂਸੱਤਾ ਬਾਰੇ ਆਸਟਿਨ ਦੇ ਵਿਚਾਰਾਂ ਦਾ ਆਧਾਰ ਕਾਨੂੰਨ ਦੀ ਪ੍ਰਕ੍ਰਿਤੀ ਸੰਬੰਧੀ ਉਸ ਦੇ (ਆਸਟਿਨ) ਵਿਚਾਰ ਹਨ। ਉਸ ਅਨੁਸਾਰ 'ਕਾਨੂੰਨ ਤਕੜੇ ਦੇ ਰਾਹੀਂ ਮਾੜੇ ਨੂੰ ਦਿੱਤਾ ਗਿਆ ਆਦੇਸ਼ ਹੈ।' ਇਸੇ ਧਾਰਨਾ ਨੂੰ ਆਧਾਰ ਬਣਾ ਕੇ ਆਸਟਿਨ ਨੇ ਆਪਣੇ ਪ੍ਰਭੂਸੱਤਾ ਸੰਬੰਧੀ ਵਿਚਾਰਾਂ ਨੂੰ ਵਿਕਸਿਤ ਕੀਤਾ ਹੈ।
2. ਆਸਟਿਨ ਦੁਆਰਾ ਦਿੱਤੀ ਗਈ ਪ੍ਰਭੂਸੱਤਾ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ, 'ਜੇ ਇਕ ਨਿਸ਼ਚਿਤ ਸ੍ਰੇਸ਼ਟ ਵਿਅਕਤੀ, ਜੋ ਆਪਣੇ ਵਰਗੇ ਕਿਸੇ ਹੋਰ ਸ੍ਰੇਸ਼ਟ ਵਿਅਕਤੀ ਦੀ ਆਗਿਆ ਦਾ ਪਾਲਣ ਨਾ ਕਰਦਾ ਹੋਵੇ ਅਤੇ ਜਿਸਦੀ ਆਗਿਆ ਦਾ ਪਾਲਣ ਸਮਾਜ ਦਾ ਵਡੇਰਾ ਭਾਗ ਸੁਭਾਵਿਕ ਰੂਪ ਵਿੱਚ ਕਰਦਾ ਹੋਵੇ ਤਾਂ ਉਹ ਨਿਸ਼ਚਿਤ ਸ੍ਰੇਸ਼ਟ ਵਿਅਕਤੀ ਉਸ ਸਮਾਜ ਵਿੱਚ ਪ੍ਰਭੂ ਹੈ ਅਤੇ ਉਹ ਸ੍ਰੇਸ਼ਟ ਸਮਾਜ ਸਮੇਤ ਉਸ ਸ੍ਰੇਸ਼ਟ ਵਿਅਕਤੀ ਦੇ, ਇਕ ਰਾਜਨੀਤਿਕ ਅਤੇ ਸੁਤੰਤਰ ਸਮਾਜ।' ਆਸਟਿਨ ਅੱਗੇ ਚੱਲ ਕੇ ਆਖਦਾ ਹੈ ਕਿ, ਸ੍ਰੇਸ਼ਟ ਵਿਅਕਤੀ ਸਾਹਮਣੇ ਉਸ ਸਮਾਜ ਦੇ ਹੋਰ ਬੰਦਿਆਂ ਦੀ ਸਥਿਤੀ ਅਧੀਨਤਾ ਵਾਲੀ ਹੁੰਦੀ ਹੈ ਅਤੇ ਉਸ ਸ੍ਰੇਸ਼ਟ ਵਿਅਕਤੀ ਤੇ ਸਮਾਜ ਦੇ ਹੋਰ ਬੰਦਿਆਂ ਵਿਚਾਲੇ ਜੋ ਆਪਸੀ ਸੰਬੰਧ ਹੁੰਦੇ ਹਨ ਉਹ ਰਾਜਾ ਤੇ ਪਰਜਾ ਵਾਲੇ ਜਾਂ ਪ੍ਰਭੂਸੱਤਾ ਅਤੇ ਅਧੀਨਤਾ ਦੇ ਸੰਬੰਧ ਆਖੇ ਜਾ ਸਕਦੇ ਹਨ।
3. ਲੈਕਚਰਜ ਆਨ ਜੁਰਿਸਪਰੂਡੈਂਸ
4. ਤੁਸੀਂ ਕੋਈ ਚਾਰ ਲੱਛਣ ਦੇ ਸਕਦੇ ਹੋ ਜਿਵੇਂ :
    1. ਪ੍ਰਭੂਸੱਤਾਧਾਰੀ ਕੋਈ ਨਿਸ਼ਚਿਤ ਸ੍ਰੇਸ਼ਟ ਵਿਅਕਤੀ ਹੁੰਦਾ ਹੈ।

2. ਪ੍ਰਭੂ ਨਿਰੰਕੁਸ਼ ਅਤੇ ਅਸੀਮ ਸ਼ਕਤੀਆਂ ਦਾ ਮਾਲਕ ਹੁੰਦਾ ਹੈ।
3. ਪ੍ਰਭੂ ਦੀ ਆਗਿਆ ਕਾਨੂੰਨੀ ਹੈ।
4. ਪ੍ਰਭੂਸੱਤਾ ਅਖੰਡ ਹੁੰਦੀ ਹੈ।

**ਸਵੈ ਅਭਿਆਸ ਨੰ: II**

1. (1) ਠੀਕ (2) ਗਲਤ (3) ਠੀਕ (4) ਠੀਕ
2. (1) ਲੋਕ ਇੱਛਾ (2) ਹੈਨਰੀਮੈਨ (3) ਬਹੁਵਾਦੀਆਂ (4) ਕਾਨੂੰਨੀ ਜਾਂ ਏਕਤਾਵਾਦੀ (5) ਬੋਦਿਨ, ਗਰੋਸੀਅਸ ਅਤੇ ਹਾਬਜ਼

**ਸਵੈ ਅਭਿਆਸ ਨੰ: III**

1. ਬਹੁਵਾਦ ਪ੍ਰਭੂਸੱਤਾ ਦੇ ਏਕਤਾਵਾਦੀ ਸਿਧਾਂਤ ਦੇ ਪ੍ਰਤੀਕਰਮ ਵਜੋਂ ਹੋਂਦ ਵਿਚ ਆਇਆ ਉਹ ਸਿਧਾਂਤ ਹੈ ਜਿਸਨੇ ਸਮਰਥਕਾਂ ਦਾ ਇਹ ਮੱਤ ਹੈ ਕਿ ਰਾਜ ਹੀ ਸ਼ਕਤੀ ਦਾ ਇਕੋ-ਇਕ ਧਾਰਨੀ ਅਤੇ ਨਾਗਰਿਕਾਂ ਦੀ ਵਫਾਦਾਰੀ ਦਾ ਇਕੋ ਇੱਕ ਕੇਂਦਰ ਨਹੀਂ ਹੁੰਦਾ। ਸਮਾਜ ਵਿਚ ਅਨੇਕਾਂ ਹੋਰ ਵੀ ਅਜਿਹੀਆਂ ਸੰਸਥਾਵਾਂ ਹਨ, ਜੋ ਵਿਅਕਤੀ ਦੇ ਸਰਬਪੱਖੀ ਵਿਕਾਸ ਲਈ ਉਨੀਆਂ ਹੀ ਮਹੱਤਵਪੂਰਨ ਹਨ ਜਿਨ੍ਹਾਂ ਕਿ ਰਾਜ, ਇਸ ਲਈ ਰਾਜ ਨੂੰ ਪ੍ਰਭੂਸੱਤਾ ਸਮਾਜ ਵਿਚਲੀਆਂ ਇਹਨਾਂ ਸੰਸਥਾਵਾਂ ਨਾਲ ਵੰਡ ਕੇ ਵਰਤਣੀ ਚਾਹੀਦੀ ਹੈ। ਉਹਨਾਂ ਦਾ ਮੱਤ ਹੈ ਕਿ ਸਮਾਜ ਵਾਂਗ ਸ਼ਕਤੀ ਵੀ ਸੰਘਾਤਮਕ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਬਹੁਵਾਦੀ ਰਾਜ ਦਾ ਨਹੀਂ, ਸਗੋਂ ਪ੍ਰਭੂਸੱਤਾ ਉਤੇ ਇਸਦੇ ਇਕਮਾਤਰ ਅਧਿਕਾਰ ਦਾ ਵਿਰੋਧ ਕਰਦੇ ਹਨ ਅਤੇ ਰਾਜ ਨੂੰ ਇਸਦੇ ਸਤਿਕਾਰਯੋਗ ਸਥਾਨ ਤੋਂ ਥੱਲੇ ਖਿੱਚ ਕੇ ਸੇਵਕ ਦੇ ਸਥਾਨ ਤੇ ਲਿਆਉਣ ਦੇ ਚਾਹਵਾਨ।
2. ਤੁਸੀਂ ਕੋਈ ਚਾਰ ਲੱਛਣ ਲਿਖ ਸਕਦੇ ਹੋ ਜਿਵੇਂ :
   (ੳ) ਪ੍ਰਭੂਸੱਤਾ ਤੇ ਰਾਜ ਦਾ ਇਕਮਾਤਰ ਅਧਿਕਾਰ ਨਹੀਂ।
   (ਅ) ਰਾਜ ਵਿਅਕਤੀ ਦੀ ਪੂਰਨ ਤੇ ਅਵੰਡ ਵਫਾਦਾਰੀ ਦਾ ਦਾਅਵਾ ਨਹੀਂ ਕਰ ਸਕਦਾ।
   (ੲ) ਰਾਜ ਦੀ ਅਸੀਮ ਸ਼ਕਤੀ ਦੇ ਵਿਰੁੱਧ ਹੋਣ ਦੇ ਬਾਵਜੂਦ ਵੀ ਬਹੁਵਾਦੀ ਵਿਅਕਤੀ ਦੀ ਅਰੋਕ ਤੇ ਅਸੀਮ ਸੁਤੰਤਰ ਦੇ ਸਮਰਥਕ ਨਹੀਂ
   (ਸ) ਵਿਅਕਤੀਵਾਦੀਆਂ ਦੁਆਰਾ ਰਾਜ ਦੀ ਨਿਰੰਕੁਸ਼ ਪ੍ਰਭੂਸੱਤਾ ਤੇ ਕੇਂਦਰੀਕਰਨ ਦੀ ਵਿਰੋਧਤਾ ਅਤੇ ਵਿਅਕਤੀ ਦੀ ਸੁਤੰਤਰਤਾ ਤੇ ਜ਼ੋਰ ਦਿੱਤਾ ਗਿਆ ਹੈ।
3. ਬਹੁਵਾਦ ਦੇ ਚਾਰ ਮੁੱਖ ਸਮਰਥਕ ਹਨ-ਲਾਸਕੀ, ਡੁਗੁਈ, ਜੀ. ਡੀ. ਐਚ. ਕੋਲ ਅਤੇ ਗਿਰਕੇ (ਹੋਰ ਵੀ ਅਨੇਕਾਂ ਹਨ, ਤੁਸੀਂ ਕੋਈ ਵੀ ਲਿਖ ਸਕਦੇ ਹੋ)
4. (i) ਮੱਧਯੁੱਗ (ii) ਨਿਰੰਕੁਸ਼ ਤੇ ਪ੍ਰਭੂਸੱਤਾਧਾਰੀ (iii) ਮਾਨਤਾਵਾਂ

**ਸਵੈ ਅਭਿਆਸ-IV**

1. (ੳ) ਠੀਕ (ਅ) ਠੀਕ

ਤੁਸੀਂ ਕੋਈ ਵੀ ਚਾਰ ਕਾਰਨ ਲੈ ਸਕਦੇ ਹੋ ਜਿਵੇਂ :

   (ੳ) ਬਹੁਵਾਦ ਅਰਾਜਕਤਾ ਫੈਲਾਉਂਦਾ ਹੈ।
   (ਅ) ਇਹ ਦੇਸ਼ ਭਗਤੀ ਲਈ ਮਾਰੂ ਹੈ।
   (ੲ) ਰਾਜ ਵਿਆਪਕ ਲੋੜਾਂ ਪੂਰੀਆਂ ਕਰਦਾ ਹੈ, ਇਸ ਲਈ ਸੰਸਥਾਵਾਂ ਤੋਂ ਵੱਖਰਾ ਹੈ।
   (ਸ) ਰਾਜ ਸੰਸਥਾਵਾਂ ਲਈ ਵੀ ਜਰੂਰੀ ਹੈ।

2. ਬਹੁਵਾਦ ਦੇ ਸਿਧਾਂਤ ਦਾ ਮਹੱਤਵ
   (ੳ) ਨਿਰੰਕੁਸ਼ ਤੇ ਸਰਬਸ਼ਕਤੀਮਾਨ ਰਾਜ ਵਿਰੁੱਧ ਆਵਾਜ਼ ਉਠਾਉਣ ਕਾਰਨ ਬਹੁਵਾਦ ਦੀ ਮਹੱਤਤਾ ਹੈ।
   (ਅ) ਇਸ ਸਿਧਾਂਤ ਨੇ ਗੈਰ-ਰਾਜਨੀਤਿਕ ਸਮੂਹਾਂ ਤੇ ਸੰਸਥਾਵਾਂ ਦੀ ਮਹੱਤਤਾ ਵੱਲ ਸੰਕੇਤ ਕੀਤਾ।

(ੲ) ਸਮਾਜ ਦੇ ਸੰਘੀ ਸਰੂਪ ਉਤੇ ਜ਼ੋਰ ਦਿੱਤਾ।

(ਸ) ਇਸ ਸਿਧਾਂਤ ਨੇ ਇਹ ਵੀ ਦਰਸਾਇਆ ਕਿ ਪ੍ਰਭੂਸੱਤਾ ਦਾ ਇਕਵਾਦੀ ਸਿਧਾਂਤ ਅੰਤਰ-ਰਾਸ਼ਟਰੀ ਅਮਨ ਤੇ ਸ਼ਾਂਤੀ ਲਈ ਮਾਰੂ ਹੈ।

**2.5.13 ਸੁਝਾਈਆਂ ਪੁਸਤਕਾਂ :**

1. J.S. Badyal - 'Political Theory' - (Punjabi)
2. Eddy Asirvathan - 'Political Theory'
3. A.C. Kapoor-Principles of Political Science
4. J.C. Johari : Principles of Political Theory.
5. Andrew Heywood : Politics
6. www.wikipedia.org
7. www.cup.com

Type Setting:
Department of Distance Education, Punjabi University, Patiala.(H.S)